
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 20
August 23, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਫਰਿਜ਼ਨੋ 'ਚ ਹੋਵੇਗਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਪਾਰਕ ਦਾ ਨਾਂ।
**(ਰਿਪੋਰਟ ਦੇਖੋ ਸਫਾ 15 'ਤੇ)**



ਐਲਕ ਗਰੋਵ ਦੀਆਂ ਤੀਆਂ ਦੇ ਮੇਲੇ ਦੌਰਾਨ ਮੇਅਰ ਸਟੀਵ ਲੀ ਮੁੱਖ ਮਹਿਮਾਨ ਸ੍ਰੀਮਤੀ ਪ੍ਰੀਤੋ ਰਾਮ ਜੀ ਨੂੰ ਸਨਮਾਨਿਤ ਕਰਦੇ ਹੋਏ। **(ਰਿਪੋਰਟ ਦੇਖੋ ਸਫਾ 11 'ਤੇ)**

# ਪੰਜਾਬ ਤੇ ਹਰਿਆਣਾ ਫੌਜੀ ਛਾਉਣੀ ਵਿਚ ਤਬਦੀਲ

## ਡੇਰਾ ਮੁਖੀ ਬਾਰੇ ਫ਼ੈਸਲੇ ਕਾਰਨ ਸਖ਼ਤ ਚੌਕਸੀ, ਪੰਜਾਬ 'ਚ 75 ਕੰਪਨੀਆਂ ਤਾਇਨਾਤ; ਹਰਿਆਣਾ 'ਚ ਧਾਰਾ 144 ਲਾਗੂ

**ਚੰਡੀਗੜ੍ਹ (ਬਿਊਰੋ)-** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਬਲਾਤਕਾਰ ਕੇਸ ਵਿੱਚ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ 25 ਅਗਸਤ ਨੂੰ ਸੁਣਾਏ ਜਾਣ ਵਾਲੇ ਫੈਸਲੇ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿੱਚ ਚੌਕਸੀ ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ। ਦੋਵੇਂ ਸੂਬਿਆਂ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਨੀਮ ਫੌਜੀ ਬਲਾਂ ਤੇ ਪੁਲੀਸ ਵੱਲੋਂ ਫਲੈਗ ਮਾਰਚ ਕੀਤਾ ਗਿਆ। ਹਰਿਆਣਾ 'ਚ ਧਾਰਾ 144 ਲਗਾ ਦਿੱਤੀ ਹੈ। ਪੰਜਾਬ 'ਚ ਨੀਮ ਫੌਜੀ ਬਲਾਂ ਦੀਆਂ 75 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ ਅਤੇ ਕੁਝ ਹੋਰ



ਕੰਪਨੀਆਂ ਦੇ ਜਲਦੀ ਪਹੁੰਚਣ ਦੀ ਸੰਭਾਵਨਾ ਹੈ। ਪੇਸ਼ੀ ਤੋਂ ਤਿੰਨ ਦਿਨ ਪਹਿਲਾਂ ਅੱਜ ਸ਼ਾਮ ਤਕ ਪੰਚਕੂਲਾ 'ਚ 15-20 ਹਜ਼ਾਰ ਡੇਰਾ ਪ੍ਰੇਮੀ ਪਹੁੰਚ ਗਏ ਹਨ, ਜਿਸ ਨਾਲ ਹਰਿਆਣਾ ਪੁਲੀਸ ਦੀ ਸਿਰਦਰਦੀ ਵੱਧ ਗਈ ਹੈ ਅਤੇ ਧਾਰਾ 144 ਦਾ ਅਸਰ ਵੀ ਮੱਧਮ ਪੈਂਦਾ ਲੱਗ ਰਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਵੀ ਹਾਲਤ 'ਚ ਅਮਨ ਕਾਨੂੰਨ ਦੀ ਸਥਿਤੀ ਭੰਗ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਾਨੂੰਨ ਤੋੜਨ ਉਤੇ ਸਖ਼ਤ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਮੁੱਖ
**(ਬਾਕੀ ਸਫਾ 5 'ਤੇ)**

# ਦਹਿਸ਼ਤਗਰਦੀ ਨੂੰ ਸ਼ਹਿ ਦੇਣ ਵਾਲੇ ਪਾਕਿਸਤਾਨ ਨੂੰ ਟਰੰਪ ਦੀ ਚਿਤਾਵਨੀ

**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਸਦਰ ਡੋਨਲਡ ਟਰੰਪ ਨੇ ਅਫ਼ਗਾਨਿਸਤਾਨ ਵਿੱਚੋਂ ਅਮਰੀਕੀ ਫ਼ੌਜਾਂ ਨੂੰ ਜਲਦਬਾਜ਼ੀ ਵਿੱਚ ਕੱਢੇ ਜਾਣ ਦੀ ਸੰਭਾਵਨਾ ਨੂੰ ਨਕਾਰਦਿਆਂ ਪਾਕਿਸਤਾਨ ਨੂੰ ਦਹਿਸ਼ਤਗਰਦਾਂ ਦੀ ਪੁਸ਼ਤਪਨਾਹੀ ਖ਼ਿਲਾਫ਼ ਸਖ਼ਤ ਚੇਤਾਵਨੀ ਦਿੱਤੀ। ਉਨ੍ਹਾਂ ਜੰਗ ਮਾਰੇ ਮੁਲਕ ਅਫ਼ਗਾਨਿਸਤਾਨ ਵਿੱਚ ਭਾਰਤ ਦੇ ਵਡੇਰੇ ਰੋਲ ਦੀ ਵੀ ਉਮੀਦ ਜ਼ਾਹਰ ਕੀਤੀ।

ਮੁਲਕ ਦੀਆਂ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਵਜੋਂ ਟੈਲੀਵਿਜ਼ਨ ਉਤੇ ਕੌਮ ਦੇ ਨਾਂ ਸੰਬੋਧਨ



ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਅਫ਼ਗਾਨਿਸਤਾਨ ਤੇ ਦੱਖਣੀ ਏਸ਼ੀਆ ਵਿੱਚ ਅਮਰੀਕੀ ਰਣਨੀਤੀ ਦੀ 'ਵਿਆਪਕ ਨਜ਼ਰਸਾਨੀ' ਕੀਤੀ ਹੈ। ਹੁਣ ਅਮਰੀਕੀ ਫ਼ੌਜਾਂ ਖ਼ਿੱਤੇ ਵਿੱਚੋਂ ਜਲਦਬਾਜ਼ੀ 'ਚ ਨਿਕਲਣ ਦੀ ਥਾਂ 16 ਸਾਲਾਂ ਤੋਂ ਜਾਰੀ ਇਸ ਜੰਗ ਨੂੰ 'ਜਿੱਤਣ ਲਈ' ਡਟੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਇਸ ਨੀਤੀ ਤਹਿਤ ਅਮਰੀਕਾ ਨੇ 'ਆਪਣੇ ਸਾਰੇ ਦੁਸ਼ਮਣਾਂ' ਆਈਐਸ, ਅਲ-ਕਾਇਦਾ ਤੇ ਤਾਲਿਬਾਨ ਨੂੰ ਜੜ੍ਹੋਂ ਪੁੱਟ ਸੁੱਟਣ ਦਾ
**(ਬਾਕੀ ਸਫਾ 5 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823




BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



Jasvinder Sandhu
ਸੈਕਰਾਮੈਂਟੋ, ਰੋਜ਼ਵਿਲ,
ਰਾਕਲਿੱਨ, ਨਟੋਮਸ ਆਦਿ
ਇਲਾਕਿਆਂ ਵਿਚ ਰਿਹਾਇਸੀ
ਅਤੇ ਵਪਾਰਕ ਸੰਪਤੀਆਂ ਖਰੀਦਣ
ਅਤੇ ਵੇਚਣ ਲਈ ਸੰਪਰਕ ਕਰੋ।
ਅਸੀਂ ਲੋਨ ਰੀ-ਫਾਇਨਾਂਸ ਲਈ
ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Home Smart Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com

Jasvinder Sandhu



SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RE/MAX
Shaan Nijjar
(916) 751-8852 Realtor® CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸੁਪਰੀਮ ਕੋਰਟ ਨੇ ਤੀਹਰੇ ਤਲਾਕ ਦੀ ਪ੍ਰਥਾ ਗ਼ੈਰਸੰਵਿਧਾਨਕ ਕਰਾਰ ਦਿੱਤੀ

**ਨਵੀਂ ਦਿੱਲੀ-** ਭਾਰਤੀ ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਵਿੱਚ ਮੁਸਲਿਮ ਭਾਈਚਾਰੇ ਦੀ 1400 ਸਾਲਾਂ ਤੋਂ ਜਾਰੀ 'ਤੀਹਰੇ ਤਲਾਕ' ਦੀ ਪ੍ਰਥਾ ਨੂੰ ਗ਼ੈਰਸੰਵਿਧਾਨਕ ਕਰਾਰ ਦੇ ਦਿੱਤਾ। ਚੀਫ ਜਸਟਿਸ (ਸੀਜੇਆਈ) ਜੇ.ਐਸ. ਖੇਹਰ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੇ 3:2 ਦੇ ਬਹੁਮਤ ਨਾਲ ਸੁਣਾਏ ਫ਼ੈਸਲੇ ਤਹਿਤ ਇਸ ਪ੍ਰਥਾ ਨੂੰ ਕੁਰਾਨ ਸ਼ਰੀਫ਼ ਅਤੇ ਇਸਲਾਮੀ ਕਾਨੂੰਨ ਸ਼ਰੀਅਤ ਦੀ ਖ਼ਿਲਾਫ਼ਵਰਜ਼ੀ ਕਰਾਰ ਦਿੱਤਾ। ਫ਼ੈਸਲੇ ਦਾ ਵੱਖ-ਵੱਖ ਸਿਆਸੀ ਹਸਤੀਆਂ ਤੇ ਪਾਰਟੀਆਂ, ਕਾਨੂੰਨੀ ਮਾਹਿਰਾਂ, ਸਮਾਜਿਕ ਕਾਰਕੁਨਾਂ ਅਤੇ ਪਟੀਸ਼ਨਰਾਂ ਨੇ ਜ਼ੋਰਦਾਰ ਸਵਾਗਤ ਕੀਤਾ ਹੈ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਇਸ ਸਬੰਧੀ ਆਪਣੀ ਰਣਨੀਤੀ 10 ਸਤੰਬਰ ਨੂੰ ਉਲੀਕੇਗਾ।

ਇਸ ਤਹਿਤ ਹੁਣ ਕੋਈ ਵੀ ਮੁਸਲਮਾਨ ਆਪਣੀ ਪਤਨੀ ਨੂੰ ਤਿੰਨ ਵਾਰ 'ਤਲਾਕ-ਤਲਾਕ-ਤਲਾਕ' ਆਖ ਕੇ ਫੌਰੀ ਨਿਕਾਹ ਨਹੀ ਤੋੜ ਸਕੇਗਾ। ਸੁਪਰੀਮ ਕੋਰਟ ਨੇ ਬਹੁਮਤ ਫ਼ੈਸਲੇ ਦੇ ਆਧਾਰ 'ਤੇ ਆਪਣੇ ਇਕ ਫ਼ਿਕਰੇ ਦੇ ਹੁਕਮ ਵਿੱਚ ਕਿਹਾ: "3:2 ਦੇ ਬਹੁਮਤ ਵੱਲੋਂ ਦਰਜ ਕੀਤੇ ਵੱਖੋ-ਵੱਖ ਵਿਚਾਰਾਂ ਦੇ ਮੱਦੇਨਜ਼ਰ 'ਤਲਾਕ-ਏ-ਬਿੱਦਤ' ਦੀ ਰਵਾਇਤ- ਤੀਹਰੇ ਤਲਾਕ ਨੂੰ ਖ਼ਾਰਜ ਕੀਤਾ ਜਾਂਦਾ ਹੈ।'' ਬਹੁਮਤ ਜੱਜਾਂ ਜਸਟਿਸ ਕੁਰੀਅਨ ਜੋਸਫ, ਜਸਟਿਸ ਆਰ.ਐਫ਼. ਨਾਰੀਮਨ ਅਤੇ ਜਸਟਿਸ ਯੂ.ਯੂ. ਲਲਿਤ ਲਈ 395 ਸਫ਼ਿਆਂ ਦੇ ਤਿੰਨ ਵੱਖ-ਵੱਖ ਫ਼ੈਸਲੇ ਜਸਟਿਸ ਜੋਸਫ ਤੇ ਜਸਟਿਸ ਨਾਰੀਮਨ ਨੇ ਲਿਖੇ। ਬੈਂਚ ਦੀ ਅਗਵਾਈ ਕਰ ਰਹੇ ਚੀਫ ਜਸਟਿਸ ਖੇਹਰ ਤੇ ਜਸਟਿਸ ਐਸ.ਏ. ਨਜ਼ੀਰ ਨੇ ਘੱਟ-ਗਿਣਤੀ ਫ਼ੈਸਲਾ ਲਿਖਿਆ, ਜਿਸ ਵਿੱਚ ਕਿਹਾ ਗਿਆ ਹੈ ਕਿ 'ਤੀਹਰਾ ਤਲਾਕ' ਧਾਰਮਿਕ ਰਵਾਇਤ ਦਾ ਹਿੱਸਾ ਹੈ ਅਤੇ ਸਰਕਾਰ ਨੂੰ ਇਸ ਮਾਮਲੇ ਵਿੱਚ ਦਖ਼ਲ ਦਿੰਦਿਆਂ ਕਾਨੂੰਨ ਬਣਾਉਣਾ ਚਾਹੀਦਾ ਹੈ, ਜਿਸ ਨੂੰ ਬਹੁਗਿਣਤੀ ਫ਼ੈਸਲੇ ਨੇ ਨਾਮਨਜ਼ੂਰ ਕਰ ਦਿੱਤਾ। ਬਹੁਮਤ ਫ਼ੈਸਲੇ ਵਿੱਚ ਜਸਟਿਸ ਕੁਰੀਅਨ ਨੇ ਲਿਖਿਆ ਹੈ: "ਮੇਰੇ ਲਈ ਸੀ-ਜੇਆਈ ਨਾਲ ਸਹਿਮਤ ਹੋਣਾ ਬਹੁਤ ਮੁਸ਼ਕਲ ਹੈ ਕਿ ਤੀਹਰੇ ਤਲਾਕ ਦੀ ਪ੍ਰਥਾ ਨੂੰ ਧਾਰਮਿਕ ਭਾਈਚਾਰੇ ਦਾ ਅਨਿੱਖੜਵਾਂ ਅੰਗ ਮੰਨਿਆ ਜਾਵੇ ਅਤੇ ਇਹ ਉਨ੍ਹਾਂ ਦੇ ਪਰਸਨਲ ਲਾਅ ਦਾ ਹਿੱਸਾ ਹੈ।'' ਪਾਕਿ ਕੁਰਾਨ ਦੀਆਂ ਆਇਤਾਂ ਦੇ ਹਵਾਲੇ ਨਾਲ ਜਸਟਿਸ ਜੋਸਫ ਨੇ ਕਿਹਾ, "ਤਲਾਕ ਦੇ ਮਾਮਲੇ ਵਿੱਚ ਪੂਰੀ ਸਪਸ਼ਟਤਾ ਹੈ, ਕੋਈ ਦੋਚਿੱਤੀ ਨਹੀਂ। ਪਾਕਿ ਕੁਰਾਨ ਨੇ ਵਿਆਹ ਨੂੰ ਪਵਿੱਤਰਤਾ ਤੇ ਸਥਾਈਪਣ ਬਖ਼ਸ਼ਿਆ ਹੈ। ਪਰ ਬਹੁਤ ਹੀ ਨਾ ਬਰਦਾਸ਼ਯੋਗ ਹਾਲਾਤ ਵਿੱਚ ਤਲਾਕ ਦੀ ਇਜਾਜ਼ਤ ਹੈ।'' ਉਨ੍ਹਾਂ ਇਸ ਸਬੰਧੀ ਇਸਲਾਮੀ ਕਾਨੂੰਨ ਦੇ ਚਾਰ ਸਰੋਤਾਂ- ਕੁਰਾਨ, ਹਦੀਸ, ਇਜਮਾ ਤੇ ਕਿਯਾਸ ਦਾ ਹਵਾਲਾ ਦਿੱਤਾ ਹੈ। ਦੂਜੇ ਪਾਸੇ ਘੱਟਗਿਣਤੀ ਫ਼ੈਸਲੇ ਵਿੱਚ ਕਿਹਾ ਗਿਆ ਹੈ ਕਿ ਤੀਹਰਾ ਤਲਾਕ ਇਸਲਾਮੀ ਮਜ਼ਹਬ ਤੇ ਅਕੀਦੇ ਦਾ ਅਨਿੱਖੜਵਾਂ ਅੰਗ ਹੈ ਤੇ ਇਸ ਨੂੰ ਗ਼ੈਰਸੰਵਿਧਾਨਿਕ ਨਹੀਂ ਐਲਾਨਿਆ ਜਾ ਸਕਦਾ। ਇਸ 'ਲਿੰਗੀ ਵਿਤਕਰੇ' ਵਾਲੀ ਰਵਾਇਤ ਨੂੰ ਕਾਨੂੰਨ ਬਣਾ ਕੇ ਖ਼ਤਮ ਕੀਤਾ ਜਾ ਸਕਦਾ ਹੈ। ਜਸਟਿਸ ਖੇਹਰ ਤੇ ਜਸਟਿਸ ਨਜ਼ੀਰ ਨੇ ਆਪਣੇ 272 ਸਫ਼ਿਆਂ ਦੇ ਘੱਟਗਿਣਤੀ ਫ਼ੈਸਲੇ ਰਾਹੀਂ ਸਰਕਾਰ ਨੂੰ ਹਦਾਇਤ ਦਿੱਤੀ ਕਿ ਉਹ ਮੁਸਲਿਮ ਪਰਸਨਲ ਲਾਅ 'ਸ਼ਰੀਅਤ' ਵਿੱਚ ਹੋਰ ਮੁਲਕਾਂ 'ਚ ਕੀਤੀਆਂ ਗਈਆਂ ਸੋਧਾਂ ਦੇ ਆਧਾਰ ਉਤੇ ਇਸ ਮਾਮਲੇ ਵਿੱਚ ਛੇ ਮਹੀਨਿਆਂ ਦੌਰਾਨ ਕਾਨੂੰਨ ਬਣਾਵੇ ਤੇ ਕਾਨੂੰਨ ਬਣਨ ਤੱਕ ਇਹ ਪ੍ਰਥਾ ਬੰਦ ਰਹੇਗੀ।



ਇਸ ਦੌਰਾਨ ਤੀਹਰੇ ਤਲਾਕ ਦੀ ਹਮਾਇਤ ਕਰਦੇ ਆ ਰਹੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਹੈ ਕਿ ਉਹ ਇਸ ਸਬੰਧੀ ਆਪਣੀ ਭਵਿੱਖੀ ਰਣਨੀਤੀ ਤੈਅ ਕਰਨ ਲਈ 10 ਸਤੰਬਰ ਨੂੰ ਭੋਪਾਲ ਵਿੱਚ ਮੀਟਿੰਗ ਸੱਦ ਲਈ ਹੈ। ਬੋਰਡ ਦੀ ਵਰਕਿੰਗ ਕਮੇਟੀ ਦੇ ਮੈਂਬਰ ਜ਼ਫ਼ਰਯਾਬ ਜਿਲਾਨੀ ਨੇ ਕਿਹਾ ਕਿ ਮੀਟਿੰਗ ਸੱਦਣ ਦਾ ਫ਼ੈਸਲਾ ਬੀਤੇ ਦਿਨ ਲੈ ਲਿਆ ਗਿਆ ਸੀ ਤੇ ਏਜੰਡਾ ਤੈਅ ਕਰ ਦਿੱਤਾ ਗਿਆ ਸੀ।

ਫ਼ੈਸਲੇ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਵੱਖ-ਵੱਖ ਧਿਰਾਂ ਨੇ ਸਵਾਗਤ ਕੀਤਾ ਹੈ। ਨਾਮੀ ਕਾਨੂੰਨੀ ਮਾਹਿਰ ਸੋਲੀ ਸੋਰਾਬਜੀ ਨੇ ਕਿਹਾ, ''ਇਹ ਇਕ ਅਗਾਂਹਵਧੂ ਫ਼ੈਸਲਾ ਹੈ, ਜੋ ਮੁਸਲਿਮ ਔਰਤਾਂ ਦੇ ਹੱਕਾਂ ਦੀ ਰਾਖੀ ਕਰੇਗਾ ਅਤੇ ਹੁਣ ਕੋਈ ਵੀ ਵਿਅਕਤੀ ਇਸ ਤਰੀਕੇ ਨਾਲ ਆਪਣੀ ਪਤਨੀ ਨੂੰ ਤਲਾਕ ਨਹੀਂ ਦੇ ਸਕੇਗਾ। ਇਹ ਰਵਾਇਤ ਮੁੱਖ ਤੌਰ 'ਤੇ ਸੁੰਨੀ ਮੁਸਲਿਮ ਭਾਈਚਾਰੇ ਵਿੱਚ ਜਾਰੀ ਸੀ।'' ਉਨ੍ਹਾਂ ਕਿਹਾ ਕਿ ਹੁਣ ਮੁਸਲਮਾਨਾਂ ਕੋਲ ਤਲਾਕ ਲੈਣ ਦੇ ਦੂਜੇ ਦੋ ਤਰੀਕੇ- 'ਤਲਾਕ ਹਸਨ' ਤੇ 'ਤਲਾਕ ਅਹਸਨ' ਹੀ ਰਹਿ ਗਏ ਹਨ, ਹਾਲਾਂਕਿ ਇਨ੍ਹਾਂ ਤਰੀਕਿਆਂ ਰਾਹੀਂ ਵੀ ਤਲਾਕ ਬੋਲ ਕੇ ਹੀ ਦਿੱਤਾ ਜਾ ਸਕਦਾ ਹੈ।

ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਦੇਸ਼ ਦੀਆਂ ਮੁਸਲਮਾਨ ਔਰਤਾਂ ਲਈ ਸਵੈ-ਮਾਣ ਤੇ ਬਰਾਬਰੀ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ। ਇਸ ਮਾਮਲੇ 'ਤੇ ਸੁਪਰੀਮ ਕੋਰਟ ਦਾ ਬੂਹਾ ਖੜਕਾਉਣ ਵਾਲੀਆਂ ਔਰਤਾਂ ਨੇ ਫ਼ੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਇਸ ਉਤੇ ਭਾਰੀ ਖ਼ੁਸ਼ੀ ਜ਼ਾਹਰ ਕੀਤੀ ਹੈ। ਪਟੀਸ਼ਨਰਾਂ ਫਰਾਹ ਫ਼ੈਜ਼, ਜ਼ਕੀਆ ਸੁਮਨ, ਨੂਰਜਹਾਂ ਨਿਆਜ਼ ਤੇ ਆਲ ਇੰਡੀਆ ਮੁਸਲਿਮ ਵਿਮੈਨ ਪਰਸਨਲ ਲਾਅ ਬੋਰਡ ਨੇ ਫ਼ੈਸਲੇ ਨੂੰ 'ਵੱਡੀ ਜਿੱਤ' ਤੇ 'ਭਾਰੀ ਰਾਹਤ' ਕਰਾਰ ਦਿੱਤਾ ਹੈ। ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇਸ ਮਾਮਲੇ ਉਤੇ ਨਵਾਂ ਕਾਨੂੰਨ ਬਣਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ, "ਸਰਕਾਰ ਇਸ ਮਾਮਲੇ ਨੂੰ ਢਾਂਚਾਗਤ ਆਧਾਰ ਉਤੇ ਵਿਚਾਰੇਗੀ। ਅਦਾਲਤ ਨੇ ਮੁੱਢਲੇ ਤੌਰ 'ਤੇ ਤੀਹਰੇ ਤਲਾਕ ਨੂੰ ਗ਼ੈਰਸੰਵਿਧਾਨਿਕ ਕਰਾਰ ਦੇ ਦਿੱਤਾ ਹੈ।''

ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਫ਼ੈਸਲੇ ਦਾ ਸਵਾਗਤ ਕਰਦਿਆਂ ਇਸ ਲਈ ਮੁਸਲਿਮ ਔਰਤਾਂ ਨੂੰ ਮੁਬਾਰਕਬਾਦ ਦਿੱਤੀ। ਕਾਂਗਰਸ ਦੀ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਇਹ ਫ਼ੈਸਲਾ 'ਔਰਤਾਂ ਦੇ ਹੱਕਾਂ ਦੀ ਪੁਸ਼ਟੀ' ਕਰਦਾ ਹੈ। ਸੁਪਰੀਮ ਕੋਰਟ 'ਚ ਤੀਹਰੇ ਤਲਾਕ ਦੇ ਹੱਕ ਵਿੱਚ ਖੜ੍ਹੇ ਮੁਸਲਿਮ ਪਰਸਨਲ ਲਾਅ ਬੋਰਡ ਵੱਲੋਂ ਕੇਸ ਲੜਨ ਵਾਲੇ ਸੀਨੀਅਰ ਵਕੀਲ ਤੇ ਕਾਂਗਰਸ ਦੇ ਸੀਨੀਅਰ ਆਗੂ ਕਪਿਲ ਸਿੱਬਲ ਨੇ ਵੀ ਸੁਪਰੀਮ ਕੋਰਟ ਦੇ ਅੱਜ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਸ ਨੂੰ 'ਘਟੀਆ' ਤੇ 'ਹਰਾਮ' ਕਰਾਰ ਦਿੱਤਾ। ਨਾਮੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਵੀ ਤੀਹਰੇ ਤਲਾਕ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ, "ਅਸੀਂ ਫ਼ੌਰੀ ਤਲਾਕ ਦੇਣ ਵਾਲੀ ਤੀਹਰੇ ਤਲਾਕ ਦੀ ਪ੍ਰਥਾ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ। ਇਹ ਉਨ੍ਹਾਂ ਦਲੇਰ ਮੁਸਲਮਾਨ ਔਰਤਾਂ ਦੀ ਜਿੱਤ ਹੈ, ਜੋ ਸਾਲਾਂ ਤੋਂ ਇਸ ਖ਼ਿਲਾਫ਼ ਲੜਾਈ ਲੜ ਰਹੀਆਂ ਸਨ।''

# ਬਾਰਸੀਲੋਨਾ ਤੋਂ ਬਾਅਦ ਸਪੇਨ ਦੇ ਸ਼ਹਿਰ ਕੈਮਬ੍ਰਿਲਜ਼ 'ਚ ਹਮਲਾ

**ਬਾਰਸੀਲੋਨਾ-** ਬਾਰਸੀਲੋਨਾ ਹਮਲੇ ਤੋਂ ਅੱਠ ਘੰਟਿਆਂ ਬਾਅਦ ਸਪੇਨ ਦੇ ਸਮੁੰਦਰੀ ਕੰਢੇ ਵਸੇ ਇਕ ਹੋਰ ਮਸ਼ਹੂਰ ਸ਼ਹਿਰ ਵਿੱਚ ਕਾਰ ਸਵਾਰਾਂ ਨੇ ਰਾਹਗੀਰਾਂ ਉਤੇ ਕਾਰ ਚੜ੍ਹਾ ਦਿੱਤੀ, ਜਿਸ ਕਾਰਨ ਇਕ ਔਰਤ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ। ਬਾਅਦ ਦੁਪਹਿਰ ਬਾਰਸੀਲੋਨਾ ਦੇ ਕੇਂਦਰੀ ਹਿੱਸੇ ਵਿੱਚ ਡਰਾਈਵਰ ਨੇ ਸਫੈਦ ਰੰਗ ਦੀ ਵੈਨ ਰਾਹਗੀਰਾਂ 'ਤੇ ਚੜ੍ਹਾ ਦਿੱਤੀ ਸੀ, ਜਿਸ ਕਾਰਨ 13 ਜਣੇ ਮਾਰੇ ਗਏ ਸਨ। ਬਾਰਸੀਲੋਨਾ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਜਥੇਬੰਦੀ ਨੇ ਲਈ ਹੈ। ਇਸ ਹਮਲੇ ਤੋਂ ਅੱਠ ਘੰਟਿਆਂ ਬਾਅਦ ਬਾਰਸੀਲੋਨਾ ਦੇ ਦੱਖਣ ਵਿੱਚ 120 ਕਿਲੋਮੀਟਰ ਦੂਰ ਕੈਮਬ੍ਰਿਲਜ਼ ਵਿੱਚ ਔਡੀ ਏ3 ਕਾਰ ਪੈਦਲ ਰਾਹਗੀਰਾਂ ਉਤੇ ਜਾ ਚੜ੍ਹੀ। ਹਮਲੇ ਵਿੱਚ ਇਕ ਔਰਤ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ। ਇਸ ਦੌਰਾਨ ਪੁਲੀਸ ਨੇ ਪੰਜ ਹਮਲਾਵਰਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਨ੍ਹਾਂ ਵਿੱਚੋਂ ਕੁਝ ਨੇ ਧਮਾਕਾਖੇਜ਼ ਸਮੱਗਰੀ ਵਾਲੀਆਂ ਬੈਲਟਾਂ ਪਾਈਆਂ ਹੋਈਆਂ ਸਨ। ਪੁਲਿਸ ਨੇ ਕਿਹਾ ਕਿ ਉਹ ਇਸ ਧਾਰਨਾ ਉਤੇ ਕੰਮ ਕਰ ਰਹੇ ਹਨ ਕਿ ਬਾਰਸੀਲੋਨਾ ਘਟਨਾ ਅਤੇ ਕੈਮਬ੍ਰਿਲਜ਼ ਘਟਨਾ ਵਿੱਚ ਮਾਰੇ ਅਤਿਵਾਦੀਆਂ ਦਾ ਆਪਸ ਵਿੱਚ ਸਬੰਧ ਹੈ।



ਬਾਰਸੀਲੋਨਾ ਘਟਨਾ ਦੇ ਚਸ਼ਮਦੀਦਾਂ ਨੇ ਦੱਸਿਆ ਕਿ ਮਸ਼ਹੂਰ ਲਾਸ ਰਮਬਲਾਸ ਮੁੱਖ ਸੜਕ ਉਤੇ ਲਾਸ਼ਾਂ ਇੱਧਰ-ਉੱਧਰ ਪਈਆਂ ਸਨ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਲੇਰਾਂ ਮਾਰਦੇ ਹੋਏ ਭੱਜ ਰਹੇ ਸਨ।ਵਿਸ਼ਵ ਦੇ ਮੋਹਰੀ ਆਗੂਆਂ ਨੇ ਬਾਰਸੀਲੋਨਾ ਕਤਲੇਆਮ ਦੀ ਨਿਖੇਧੀ ਕੀਤੀ ਹੈ, ਜਦੋਂ ਕਿ ਇਸਲਾਮਿਕ ਸਟੇਟ ਦੀ ਪ੍ਰਚਾਰ ਏਜੰਸੀ ਅਮਾਕ ਨੇ ਦਾਅਵਾ ਕੀਤਾ ਕਿ ਇਹ ਹਮਲਾ ਉਸ ਦੇ 'ਯੋਧਿਆਂ' ਨੇ ਕੀਤਾ ਹੈ। ਪੁਲਿਸ ਨੇ ਸਪੇਨੀ ਤੇ ਮੋਰੱਕੋ ਮੂਲ ਦੇ ਦੋ ਸ਼ੱਕੀਆਂ ਨੂੰ ਫੜਨ ਦਾ ਦਾਅਵਾ ਕੀਤਾ ਪਰ ਵੈਨ ਡਰਾਈਵਰ ਫਰਾਰ ਹੈ।

# ਕਾਂਗਰਸ ਤੇ ਭਾਜਪਾ ਲਈ ਵਕਾਰ ਦਾ ਸਵਾਲ ਬਣੀ ਗੁਰਦਾਸਪੁਰ ਜ਼ਿਮਨੀ ਚੋਣ

**ਚੰਡੀਗੜ੍ਹ-** ਗੁਰਦਾਸਪੁਰ ਲੋਕ ਸਭਾ ਸੀਟ ਲਈ ਜ਼ਿਮਨੀ ਚੋਣ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ-ਭਾਜਪਾ ਗੱਠਜੋੜ ਲਈ ਵਕਾਰ ਦਾ ਸਵਾਲ ਬਣ ਗਈ ਹੈ। ਆਮ ਆਦਮੀ ਪਾਰਟੀ ਵੱਲੋਂ ਵੀ ਚੋਣ ਸਤੰਬਰ ਮਹੀਨੇ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਭਾਜਪਾ ਨੇ ਬੂਥ ਪੱਧਰ ਉਤੇ ਇੰਚਾਰਜ ਲਗਾ ਕੇ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਆਜ਼ਾਦੀ ਦਿਹਾੜੇ ਦੇ ਸਮਾਗਮ ਲਈ ਗੁਰਦਾਸਪੁਰ ਜਾਣ ਦੀ ਚੋਣ ਵੀ ਇਸੇ ਦੇ ਮੱਦੇਨਜ਼ਰ ਕੀਤੀ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੀ ਸੀਪੀਆਈ ਦੇ ਸੀਨੀਅਰ ਆਗੂ ਡਾ. ਜੋਗਿੰਦਰ ਦਿਆਲ ਨਾਲ ਹੋਈ ਮੁਲਾਕਾਤ ਨੂੰ ਭਾਜਪਾ ਖ਼ਿਲਾਫ਼ ਸਾਂਝਾ ਫਰੰਟ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਗੁਰਦਾਸਪੁਰ ਸੰਸਦੀ ਸੀਟ ਫਿਲਮ ਅਦਾਕਾਰ ਵਿਨੋਦ ਖੰਨਾ ਦੇ ਅਕਾਲ ਚਲਾਣੇ ਕਰ ਕੇ ਖਾਲੀ ਹੋਈ ਸੀ। ਚੋਣ ਕਮਿਸ਼ਨ ਨੇ ਛੇ ਮਹੀਨੇ ਅੰਦਰ ਚੋਣ ਕਰਵਾਉਣੀ ਹੁੰਦੀ ਹੈ, ਪਰ ਲਗਪਗ ਚਾਰ ਮਹੀਨੇ ਲੰਘ ਚੁੱਕੇ ਹਨ। ਵਿਧਾਨ ਸਭਾ ਚੋਣਾਂ ਵਿੱਚ ਵੱਡੇ ਬਹੁਮਤ ਨਾਲ ਸੱਤਾ ਵਿੱਚ ਆਈ ਕਾਂਗਰਸ ਪਾਰਟੀ ਨੂੰ ਮਾਝੇ ਵਿੱਚ ਲੋਕਾਂ ਦਾ ਭਰਪੂਰ ਸਹਿਯੋਗ ਮਿਲਿਆ ਸੀ। ਸਰਕਾਰ ਬਣਨ ਮਗਰੋਂ ਖ਼ੁਦ ਕਾਂਗਰਸੀਆਂ ਵਿੱਚ ਬਦਲੀ ਹੋਈ ਸਰਕਾਰ ਵਾਲਾ ਉਤਸ਼ਾਹ ਮੱਠਾ ਪੈਂਦਾ ਦਿਖਾਈ ਦੇ ਰਿਹਾ ਹੈ। ਗੁਰਦਾਸਪੁਰ ਨਾਲ ਸਬੰਧਤ ਕਈ ਵਿਧਾਇਕ, ਕੈਪਟਨ ਅਮਰਿੰਦਰ ਸਿੰਘ ਦੇ ਅਕਾਲੀਆਂ ਪ੍ਰਤੀ ਨਰਮ ਵਿਵਹਾਰ ਉਤੇ ਖੁੱਲ੍ਹੇਆਮ ਟਿੱਪਣੀਆਂ ਕਰ ਚੁੱਕੇ ਹਨ। ਸੱਤਾ ਵਿੱਚ ਆਉਣ ਦੇ ਛੇ ਮਹੀਨੇ ਅੰਦਰ ਹੀ ਕਾਂਗਰਸ ਸਾਹਮਣੇ ਜ਼ਿਮਨੀ ਚੋਣ ਜਿੱਤਣ ਦੀ ਵੱਡੀ ਚੁਣੌਤੀ ਖੜ੍ਹੀ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਸੁਨੀਲ ਕੁਮਾਰ ਜਾਖੜ ਦੀ ਪ੍ਰਧਾਨਗੀ ਵਿੱਚ ਇਹ ਪਹਿਲੀ ਚੋਣ ਹੋਵੇਗੀ। ਇਸ ਲਈ ਅਮਰਿੰਦਰ ਸਰਕਾਰ ਦੇ ਅਕਸ ਅਤੇ ਜਾਖੜ ਦੀ ਕਾਰਗੁਜ਼ਾਰੀ ਲਈ ਇਹ ਚੋਣ ਅਹਿਮ ਮੰਨੀ ਜਾ ਰਹੀ ਹੈ।



ਜਾਣਕਾਰੀ ਅਨੁਸਾਰ ਸੁਨੀਲ ਜਾਖੜ ਵੱਲੋਂ ਬੀਤੇ ਦਿਨੀਂ ਸੀਪੀਆਈ ਆਗੂ ਡਾ. ਜੋਗਿੰਦਰ ਦਿਆਲ ਨਾਲ ਮੁਲਾਕਾਤ ਕਰਕੇ ਸਿਆਸੀ ਮਾਹੌਲ ਉਤੇ ਚਰਚਾ ਕੀਤੀ ਗਈ। ਇਸ ਮੁਲਾਕਾਤ ਨੂੰ ਨਵੇਂ ਸਿਆਸੀ ਸਮੀਕਰਣ ਵਜੋਂ ਦੇਖਿਆ ਜਾ ਰਿਹਾ ਹੈ। ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਨੇ ਕਿਸੇ ਨਾਲ ਵੀ ਕੋਈ ਸਮਝੌਤਾ ਨਾ ਕਰਨ ਦਾ ਸਟੈਂਡ ਲਿਆ ਸੀ। ਸੀਪੀਆਈ ਵਿੱਚ ਵੀ ਕਾਂਗਰਸ ਨਾਲ ਗੱਠਜੋੜ ਬਾਰੇ ਸਹਿਮਤੀ ਨਹੀਂ ਬਣ ਸਕੀ ਸੀ। ਹੁਣ ਕਾਂਗਰਸ ਨੇ ਭਾਜਪਾ ਖ਼ਿਲਾਫ਼ ਦੇਸ਼ ਪੱਧਰ ਉਤੇ ਸਾਂਝਾ ਫਰੰਟ ਬਣਾਉਣ ਦੀ ਕਵਾਇਦ ਸ਼ੁਰੂ ਕਰ ਰੱਖੀ ਹੈ। ਸੀਪੀਆਈ ਵੀ ਧਰਮ ਨਿਰਪੱਖ-ਜਮਹੂਰੀ ਸ਼ਕਤੀਆਂ ਦੇ ਸਾਂਝੇ ਮੰਚ ਦੀ ਵਕਾਲਤ ਕਰਦੀ ਆ ਰਹੀ ਹੈ। ਜਾਖੜ ਨਾਲ ਮੁਲਾਕਾਤ ਬਾਰੇ ਡਾ. ਦਿਆਲ ਨੇ ਕਿਹਾ ਕਿ ਇਸ ਮੌਕੇ ਜ਼ਿਮਨੀ ਚੋਣ ਬਾਰੇ ਤਾਂ ਚਰਚਾ ਨਹੀਂ ਹੋਈ, ਪਰ ਕੌਮੀ ਪੱਧਰ 'ਤੇ ਧਰਮ ਨਿਰਪੱਖ ਅਤੇ ਜਮਹੂਰੀ ਫਰੰਟ ਬਣਾਉਣ ਦੀ ਦਿਸ਼ਾ ਵਿੱਚ ਕੁਝ ਚਰਚਾ ਜ਼ਰੂਰ ਕੀਤੀ ਗਈ। ਉਧਰ ਸੁਨੀਲ ਜਾਖੜ ਨੇ ਕਿਹਾ ਕਿ ਗੱਠਜੋੜਬਣਾਉਣ ਜਾਂ ਨਾ ਬਣਾਉਣ ਬਾਰੇ ਫ਼ੈਸਲਾ ਹਾਈਕਮਾਨ ਹੀ ਕਰੇਗੀ, ਪਰ ਧਰਮ ਨਿਰਪੱਖ ਸ਼ਕਤੀਆਂ ਦਾ ਇੱਕ ਮੰਚ ਉਤੇ ਇਕੱਠੇ ਹੋਣਾ ਸਮੇਂ ਦੀ ਲੋੜ ਹੈ।

ਇਸ ਦੌਰਾਨ ਜ਼ਿਮਨੀ ਚੋਣ 'ਚ ਭਾਜਪਾ ਨੂੰ ਹਮਦਰਦੀ ਵੋਟ ਦਾ ਸਹਾਰਾ ਹੈ। ਅਕਾਲੀ ਦਲ ਨੇ ਵੀ ਮਾਝਾ ਖੇਤਰ ਵਿੱਚ ਹੀ ਜਬਰ ਵਿਰੋਧੀ ਲਹਿਰ ਦੀ ਸ਼ੁਰੂਆਤ ਕਰਕੇ ਵਿਧਾਨ ਸਭਾ ਚੋਣ ਹਾਰੇ ਕਾਰਕੁਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਹੈ। ਪਿਛਲੇ ਦਿਨੀਂ ਭਾਜਪਾ ਆਗੂਆਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਵੀ ਕੀਤੀ ਸੀ। ਉਧਰ 'ਆਪ' ਵਿਧਾਇਕ ਦਲ ਦੇ ਆਗੂ ਸੁਖਪਾਲ ਸਿੰਘ ਖਹਿਰਾ ਜ਼ਿਮਨੀ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। 2014 ਦੀਆਂ ਲੋਕ ਸਭਾ ਚੋਣਾਂ ਵੇਲੇ 'ਆਪ' ਨੂੰ ਭਾਵੇਂ ਇਥੋਂ ਵੱਡਾ ਹੁੰਗਾਰਾ ਮਿਲਿਆ, ਪਰ ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਦੂਜੀ ਵੱਡੀ ਪਾਰਟੀ ਵੱਜੋਂ ਉਭਰੀ 'ਆਪ' ਮਾਝੇ ਵਿੱਚ ਇਸ ਸਫਲਤਾ ਨੂੰ ਕੈਸ਼ ਕਰਵਾਉਣ ਵਿੱਚ ਨਾਕਾਮ ਰਹੀ।

# ਸਿੱਧੂ ਨੇ ਘਰ ਜਾ ਕੇ ਉਘੇ ਸ਼ਾਇਰ ਡਾ.ਸੁਰਜੀਤ ਪਾਤਰ ਨੂੰ ਸੌਂਪਿਆ ਨਿਯੁਕਤੀ ਪੱਤਰ

**ਲੁਧਿਆਣਾ-** ਕਾਂਗਰਸ ਸਰਕਾਰ ਨੇ ਸਤਿੰਦਰ ਸੱਤੀ ਨੂੰ ਹਟਾ ਕੇ ਉਘੇ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ। ਸੱਭਿਆਚਾਰ ਤੇ ਸੈਰ ਸਪਾਟਾ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਡਾ. ਪਾਤਰ ਨੂੰ ਉਨ੍ਹਾਂ ਦੇ ਘਰ ਜਾ ਕੇ ਨਿਯੁਕਤੀ ਪੱਤਰ ਸੌਂਪਿਆ। ਲੁ-ਧਿਆਣਾ ਪਹੁੰਚੇ ਸ੍ਰੀ ਸਿੱਧੂ ਨੇ ਕਿਹਾ ਕਿ ਸੂਬੇ ਦੇ ਅਮੀਰ ਸਭਿਆਚਾਰ ਨੂੰ ਪ੍ਰਫੁਲਿਤ ਕਰਨਾ ਸਰਕਾਰ ਦਾ ਮੁੱਖ ਮਕਸਦ ਹੈ। ਇਸ ਲਈ ਪੁਰਾਤਨ ਸੱਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਥਾਵਾਂ ਨੂੰ ਸੈਰ ਸਪਾਟੇ ਲਈ ਵਿਕਸਤ ਕੀਤਾ ਜਾਵੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਸੱਭਿਆਚਾਰ ਨਾਲ ਜੋੜਨ ਲਈ ਵੀ ਅਹਿਮ ਪ੍ਰੋਗਰਾਮ ਉਲੀਕੇ ਜਾਣਗੇ।

ਸ੍ਰੀ ਸਿੱਧੂ ਨੇ ਕਿਹਾ ਕਿ ਡਾ. ਪਾਤਰ ਦੀ ਨਿਯੁਕਤੀ ਨਾਲ ਸਭਿਆਚਾਰ/ਸਾਹਿਤ ਨਾਲ ਜੁੜੀਆਂ ਸ਼ਖ਼ਸੀਅਤਾਂ 'ਚ ਖ਼ੁਸ਼ੀ ਪਾਈ ਜਾ ਰਹੀ ਹੈ ਅਤੇ ਇਸ ਨਿਯੁਕਤੀ ਨਾਲ ਨਵੀਆਂ ਪੁਲਾਂਘਾਂ ਪੁੱਟੇ ਜਾਣ ਦੀ ਆਸ ਵੀ ਬੱਝੀ ਹੈ। ਡਾ. ਪਾਤਰ ਨੂੰ ਨਵੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਦੱਸਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਆਉਂਦੇ ਸਮੇਂ 'ਚ ਪੰਜਾਬ ਕਲਾ ਪ੍ਰੀਸ਼ਦ ਨਾਲ ਸਿੱਧੇ ਤੌਰ 'ਤੇ ਇੱਕ ਲੱਖ ਦੇ ਕਰੀਬ ਸੱਭਿਆਚਾਰ ਅਤੇ ਕਲਾ ਪ੍ਰੇਮੀਆਂ ਨੂੰ ਜੋੜਿਆ ਜਾਵੇਗਾ। ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਇੱਕ ਮਹੀਨੇ 'ਚ ਪੰਜਾਬੀ ਕਲਾ ਤੇ ਸੱਭਿਆਚਾਰ ਦੀ ਪਾਰਲੀਮੈਂਟ ਸਿਰਜੀ ਜਾਵੇ, ਜਿਸ 'ਚ ਪੰਜਾਬੀ ਕਲਾ ਤੇ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਸਕਾਰਾਤਮਕ ਵਿਚਾਰਾਂ ਕੀਤੀਆਂ ਜਾ ਸਕਣ। ਡਾ. ਸੁਰਜੀਤ ਪਾਤਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੱਧੂ ਤੇ ਕਲਾ ਪ੍ਰੇਮੀਆਂ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਕਲਾ ਪ੍ਰੀਸ਼ਦ ਨਾਲ ਲੋਕ ਲਹਿਰ ਖੜ੍ਹੀ ਕਰਕੇ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਪ੍ਰਫੁਲਿਤ ਕਰਨ ਲਈ ਸਮਰਪਿਤ ਹੋ ਕੇ ਯੋਗਦਾਨ ਦੇਣਗੇ। ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਪੰਜਾਬ ਦੇ ਕੋਨੇ-ਕੋਨੇ 'ਚ ਸੰਗੀਤ, ਕਵਿਤਾ ਤੇ ਗਾਇਨ ਆਦਿ ਮੁਕਾਬਲੇ ਕਰਵਾ ਕੇ ਲੋਕਾਂ ਨੂੰ ਕਲਾ ਤੇ ਸੱਭਿਆਚਾਰ ਨਾਲ ਜੋੜਿਆ ਜਾਵੇ ਤਾਂ ਜੋ ਇਸ ਦਾ ਦਾਇਰਾ ਹੋਰ ਵਿਸ਼ਾਲ ਹੋ ਸਕੇ। ਇਸ ਦੇ ਪਸਾਰੇ ਲਈ ਸਕੂਲਾਂ\ਕਾਲਜਾਂ ਤਕ ਵੀ ਪਹੁੰਚ ਕੀਤੀ ਜਾਵੇਗੀ। ਥੀਏਟਰ ਅਤੇ ਸਭਿਆਚਾਰ ਦੀਆਂ ਹੋਰ ਵੰਨਗੀਆਂ ਨੂੰ ਵੀ ਪ੍ਰਫੁਲਿਤ ਕੀਤਾ ਜਾਵੇਗਾ। ਡਾ. ਪਾਤਰ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਐਮਪੀ ਰਵਨੀਤ ਸਿੰਘ ਬਿੱਟੂ, ਵਿਧਾਇਕ ਭਾਰਤ ਭੂਸ਼ਣ ਆਸ਼ੂ ਤੇ ਸੁਰਿੰਦਰ ਡਾਬਰ, ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਸ਼ਿਵਦੁਲਾਰ ਸਿੰਘ ਢਿੱਲੋਂ, ਨਗਰ ਨਿਗਮ ਦੇ ਕਮਿਸ਼ਨਰ ਜਸਕਿਰਨ ਸਿੰਘ, ਗਾਇਕ ਪੰਮੀ ਬਾਈ ਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।



ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਨੇ ਡਾ. ਸੁਰਜੀਤ ਪਾਤਰ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਨਾਮਜ਼ਦ ਕੀਤੇ ਜਾਣ 'ਤੇ ਵਧਾਈ ਦਿੱਤੀ ਹੈ। ਅਕੈਡਮੀ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਡਾ. ਸੁਰਜੀਤ ਪਾਤਰ ਪੰਜਾਬੀ ਸਾਹਿਤ ਦਾ ਮਾਣ ਹਨ। ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਕਿਹਾ ਕਿ ਡਾ. ਪਾਤਰ ਦੇ ਚੇਅਰਮੈਨ ਬਣਨ ਨਾਲ ਕਲਾ ਜਗਤ ਅਤੇ ਸਭਿਆਚਾਰਕ ਨੀਤੀ ਦੇ ਸਹੀ ਪਾਸੇ ਵੱਲ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ।

ਵਧਾਈ ਦੇਣ ਵਾਲਿਆਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਸੁਰਿੰਦਰ ਕੈਲੇ, ਤ੍ਰੈਲੋਚਨ ਲੋਚੀ, ਡਾ. ਗੁਰਚਰਨ ਕੌਰ ਕੋਚਰ, ਖੁਸ਼ਵੰਤ ਬਰਗਾੜੀ, ਡਾ. ਸੁਦਰਸ਼ਨ ਗਾਸੋ, ਡਾ. ਗੁਲਜ਼ਾਰ ਸਿੰਘ ਪੰਧੇਰ ਆਦਿ ਸ਼ਾਮਲ ਹਨ।

# ਪੰਜਾਬ ਦੇਸ਼ ਦੀ ਖੜਗਭੁਜਾ ਰਿਹਾ ਹੈ- ਰਾਜੇਸ ਬਾਘਾ



**ਫਗਵਾੜਾ (ਬਿਊਰੋ)–** 71 ਵੇਂ ਅਜਾਦੀ ਦਿਹਾੜੇ ਦੇ ਮੌਕੇ ਤੇ ਗੁਰੂ ਨਾਨਕ ਬਿਰਧ, ਅਨਾਥ, ਅਪਾਹਜ, ਨੇਤਰਹੀਣ ਆਸ਼ਰਮ (ਜਲੰਧਰ) ਨੇੜੇ ਫਗਵਾੜਾ ਵਿਖੇ ਪੰਜਾਬ ਰਾਜ ਅਨੁਸੂਚਿਤ ਜਾਤੀਆ ਕਮਿਸਨ ਦੇ ਚੇਅਰਮੈਨ ਸ੍ਰੀ ਰਾਜੇਸ ਬਾਘਾ ਨੇ ਤਿਰੰਗਾ ਲਹਿਰਾਉਣ ਪਿੱਛੋਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇਸ਼ ਦੀ ਖੜਗਭੁਜਾ ਰਿਹਾ ਹੈ ਅਤੇ ਸਦੀਆਂ ਪਹਿਲਾਂ ਵਿਦੇਸ਼ੀ ਧਾੜਵੀਆਂ ਨੂੰ ਮੂੰਹ ਤੋੜ ਜਵਾਬ ਦੇਣ ਮਗਰੋਂ ਦੇਸ਼ ਦੀ ਅਜਾਦੀ ਦੀ ਲੜਾਈ ਵਿਚ ਵੀ ਪੰਜਾਬੀ ਸਭ ਤੋਂ ਅੱਗੇ ਸਨ। ਅਜਾਦੀ ਘੁਲਾਟੀਆਂ ਨੂੰ ਨਮਨ ਕਰਦਿਆਂ ਸ੍ਰੀ.ਬਾਘਾ ਨੇ ਕਿਹਾ ਕਿ ਡਾ. ਬੀ.ਆਰ ਅੰਬੇਦਕਰ, ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸੁਖਦੇਵ, ਸ਼ਹੀਦ ਊਧਮ ਸਿੰਘ ਤੇ ਹੋਰਨਾਂ ਸ਼ਹੀਦਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਤੋਂ ਇਲਾਵਾ ਕੂਕਾ ਲਹਿਰ ਵਲੋਂ ਵੀ ਦੇਸ਼ ਦੀ ਅਜਾਦੀ ਵਿਚ ਮਹਾਨ ਯੋਗਦਾਨ ਦਿੱਤਾ ਗਿਆ। ਵਪਾਰਕ ਕਾਰੋਬਾਰ ਤੇ ਸਨਅਤ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਸ੍ਰੀ ਰਾਜੇਸ ਬਾਘਾ ਨੇ ਕਿਹਾ ਕਿ ਅੰਤਰਰਾਸ਼ਟਰੀ ਪੱਧਰ ’ਤੇ ਮੁਕਾਬਲੇਬਾਜ਼ੀ ਲਈ ਸਨਅਤ ਵਾਸਤੇ ਵਿਸ਼ੇਸ਼ ਨੀਤੀ ਤਿਆਰ ਕਰਨ ਦੀ ਜਰੂਰਤ ਹੈ ।

ਲੋਕਾਂ ਨੂੰ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਵਿਚ ਭਾਗੀਦਾਰ ਬਣਨ ਦਾ ਸੱਦਾ ਦਿੰਦਿਆਂ ਸ੍ਰੀ ਰਾਜੇਸ ਬਾਘਾ ਨੇ ਕਿਹਾ ਕਿ ਕੋਈ ਵੀ ਮੁਹਿੰਮ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਪੂਰਨ ਸਫਲ ਨਹੀਂ ਹੋ ਸਕਦੀ । ਉਨ੍ਹਾਂ ਕਿਹਾ ਕਿ ਵਿਸ਼ੇਸ਼ ਕਰਕੇ ਨੌਜਵਾਨਾਂ ਇਸ ਮੁਹਿੰਮ ਵਿਚ ਮੋਹਰੀ ਭੂਮਿਕਾ ਨਿਭਾਉਣ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਸਾਜ਼ਗਾਰ ਮਾਹੌਲ ਦੇ ਕੇ ਉਨ੍ਹਾਂ ਦੀ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਉਪਰਾਲੇ ਕਰਨ ਦੀ ਜਰੂਰਤ ਹੈ।

# ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੁਆਰਾ ਮੁੱਖ ਇੰਜੀਨੀਅਰ ਨਹਿਰਾਂ (ਪੰਜਾਬ) ਤਲਬ



**ਚੰਡੀਗੜ੍ਹ (ਬਿਊਰੋ)–** ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਪੰਜਾਵਾ ਤਹਿਸੀਲ ਮਲੋਟ ਨਿਵਾਸੀ ਜੀਤ ਸਿੰਘ ਤੋਂ ਮੋਘਾ ਬੁਰਜੀ ਨੰਬਰ 395090 ਸਰਹਿੰਦ ਫੀਡਰ ਤੇ ਲੱਗੀ ਲਿਫਟ ਪੰਪ ਵਿਚ ਪਏ ਹੋਏ ਰਕਬੇ ਦੀ ਵਾਰੀ ਸਬੰਧੀ ਸ਼ਿਕਾਇਤ ਪ੍ਰਾਪਤ ਹੋਈ। ਇਸ ’ਤੇ ਕਮਿਸ਼ਨ ਦੁਆਰਾ ਕਾਰਵਾਈ ਕਰਦੇ ਮੁੱਖ ਇੰਜੀਨੀਅਰ ਨਹਿਰਾਂ ਸਿੰਚਾਈ ਵਿਭਾਗ ਤੋਂ ਰਿਪੋਰਟ ਮੰਗੀ ਗਈ ਪਰ ਵਾਰ–ਵਾਰ ਯਾਦ ਪੱਤਰ ਦੇਣ ਤੇ ਵੀ ਨਾ ਤਾਂ ਮੁੱਖ ਇੰਜੀਨੀਅਰ ਪੰਜਾਬ ਚੰਡੀਗੜ੍ਹ ਦਾ ਕੋਈ ਪ੍ਰਤੀਨਿਧੀ ਪੇਸ਼ ਹੋਇਆ ਅਤੇ ਨਾ ਹੀ ਕੋਈ ਰਿਪੋਰਟ ਪੇਸ਼ ਕੀਤੀ ਗਈ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਦੱਸਿਆ ਕਿ ਕਮਿਸ਼ਨਰ ਪ੍ਰਤੀ ਗੈਰ ਜ਼ਿੰਮੇਵਾਰ ਰਵੱਈਏ ਨੂੰ ਦੇਖਦੇ ਹੋਏ ਇਸ ਮਾਮਲੇ ਵਿਚ ਮੁਕੰਮਲ ਰਿਪੋਰਟ 12 ਸਤੰਬਰ ਨੂੰ ਮੁੱਖ ਇੰਜੀਨੀਅਰ ਨਹਿਰਾਂ ਨੂੰ ਨਿੱਜੀ ਤੌਰ ਤੇ ਕਮਿਸ਼ਨ ਦੇ ਸਾਹਮਣੇ ਪੇਸ਼ ਹੋ ਕੇ ਦੇਣ ਦੇ ਨਿਰਦੇਸ਼ ਦਿੱਤੇ ਗਏ।

# ਨੌਜਵਾਨਾਂ ਦਾ ਆਪਣੇ ਦੇਸ਼ ਦੀਆਂ ਪੜ੍ਹਾਈਆਂ ਤੋਂ ਬੇਮੁੱਖ ਹੋਣਾ ਠੀਕ ਸੰਕੇਤ ਨਹੀਂ

## ਦੇਸ਼ ਦਾ ਹੋਣਹਾਰ ਨੌਜਵਾਨ ਵਰਗ ਕਿਉਂ ਤੁਰ ਪਿਐ ਵਿਦੇਸ਼ਾਂ ਦੇ ਰਾਹ

ਵਿਦੇਸ਼ ਜਾਣ ਦੀ ਦੌੜ ਵਿਚ ਸ਼ਾਮਿਲ ਹੋਇਆ ਨੌਜਵਾਨ ਵਰਗ ਸਾਡੇ ਦੇਸ਼ ਦੇ ਖੋਖਲਾ ਹੋ ਜਾਣ ਦੇ ਸੰਕੇਤ ਦੇਣ ਲੱਗਾ ਹੈ। ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਨੂੰ ਜਾਣ ਵਾਲੀਆਂ ਨੌਜਵਾਨਾਂ ਦੀਆਂ ਉਡਾਰਾਂ ਵਿਚ ਸਾਡੇ ਦੇਸ਼ ਦੇ ਉਹ ਹੋਣਹਾਰ ਬੱਚੇ ਹਨ, ਜਿਹਨਾਂ ਤੋਂ ਸਾਡਾ ਦੇਸ਼ ਵੱਡੀਆਂ ਉਮੀਦਾਂ ਕਰ ਸਕਦਾ ਸੀ। ਆਪਣੇ ਦੇਸ਼ ਦੀ ਧਨ–ਦੌਲਤ ਵੀ ਵਿਦੇਸ਼ਾਂ ਦੇ ਖਜ਼ਾਨੇ ਵਿਚ ਜਖ਼ਮਾਂ ਹੋ ਰਹੀ ਹੈ ਅਤੇ ਨਾਲ ਹੀ ਸਾਡੇ ਦੇਸ਼ ਦੇ ਭਵਿੱਖ ਦੀ ਵਾਗਡੋਰ ਸਾਂਭਣ ਵਾਲੀ ਇੱਕ ਨਵੀਂ ਸੋਚ ਦੇਸ਼ ਮੋਹ ਤੋਂ ਦੂਰ ਹੋ ਕੇ ਬਿਗਾਨੇ ਦੇਸ਼ਾਂ ਨੂੰ ਵਿਕਸਿਤ ਕਰਨ ਵਿਚ ਭਾਈਵਾਲ ਬਣਨ ਲੱਗੇ ਹਨ।

ਨੌਜਵਾਨ ਇਸ ਗੱਲ ਦੀ ਆੜ ਹੇਠ ਵਿਦੇਸ਼ ਵੱਲ ਭੱਜ ਰਹੇ ਹਨ ਕਿ ਸਾਡੇ ਦੇਸ਼ ਦਾ ਸਿਸਟਮ ਠੀਕ ਨਹੀਂ, ਪਰ ਅਜਿਹਾ ਹੋਣ ਨਾਲ ਦੇਸ਼ ਦਾ ਸਿਸਟਮ ਸੁਧਰੇਗਾ ਨਹੀਂ, ਬਲਕਿ ਹੋਰ ਵੀ ਡਾਵਾਂਡੋਲ ਹੋ ਜਾਵੇਗਾ। ਕੋਈ ਸਮਾਂ ਸੀ ਜਦੋਂ ਸਾਡਾ ਨੌਜਵਾਨ ਵਰਗ ਸਕੂਲ–ਕਾਲਜ ਦੇ ਸਮੇਂ ਤੋਂ ਬਾਅਦ ਖੇਡ ਮੈਦਾਨਾਂ ਵਿਚ ਨਜ਼ਰ ਆਇਆ ਕਰਦਾ ਸੀ। ਸਮੇਂ ਦੇ ਚੱਕਰ ਨੇ ਐਸਾ ਪਾਸਾ ਪਲਟਿਆ ਕਿ ਅੱਜ–ਕੱਲ ਨੌਜਵਾਨ ਖੇਡ ਮੈਦਾਨਾਂ ਤੋਂ ਤਾਂ ਪਹਿਲਾਂ ਹੀ ਦੂਰ ਹੋ ਚੁੱਕੇ ਹਨ, ਜੋ ਸਕੂਲ–ਕਾਲਜ ਜਾ ਰਹੇ ਨੇ ਉਹਨਾਂ ਵਿਚੋਂ ਹੋਣਹਾਰ ਪ੍ਰਤਿਭਾਸ਼ਾਲੀ ਨੌਜਵਾਨ ਅਗਲੇਰੀ ਪੜ੍ਹਾਈ ਕਰਨ ਲਈ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵੱਲ ਨੂੰ ਕੂਚ ਕਰਨ ਲੱਗੇ ਹਨ।

ਅੱਜ ਸਥਿੱਤੀ ਇਹ ਬਣੀ ਚੁੱਕੀ ਹੈ ਕਿ ਯੂਨੀਵਰਸਿਟੀਆਂ, ਕਾਲਜਾਂ, ਤਕਨੀਕੀ ਸਿੱਖਿਆ ਕੇਂਦਰਾਂ ਦੇ ਦਾਖਲੇ ਲਗਾਤਾਰ ਗਿਰਾਵਟ ਵੱਲ ਆਉਣ ਲੱਗੇ ਹਨ, ਜਿਸ ਕਾਰਨ ਇਹਨਾਂ ਸਿੱਖਿਆ ਕੇਂਦਰਾਂ ਤੋਂ ਵੱਖ–ਵੱਖ ਤਰਖ਼ਾਂ ਟਰੇਡ ਬੰਦ ਕੀਤੇ ਜਾ ਰਹੇ ਹਨ, ਜਿਹਨਾਂ ਨੂੰ ਪ੍ਰਾਈਵੇਟ ਪੱਧਰ ’ਤੇ ਪੜ੍ਹਾਉਣ ਵਾਲੇ ਅਧਿਆਪਕ ਵੀ ਮੁੜ ਤੋਂ ਬੇਰੁਜ਼ਗਾਰ ਹੋਣ ਲੱਗੇ ਹਨ। ਦੂਜੇ ਪਾਸੇ ਕਸਬਿਆਂ ਅਤੇ ਛੋਟੇ–ਵੱਡੇ ਸ਼ਹਿਰਾਂ ਵਿਚ 'ਆਇਲਟਸ' (ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ਼ ਟੈਸਟਿੰਗ ਸਿਸਟਮ) ਦੇ ਕੇਂਦਰ ਧੜਾ–ਧੜ ਖੁੱਲ ਚੁੱਕੇ ਹਨ, ਜਿਹਨਾਂ ਉੱਪਰ ਸਾਡੇ ਨੌਜਵਾਨ ਲੜਕੇ ਅਤੇ ਲੜਕੀਆਂ ਦੇ ਮੇਲੇ ਲੱਗੇ ਹੋਏ ਹਨ। ਸਾਰਿਆਂ ਦੇ ਜ਼ੁਬਾਨ ’ਤੇ ਇੱਕੋ ਗੱਲ ਚੜੀ ਹੋਈ ਹੈ ਕਿ 'ਵਿਦੇਸ਼ ਜਾ ਕੇ ਪੜਾਂਗੇ ਤੇ ਉੱਥੇ ਹੀ ਸੈੱਟ ਹੋਵਾਂਗੇ'।

ਇਸ ਤਰਾਂ ਹਰ ਰੋਜ਼ ਜਹਾਜ਼ਾਂ ਦੇ ਜਹਾਜ਼ ਸਾਡੇ ਹੋਣਹਾਰ ਨੌਜਵਾਨਾਂ ਨੂੰ ਵਿਦੇਸ਼ਾਂ ਦੀ ਧਰਤੀ ’ਤੇ ਢੋਅ ਰਹੇ ਹਨ ਅਤੇ ਪਿੱਛੇ ਬਚ ਰਹੇ ਹਨ ਪੜ੍ਹਾਈ ਪੱਖੋਂ ਕਮਜ਼ੋਰ ਵਿਦਿਆਰਥੀ।

ਇੱਕ ਭੇਡ–ਚਾਲ ਦੀ ਤਰਾਂ ਦੇਖੋ–ਦੇਖ ਵਿਦੇਸ਼ ਜਾਣ ਦੀ ਰਟ ਲਗਾ ਰਹੇ ਨੌਜਵਾਨ ਲੜਕੇ–ਲੜਕੀਆਂ ਆਇਲਟਸ ਕੇਂਦਰਾਂ ’ਤੇ ਹਜ਼ਾਰਾਂ ਰੁਪਏ ਦੀਆਂ ਫੀਸਾਂ ਭਰ ਰਹੇ ਹਨ, ਜਦਕਿ ਇਹਨਾਂ ਵਿਚੋਂ ਅੱਧ ਤੋਂ ਵੱਧ ਉਹ ਬੱਚੇ ਹੁੰਦੇ ਹਨ, ਜਿਹਨਾਂ ਨੂੰ ਨਾ ਤਾਂ ਵਿਦੇਸ਼ ਬਾਰੇ ਕੋਈ ਜਾਣਕਾਰੀ ਹੁੰਦੀ ਹੈ ਅਤੇ ਨਾ ਹੀ ਉਹਨਾਂ ਦੇ ਪਰਿਵਾਰਾਂ ਕੋਲ ਐਨੀ ਸਮੱਰਥਾ ਹੁੰਦੀ ਹੈ ਕਿ ਉਹ ਆਇਲਟਸ ਕਰਵਾਉਣ ਉਪਰੰਤ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਖ਼ਰਚਾ ਜੁਟਾ ਸਕਣ।

ਪ੍ਰੰਤੂ ਫਿਰ ਵੀ ਅਜਿਹੇ ਨੌਜਵਾਨ ਲੜਕੇ–ਲੜਕੀਆਂ ਵਿਦੇਸ਼ ਜਾਣ ਦੀ ਅੰਨੀ ਦੌੜ ’ਚ ਸ਼ਾਮਿਲ ਹੋ ਰਹੇ ਹਨ। ਵਿਦੇਸ਼ਾਂ ਵਿਚ ਜੋ ਨੌਜਵਾਨ ਲੜਕੇ–ਲੜਕੀਆਂ ਪੜ੍ਹਾਈ ਕਰਨ ਜਾ ਚੁੱਕੇ ਹਨ, ਉਹਨਾਂ ਵਿਚੋਂ ਬਹੁਤ ਜ਼ਿਆਦਾ ਬੱਚੇ ਮਜ਼ਦੂਰਾਂ ਵਾਂਗ ਦਿਨ–ਕਟੀ ਕਰ ਰਹੇ ਹਨ, ਜੇਕਰ ਉਹਨਾਂ ਬੱਚਿਆਂ ਵੱਲੋਂ ਇਹੀ ਮਿਹਨਤ ਆਪਣੇ ਦੇਸ਼ ਵਿਚ ਪੜ੍ਹਾਈ ਅਤੇ ਕਿੱਤਾਮੁਖੀ ਕੋਰਸਾਂ ਉੱਤੇ ਲਗਾਈ ਹੁੰਦੀ ਤਾਂ ਮਾਪਿਆਂ ਦੇ ਸਿਰ ਕਰਜ਼ਿਆਂ ਦੀਆਂ ਪੰਡਾਂ ਦੀ ਥਾਂ ਫਖ਼ਰ ਨਾਲ ਉੱਚੇ ਹੁੰਦੇ ਅਤੇ ਨੌਜਵਾਨ ਆਪਣੇ ਪੈਰਾਂ ’ਤੇ ਖੜੇ ਹੁੰਦੇ।

ਲੋੜ ਹੈ ਨੌਜਵਾਨ ਵਰਗ ਨੂੰ ਇਸ ਧਾਰਨਾ ਤੋਂ ਜਾਗਰੂਕ ਕਰਨ ਦੀ ਕਿ ਆਪਣੇ ਦੇਸ਼ ਵਿਚ ਰਹਿ ਕੇ ਖੁਦ ਨੂੰ ਸਥਾਪਿਤ ਕਰਨ ਲਈ ਮਿਹਨਤ ਅਤੇ ਲਗਨ ਦਾ ਪੱਲਾ ਫੜ ਕੇ ਅੱਗੇ ਵਧਣ।

*******



ਅੰਮ੍ਰਿਤਪਾਲ
91–9569–216001






# ਸੂਰਜ ਤੇ ਚੰਦ ਦੀਆਂ ਚਾਲਾਂ ਤੋਂ ਸੰਗੀਤ ਦੀ ਸਰਗਮ ਤਿਆਰ ਕੀਤੀ








**ਵਾਸ਼ਿੰਗਟਨ-** ਅਮਰੀਕੀ ਵਿਗਿਆਨੀਆਂ ਜਿਨ੍ਹਾਂ ਵਿੱਚ ਇੱਕ ਭਾਰਤੀ ਮੂਲ ਦਾ ਵਿਗਿਆਨੀ ਵੀ ਸ਼ਾਮਲ ਹੈ, ਨੇ ਸੂਰਜ ਗ੍ਰਹਿਣ ਲੱਗਣ ਦੌਰਾਨ ਸੂਰਜ ਅਤੇ ਚੰਦ ਦੀਆਂ ਚਾਲਾਂ ਦੌਰਾਨ ਉਪਜੇ ਹਨੇਰੇ ਨੂੰ ਸੰਗੀਤ ਦੀ ਸਰਗਮ ਤਿਆਰ ਕਰਨ ਲਈ ਵਰਤਿਆ ਹੈ। ਇਹ ਸਰਗਮ ਅਮਰੀਕਾ ਵਿੱਚ ਪੂਰਨ ਸੂਰਜ ਗ੍ਰਹਿਣ ਲੱਗਣ ਦੌਰਾਨ ਵਰਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਵਿਗਿਆਨੀਆਂ ਨੇ ਗ੍ਰਹਿਣ ਦੀਆਂ ਚਾਲਾਂ ਦੇ ਆਧਾਰ ਉੱਤੇ ਸੰਗੀਤ ਦੀ ਸਰਗਮ ਤਿਆਰ ਕੀਤੀ ਹੈ। ਜੋਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਅਮਰੀਕਾ ਦੇ ਵਿਗਿਆਨੀਆਂ ਨੇ ਇਹ ਕਾਰਨਾਮਾ ਕੀਤਾ ਹੈ। ਸਹੀ ਸਰਗਮ ਬਣਾਉਣ ਲਈ ਵਿਗਿਆਨੀਆਂ ਨੇ ਪੂਰਨ ਗ੍ਰਹਿਣ ਦੀਆਂ ਅਣਗਿਣਤ ਵਿਡੀਓਜ਼ ਦੇਖੀਆਂ। ਅਮਰੀਕਾ ਵਿੱਚ 21 ਅਗਸਤ ਨੂੰ ਪੂਰਨ ਸੂਰਜ ਗ੍ਰਹਿਣ ਲੱਗਿਆ ਸੀ।

ਨਾਸਾ ਵੱਲੋਂ ਕਿਹਾ ਗਿਆ ਹੈ ਕਿ ਕਰੀਬ 375 ਸਾਲ ਵਿਚ ਪਹਿਲੀ ਵਾਰੀ ਇਸ ਤਰਾਂ ਨਾਲ ਅਮਰੀਕਾ ਵਿਚ ਸੂਰਜ ਗ੍ਰਹਿਣ ਹੋਇਆ! ਜਦੋਂ ਚੰਦਰਮਾ, ਸੂਰਜ ਅਤੇ ਧਰਤੀ ਦੇ ਵਿਚ ਆਈ ਨਾਸਾ ਨੇ ਦੱਸਿਆ ਕਿ ਯੂ.ਐੱਸ. ਦੇ ਲੋਕ ਕਰੀਬ 40 ਸਾਲ ਪਹਿਲਾਂ 26 ਫਰਵਰੀ 1979 ਵਿਚ ਪੂਰਨ ਸੂਰਜ ਗ੍ਰਹਿਣ ਦੇ ਗਵਾਹ ਬਣੇ ਸਨ! ਹਾਲਾਂਕਿ ਇਹ ਪੂਰਨ ਸੂਰਜ ਗ੍ਰਹਿਣ ਨਹੀ ਸੀ! ਪੂਰਨ ਸੂਰਜ ਗ੍ਰਹਿਣ 99 ਸਾਲ ਪਹਿਲਾਂ 8 ਜੂਨ 1918 ਵਿਚ ਹੋਇਆ ਸੀ! 21 ਅਗਸਤ ਨੂੰ ਹੋਇਆ ਪੂਰਨ ਸੂਰਜ ਗ੍ਰਹਿਣ ਅਮਰੀਕਾ ਦੇ ਸਾਰੇ ਪ੍ਰਮੁੱਖ ਇਲਾਕਿਆਂ ਵਿਚ ਨਜ਼ਰ ਆਇਆ! ਇਸ ਦੇ ਇਲਾਵਾ ਯੂਰਪ, ਉੱਤਰ-ਪੂਰਵ ਏਸ਼ੀਆ, ਉੱਤਰ-ਪੱਛਮ ਅਫਰੀਕਾ, ਪ੍ਰਸ਼ਾਂਤ, ਅੰਟਲਾਟਿਕ, ਆਰਕਟਿਕ ਦੇ ਜ਼ਿਆਦਾਤਰ ਹਿੱਸਿਆ ਵਿਚ ਇਹ ਗ੍ਰਹਿਣ ਦਿਖਾਈ ਦਿੱਤਾ! ਜਾਣਕਾਰੀ ਮੁਤਾਬਕ ਗ੍ਰਹਿਣ ਦਾ ਕੁਲ ਸਮਾਂ 5 ਘੰਟੇ 18 ਮਿੰਟ ਹੈ! ਪੂਰਨ ਸੂਰਜ ਗ੍ਰਹਿਣ ਦਾ ਸਮਾਂ 3 ਘੰਟੇ 13 ਮਿੰਟ ਹੈ!

# ਗਰਵ ਟੀ.ਵੀ 31ਅਗਸਤ 2017 ਨੂੰ ਸੈਕਰਾਮੈਂਟੋ ਵਿੱਚ ਲਾਂਚ ਕੀਤਾ ਜਾਵੇਗਾ

**ਸੈਕਰਾਮੈਂਟੋ (ਬਿਊਰੋ)-** ਗਰਵ ਟੀ.ਵੀ ਨੈੱਟਵਰਕ ਗਰੁੱਪ ਦਾ ਇਹ ਐਲਾਨ ਸਮੁੱਚੇ ਪੰਜਾਬੀ ਭਾਈਚਾਰੇ ਲਈ ਹੈ ਜਿਸ ਨੇ ਪੰਜਾਬੀਅਤ ਨੂੰ ਆਪਣੀ ਰੂਹ ਵਿਚ ਸਮੇਟਿਆ ਹੈ। ਇਹ ਐਲਾਨ ਉਨ੍ਹਾਂ ਪੰਜਾਬੀਆਂ ਦੇ ਨਾਮ ਹੈ ਜਿਨ੍ਹਾਂ ਵਿੱਚ ਪੰਜਾਬ ਜਿਊਂਦਾ ਹੈ। ਗਰਵ ਟੀ.ਵੀ ਨੈੱਟਵਰਕ ਯੂ.ਐੱਸ ਵਿੱਚ ਲੈ ਕੇ ਆ ਰਿਹਾ ਹੈ ਅਜਿਹੇ ਪੰਜਾਬੀ ਚੈਨਲ ਗਰਵ ਪੰਜਾਬ ਅਤੇ ਗਰਵ ਪੰਜਾਬ ਗੁਰਬਾਣੀ, ਜੋ ਪੰਜਾਬ ਤੋਂ ਦੂਰ ਬੈਠੇ ਪੰਜਾਬੀਆਂ ਨੂੰ ਵੱਖ-ਵੱਖ ਪ੍ਰੋਗਰਾਮਾਂ ਰਾਹੀ ਸਿੱਧਾ ਪੰਜਾਬ ਨਾਲ ਜੋੜੇਗਾ। ਦੂਰ ਪੰਜਾਬ ਵਿਚ ਬੈਠੇ ਪਰਿਵਾਰਾਂ ਨਾਲ ਮੇਲ ਕਰਾਏਗਾ ਅਤੇ ਨਾਲ ਹੀ ਪੰਜਾਂ ਤਖ਼ਤ ਸਾਹਿਬਾਨਾਂ ਦੇ ਦਰਸ਼ਨ, ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ, ਕਥਾ ਵਿਚਾਰ ,ਕੀਰਤਨ ਅਤੇ ਪੰਜ ਬਾਣੀਆਂ ਦੇ ਪਾਠ ਨਾਲ ਘਰ ਬੈਠੇ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ । ਚੈਨਲ ਦੇ ਪ੍ਰਮੋਟਰ ਅਤੇ ਡਾਇਰੈਕਟਰ ਭਾਨੂ ਜੀ ਅਤੇ ਸੁਨੀਲ ਹਾਲੀ ਹਮੇਸ਼ਾ ਤੋਂ ਚਾਹੁੰਦੇ ਸਨ ਇੱਕ ਅਜਿਹਾ ਰਿਸ਼ਤਾ ਸਥਾਪਿਤ ਕਰਨਾ ਜੋ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਆਪਣੇ ਮੂਲ ਰਾਜ ਨਾਲ ਜੋੜੀ ਰੱਖੇ ਤੇ ਉਹਨਾਂ ਦਾ ਵਿਸ਼ਵਾਸ ਹੈ ਕਿ ਪੰਜਾਬੀਅਤ ਦੇ ਪ੍ਰਚਾਰ ਪ੍ਰਸਾਰ ਲਈ ਇਹ ਚੈਨਲ ਨਾ ਸਿਰਫ ਇੱਕ ਜ਼ਰੀਆ ਬਣੇਗਾ ਬਲਕਿ ਤੇਜ਼ ਰਫਤਾਰ ਜ਼ਿੰਦਗੀ ਦੇਵੇਗਾ ਇਹ ਤੁਹਾਨੂੰ ਸੁੱਖ ਦੇ ਪਲ ਦੇਣ ਵਿੱਚ ਸਹਾਇ ਵੀ ਹੋਵੇਗਾ। ਉਹਨਾਂ ਦਾ ਕਹਿਣਾ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਇਸ ਚੈਨਲ 'ਤੇ ਦਿੱਖ ਰਿਹਾ ਹਰ ਪ੍ਰੋਗਰਾਮ ਤੁਹਾਡੇ ਦਿਲ ਤੱਕ ਪਹੁੰਚੇ ਤੇ ਇਹ ਨਵੀਂ ਸੋਚ ਯੂ.ਐੱਸ ਦੇ ਵੱਖ ਵੱਖ ਪਲੇਟਫਾਰਮਸ ਤੱਕ ਪਹੁੰਚੇ । ਪ੍ਰੋਡਕਸ਼ਨ ਤੇ ਟੈਕਨਿਕਲ ਹੈੱਡ ਟਿੱਟੂ ਬਦਲੀਆ ਨਿਊਯਾਰਕ , ਬਿਜ਼ਨਸ ਹੈੱਡ ਜਗਦੇਵ ਸਿੰਘ ਭੰਡਾਲ ਸੈਕਰਾਮੈਂਟੋ ਤੋਂ ਇਸ ਪੂਰੇ ਨੈੱਟਵਰਕ ਰਾਂਹੀ ਯੂ.ਐੱਸ ਵੱਸਦੇ ਪੰਜਾਬੀ ਭਾਈਚਾਰੇ ਦੀਆਂ ਉਮੀਦਾਂ ਨੂੰ ਸਕਾਰ ਕਰਨਗੇ, ਇੱਕ ਅਜਿਹੇ ਚੈਂਨਲ ਰਾਂਹੀ ਜੋ ਤੁਹਾਡਾ ਆਪਣਾ ਚੈਂਨਲ ਹੋਵੇਗਾ ਜਿਸਤੇ ਤੁਹਾਨੂੰ ਸਭ ਨੂੰ ਗਰਵ ਹੋਵੇਗਾ। ਨੈੱਟਵਰਕ ਸੀ.ਈ.ਓ ਵਿਕਾਸ ਵੋਹਰਾ ਦਾ ਕਹਿਣਾ ਹੈ ਕਿ ਗਰਵ ਟੀ.ਵੀ ਨੈੱਟਵਰਕ ਗਰੁੱਪ ਦੇ ਪ੍ਰੋਗਰਾਮ ਅਜਿਹੇ ਹਨ ਇਹ ਪੱਛਮੀ ਸੱਭਿਆਚਾਰ 'ਚ ਆਪਣੀ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਬਿਖੇਰ ਦੇਣਗੇ । ਇੱਕ ਅਜਿਹਾ ਸੋਹਣਾ ਨਜ਼ਰੀਆ ਲੈਕੇ ਤੁਹਾਡੇ ਸਾਹਮਣੇ ਆ ਰਹੇ ਹਨ ਕਿ ਜੋ ਤੁਹਾਨੂੰ ਖੂਬ ਪਸੰਦ ਆਉਣ ਵਾਲਾ ਹੈ । ਮਿੱਟੀ ਦੀ ਮਹਿਕ ਤੋਂ ਲੈਕੇ ਸਮਾਜ ਦੇ ਬਦਲਦੇ ਰਵਈਏ ਤੱਕ ਸਿੱਖ ਇਤਿਹਾਸ ਤੋਂ ਲੈਕੇ ਵੀਰ ਜਵਾਨਾਂ ਤੱਕ ਇਸ ਚੈਨਲ ਤੇ ਹਰ ਉਹ ਰੰਗ ਢੰਗ ਨਜ਼ਰ ਆਏਗਾ ਜੋ ਤੁਸੀ ਹਮੇਸ਼ਾ ਚਾਹੁੰਦੇ ਸੀ ।

ਪੰਜਾਬ ਦੀ ਹਰ ਖਬਰ ਵੀ ਮਿਲੇਗੀ ਤੇ ਨਜ਼ਰ ਵੀ ਹਰ ਪਹਿਲੂ ਤੇ ਰੱਖੀ ਜਾਏਗੀ , ਕਿਉਕਿ ਇਹ ਵਾਅਦਾ ਹੈ ਆਪਣੀਆਂ ਹੀ ਜੜ੍ਹਾਂ ਦੇ ਨਾਲ ਉਸ ਨੈੱਟਵਰਕ ਵਲੋਂ ਜੋ ਪੰਜਾਬੀਅਤ ਦੀ ਸੇਵਾ ਦਾ ਜਿਗਰਾ ਰੱਖਦੇ ਹਨ । ਅਰਦਾਸ ਹੈ ਕਿ ਰੱਬ ਇਦਾਂ ਹੀ ਹਿੰਮਤ ਬਖਸ਼ੇ ਤੇ ਯੂ.ਐੱਸ ਅਤੇ ਦੁਨੀਆਂ ਦੇ ਵੱਖ-ਵੱਖ ਭਾਗਾਂ ਦੇ ਵੱਖ-ਵੱਖ ਪਲਟਫਾਰਮਸ 'ਤੇ ਤੁਹਾਡਾ ਪਿਆਰ ਤੇ ਵਿਸ਼ਵਾਸ ਬਣਿਆ ਰਹੇ । ਇਸ ਵੇਲੇ ਇਹ ਚੈਂਨਲ ਭਾਰਤ ,ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਆਪਣੀ ਪ੍ਰਸਿੱਧੀ ਖੱਟ ਰਿਹਾ ਹੈ । ਇਹ ਚੈਂਨਲ ਅਧਿਕਾਰਤ ਤੌਰ ਤੇ 30 ਅਗਸਤ 2017 ਨੂੰ ਨਿਊਯਾਰਕ ਅਤੇ 31ਅਗਸਤ 2017 ਨੂੰ ਸੈਕਰਾਮੈਂਟੋ ਵਿੱਚ ਲਾਂਚ ਦਾ ਐਲਾਨ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ ਜਗਦੇਵ ਸਿੰਘ ਭੰਡਾਲ ਨਾਲ 1-916-543-1313 ਤੇ ਸੰਪਰਕ ਕਰ ਸਕਦੇ ਹੋ।

# ਪੰਜਾਬ ਤੇ ਹਰਿਆਣਾ ਫੌਜੀ ਛਾਉਣੀ ਵਿਚ ਤਬਦੀਲ

(ਸਫਾ 1 ਦੀ ਬਾਕੀ)

ਮੰਤਰੀ ਨੇ ਸ਼ਾਂਤੀ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਨੂੰ ਅਦਾਲਤ ਦਾ ਫ਼ੈਸਲਾ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੰਵੇਦਨਸ਼ੀਲ ਇਲਾਕਿਆਂ ਦੇ ਹਵਾਈ ਸਰਵੇਖਣ ਲਈ ਡੀਜੀਪੀ ਨੂੰ ਸਰਕਾਰ ਵੱਲੋਂ ਹੈਲੀਕਾਪਟਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਮੁਖੀ ਸੁਰੇਸ਼ ਅਰੋੜਾ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਹਰਿਆਣਾ ਨਾਲ ਲੱਗਦੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਸਾਰੇ ਜ਼ਿਲ੍ਹਿਆਂ ਦੀ ਪੁਲੀਸ ਨੂੰ ਚੌਕਸ ਕੀਤਾ। ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਹੋਰ ਸੀਨੀਅਰ ਅਧਿਕਾਰੀਆਂ ਸਮੇਤ ਅੱਜ ਸਵੇਰੇ ਹੈਲੀਕਾਪਟਰ ਰਾਹੀਂ ਸੂਬੇ ਦੇ ਸਭ ਤੋਂ ਨਾਜ਼ੁਕ ਜ਼ੋਨ ਬਠਿੰਡਾ ਪਹੁੰਚੇ। ਉਨ੍ਹਾਂ ਨੇ ਬਠਿੰਡਾ ਤੇ ਮਾਨਸਾ ਦੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਹਦਾਇਤ ਕੀਤੀ ਕਿ ਕਿਤੇ ਪੱਤਾ ਨਹੀਂ ਹਿੱਲਣਾ ਚਾਹੀਦਾ ਅਤੇ ਅਧਿਕਾਰੀਆਂ ਨੂੰ ਸਖ਼ਤੀ ਨਾਲ ਨਜਿੱਠਣ ਲਈ ਖੁੱਲ੍ਹੀ ਛੁੱਟੀ ਦਿੱਤੀ। ਇਸ ਬਾਅਦ ਉਨ੍ਹਾਂ ਨੇ ਮੋਗਾ 'ਚ ਫ਼ਰੀਦਕੋਟ, ਮੋਗਾ, ਜਗਰਾਉਂ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ 'ਚ ਵਧੀਕ ਡੀਜੀਪੀ ਹਰਦੀਪ ਢਿੱਲੋਂ, ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੱਧੂ, ਬਠਿੰਡਾ ਜ਼ੋਨ ਦੇ ਆਈਜੀ ਮੁਖਵਿੰਦਰ ਛੀਨਾ ਵੀ ਹਾਜ਼ਰ ਸਨ। ਡੀਜੀਪੀ ਅਰੋੜਾ ਨੇ ਪਟਿਆਲਾ ਪੁਲੀਸ ਲਾਈਨ 'ਚ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਤੇ ਹਰਿਆਣਾ ਦੇ ਪੁਲੀਸ ਨਾਲ ਵੀ ਸੰਪਰਕ ਰੱਖਣ 'ਤੇ ਜ਼ੋਰ ਦਿੱਤਾ। ਦੇਰ ਸ਼ਾਮ ਪੰਜਾਬ ਤੇ ਹਰਿਆਣਾ ਦੇ ਪੁਲੀਸ ਮੁਖੀਆਂ ਸੁਰੇਸ਼ ਅਰੋੜਾ ਅਤੇ ਬਲਜੀਤ ਸਿੰਘ ਸੰਧੂ ਨੇ ਸਾਂਝੀ ਮੀਟਿੰਗ ਕੀਤੀ, ਜਿਸ ਵਿਚ ਆਪਸੀ ਤਾਲਮੇਲ ਵਧਾਉਣ ਸਮੇਤ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

**ਆਈਏਐਸ ਅਧਿਕਾਰੀ ਉਮਾਸ਼ੰਕਰ ਨੂੰ ਨਹੀਂ ਮਿਲਿਆ ਡੇਰਾ ਮੁਖੀ**

ਸੀਨੀਅਰ ਆਈਏਐਸ ਅਧਿਕਾਰੀ ਵੀ. ਉਮਾਸ਼ੰਕਰ ਡੇਰਾ ਸੱਚਾ ਸੌਦਾ ਪੁੱਜੇ ਤੇ ਕਮੇਟੀ ਦੇ ਕੁਝ ਮੈਂਬਰਾਂ ਨੂੰ ਮਿਲੇ ਪਰ ਉਨ੍ਹਾਂ ਨੂੰ ਡੇਰਾ ਮੁਖੀ ਨਾਲ ਮੁਲਾਕਾਤ ਲਈ ਸਮਾਂ ਨਹੀਂ ਦਿੱਤਾ ਗਿਆ। ਸੂਤਰਾਂ ਮੁਤਾਬਕ ਇਸ ਅਧਿਕਾਰੀ ਦੀ ਡੇਰਾ ਮੁਖੀ ਨਾਲ ਮੀਟਿੰਗ ਵੀਰਵਾਰ ਨੂੰ ਹੋਵੇਗੀ। ਜਾਣਕਾਰੀ ਮੁਤਾਬਕ ਸ੍ਰੀ ਉਮਾਸ਼ੰਕਰ ਡੇਰੇ ਦੇ ਚੇਅਰਪਰਸਨ ਵਿਪਾਸਨਾ ਅਤੇ ਸੀਨੀਅਰ ਵਾਈਸ ਚੇਅਰਪਰਸਨ ਡਾ. ਪ੍ਰਿਥਵੀਰਾਜ ਨੈਨ ਨੂੰ ਮਿਲੇ। ਇਹ ਮੁਲਾਕਾਤ ਫ਼ਿਲਮ ਐਮਐਸਜੀ ਦੇ ਨਿਰਮਾਤਾ ਪੰਕਜ ਖੇਮਕਾ ਨੇ ਕਰਵਾਈ।

**ਡੇਰਾ ਮੁਖੀ 25 ਨੂੰ ਅਦਾਲਤ 'ਚ ਪੇਸ਼ ਹੋ ਜਾਣਗੇ: ਖੱਟਰ**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਡੇਰਾ ਮੁਖੀ 25 ਅਗਸਤ ਨੂੰ ਅਦਾਲਤ 'ਚ ਪੇਸ਼ ਹੋ ਜਾਣਗੇ। ਸਿਰਸਾ ਜ਼ਿਲ੍ਹੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨੀਮ ਫੌਜੀ ਬਲਾਂ ਵੱਲੋਂ ਡੇਰੇ ਦੁਆਲੇ ਗਸ਼ਤ ਕੀਤੀ ਜਾ ਰਹੀ ਹੈ ਅਤੇ ਅੱਜ ਤਿੰਨ ਚਾਰ ਬੱਸਾਂ ਡੇਰਾ ਪ੍ਰੇਮੀਆਂ ਨੂੰ ਲੈ ਕੇ ਆਈਆਂ ਪਰ ਪੁਲੀਸ ਤੇ ਨੀਮ ਫ਼ੌਜੀ ਬਲਾਂ ਵੱਲੋਂ ਡੇਰੇ ਤੋਂ ਕੁਝ ਦੂਰ ਲਾਈਆਂ ਰੋਕਾਂ 'ਤੇ ਉਤਾਰ ਦਿੱਤਾ ਗਿਆ ਤੇ ਪ੍ਰੇਮੀ ਪੈਦਲ ਹੀ ਡੇਰੇ 'ਚ ਪੁੱਜੇ। ਪੰਚਕੂਲਾ ਦੇ ਨਾਮ ਚਰਚਾ ਘਰ 'ਚ ਕਾਫੀ ਗਿਣਤੀ ਵਿੱਚ ਪੈਰੋਕਾਰ ਪਹੁੰਚ ਗਏ ਹਨ।

## ਸੰਤ ਲੌਂਗੋਵਾਲ ਦੀ ਬਰਸੀ

# ਮਿਹਣੋ-ਮਿਹਣੀ ਹੋਏ ਸਿਆਸਤਦਾਨ

ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 32ਵੀਂ ਬਰਸੀ ਮੌਕੇ ਲੌਂਗੋਵਾਲ (ਸੰਗਰੂਰ) ਵਿੱਚ ਹੋਈਆਂ ਕਾਨਫਰੰਸਾਂ ਵਿੱਚ ਮਰਹੂਮ ਅਕਾਲੀ ਨੇਤਾ ਨੂੰ ਘੱਟ ਯਾਦ ਕੀਤਾ ਗਿਆ ਅਤੇ ਕਾਂਗਰਸ ਤੇ ਅਕਾਲੀ ਆਗੂ ਆਪਸ ਵਿੱਚ ਮਿਹਣੋ-ਮਿਹਣੀ ਵੱਧ ਹੋਏ। ਕਾਂਗਰਸ ਨੇ 11 ਸਾਲਾਂ ਬਾਅਦ 'ਸਰਕਾਰੀ ਸਮਾਗਮ' ਦੇ ਬਹਾਨੇ ਸੰਤ ਲੌਂਗੋਵਾਲ ਨੂੰ ਯਾਦ ਕਰਨਾ ਮੁਨਾਸਿਬ ਸਮਝਿਆ ਜਦੋਂਕਿ ਅਕਾਲੀ ਦਲ ਵੱਲੋਂ ਇਸ ਦਿਹਾੜੇ 'ਤੇ ਸ਼ਹੀਦੀ ਕਾਨਫਰੰਸ ਬਾਕਾਇਦਾ ਤੌਰ 'ਤੇ ਕੀਤੀ ਜਾਂਦੀ ਰਹੀ ਹੈ ਪਰ ਇਸ ਦਾ ਜਲੌਅ ਸਾਲ-ਦਰ-ਸਾਲ ਘਟਦਾ ਜਾ ਰਿਹਾ ਹੈ। ਦੋਵਾਂ ਸਮਾਗਮਾਂ ਦੌਰਾਨ ਤਕਰੀਰਾਂ ਅਤੇ ਆਗੂਆਂ ਦੇ ਆਚਾਰ-ਵਿਹਾਰ ਤੋਂ ਅਜਿਹਾ ਕੋਈ ਆਭਾਸ ਨਹੀਂ ਹੋਇਆ ਕਿ ਉਹ ਉਸ ਸ਼ਖ਼ਸੀਅਤ ਨੂੰ ਅਕੀਦਤ ਭੇਟ ਕਰਨ ਆਏ ਹਨ ਜਿਸ ਨੇ ਪੰਜਾਬ ਵਿਚ ਅਮਨ-ਚੈਨ ਦੀ ਵਾਪਸੀ, ਰਾਜ ਦੇ ਲੋਕਾਂ ਦੀ ਬਿਹਤਰੀ ਅਤੇ ਸਮਾਜਿਕ ਸਦਭਾਵ ਦੀ ਬਰਕਰਾਰੀ ਖ਼ਾਤਿਰ ਰਾਜੀਵ-ਲੌਂਗੋਵਾਲ ਸਮਝੌਤੇ ਉੱਤੇ ਦਸਤਖ਼ਤ ਕਰਨ ਵਰਗੀ ਦਲੇਰੀ ਦਿਖਾਈ ਅਤੇ ਇਸੇ ਦਲੇਰੀ ਕਾਰਨ ਆਪਣੀ ਜਾਨ ਦੀ ਬਲੀ ਦੇ ਦਿੱਤੀ। ਕਿਸੇ ਵੀ ਦਿਹਾੜੇ ਨੂੰ ਉਸ ਨਾਲ ਜੁੜਿਆ ਜਜ਼ਬਾ ਦਰਕਿਨਾਰ ਕਰਕੇ ਮਨਾਉਣਾ ਮਹਿਜ਼ ਆਡੰਬਰ ਹੁੰਦਾ ਹੈ ਅਤੇ ਅਜਿਹੀ ਆਡੰਬਰਬਾਜ਼ੀ ਦੋਵਾਂ ਸਮਾਗਮਾਂ ਦੌਰਾਨ ਦੇਖਣ ਨੂੰ ਮਿਲੀ।

ਕਾਂਗਰਸ ਵਾਲੇ 'ਸਰਕਾਰੀ ਸਮਾਗਮ' ਵਿੱਚ ਸਿਹਤ ਤੇ ਮੈਡੀਕਲ ਸਿੱਖਿਆ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਸ਼ਮੂਲੀਅਤ ਨਹੀਂ ਕੀਤੀ ਹਾਲਾਂਕਿ ਸਰਕਾਰੀ ਇਸ਼ਤਿਹਾਰਾਂ ਮੁਤਾਬਿਕ ਉਨ੍ਹਾਂ ਨੇ ਤੇ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰਨੀ ਸੀ। ਉਂਜ ਵੀ, ਕਾਂਗਰਸ ਦੀ ਸਟੇਜ ਉਪਰ ਕੌਣ ਬੈਠੇ ਤੇ ਕੌਣ ਨਾ ਬੈਠੇ, ਨੂੰ ਲੈ ਕੇ ਤਕਰਾਰਬਾਜ਼ੀ ਚਲਦੀ ਰਹੀ। ਬਹੁਤੇ ਸਮਾਗਮਾਂ ਵਿੱਚ ਸਰਕਾਰ ਦੀ ਨੁਮਾਇੰਦਗੀ ਕਰਨ ਦੀ ਜ਼ਿੰਮੇਵਾਰੀ ਸਾਧੂ ਸਿੰਘ ਧਰਮਸੋਤ ਸਿਰ ਪੈਂਦੀ ਆ ਰਹੀ ਹੈ, ਪਰ ਤਕਰੀਰੀ ਹੁਨਰਮੰਦੀ ਪੱਖੋਂ ਉਨ੍ਹਾਂ ਦਾ ਹੱਥ ਤੰਗ ਹੈ।

ਉਨ੍ਹਾਂ ਦਾ ਆਜ਼ਾਦੀ ਦਿਵਸ ਸਮਾਗਮ ਵਾਲਾ ਵਾਇਰਲ ਹੋਇਆ ਭਾਸ਼ਨ ਇਸ ਕਮਜ਼ੋਰੀ ਦੀ ਸਪਸ਼ਟ ਨਿਸ਼ਾਨਦੇਹੀ ਕਰਦਾ ਹੈ। ਲੌਂਗੋਵਾਲ ਵਿੱਚ ਵੀ ਉਹ ਇਸ ਪੱਖੋਂ ਕੋਈ ਸੁਧਾਰ ਨਹੀਂ ਦਿਖਾ ਸਕੇ। ਅਕਾਲੀ ਦਲ ਦੇ ਸਮਾਗਮ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਕੇਂਦਰੀ ਮੰਤਰੀ ਤੇ ਪੰਜਾਬ ਭਾਜਪਾ ਪ੍ਰਧਾਨ ਵਿਜੈ ਸਾਂਪਲਾ ਮੁੱਖ ਬੁਲਾਰੇ ਸਨ, ਪਰ ਉਹ ਵੀ ਸ਼ਾਇਸਤਗੀ ਤੇ ਸੁਹਜ ਦੇ ਨੇੜੇ ਨਹੀਂ ਢੁਕੇ। ਸੰਤ ਹਰਚੰਦ ਸਿੰਘ ਸ਼ਾਂਤ-ਚਿੱਤ ਤੇ ਉਦਾਰ ਸ਼ਖ਼ਸੀਅਤ ਸਨ। ਉਹ ਆਪਣੇ ਕੱਟੜ ਵਿਰੋਧੀਆਂ ਨੂੰ ਵੀ ਕਦੇ ਬੁਰਾ ਨਹੀਂ ਸੀ ਕਹਿੰਦੇ। ਉਨ੍ਹਾਂ ਨੇ ਹਮੇਸ਼ਾਂ ਆਪਣੇ ਸ਼ਬਦਾਂ ਉੱਤੇ ਪਹਿਰਾ ਦਿੱਤਾ ਅਤੇ ਘੋਰ ਸੰਕਟ ਵਾਲੇ ਹਾਲਾਤ ਵਿਚ ਵੀ ਸਰਬ-ਸੰਤੋਖ ਦਾ ਪੱਲਾ ਨਹੀਂ ਛੱਡਿਆ।

# ਦਹਿਸ਼ਤਗਰਦੀ ਨੂੰ ਸ਼ਹਿ ਦੇਣ ਵਾਲੇ ਪਾਕਿਸਤਾਨ ਨੂੰ ਟਰੰਪ ਦੀ ਚਿਤਾਵਨੀ

(ਸਫਾ 1 ਦੀ ਬਾਕੀ)

ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਉਹ ਅਫ਼ਗਾਨਿਸਤਾਨ ਵਿੱਚੋਂ ਫ਼ੌਜਾਂ ਕੱਢੇ ਜਾਣ ਦੇ ਹਾਮੀ ਸਨ, ਪਰ ਭਾਰੀ ਵਿਚਾਰ-ਵਟਾਂਦਰੇ ਤੋਂ ਬਾਅਦ ਉਨ੍ਹਾਂ ਸਿੱਟਾ ਕੱਢਿਆ ਕਿ 'ਕਾਹਲੀ ਨਾਲ ਵਾਪਸੀ ਦੇ ਸਿੱਟੇ' ਭਿਆਨਕ ਹੋਣਗੇ ਅਤੇ ਇਸ ਦਾ ਆਈਐਸ ਤੇ ਅਲ-ਕਾਇਦਾ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨੀਤੀ ਦਾ ਇਕ 'ਅਹਿਮ ਹਿੱਸਾ' ਭਾਰਤ ਨਾਲ ਅਮਰੀਕਾ ਦੀ ਰਣਨੀਤਕ ਭਾਈਵਾਲੀ ਨੂੰ 'ਹੋਰ ਵਿਕਸਤ' ਕਰਨਾ ਵੀ ਹੈ। ਉਨ੍ਹਾਂ ਅਫ਼ਗਾਨਿਸਤਾਨ ਵਿੱਚ ਭਾਰਤ ਦੀ ਖ਼ਾਸਕਰ ਆਰਥਿਕ ਖੇਤਰ ਵਿੱਚ ਵਧੇਰੇ ਭੂਮਿਕਾ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਜੋ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਅਮਰੀਕਾ ਦਾ ਮੁੱਖ ਸੁਰੱਖਿਆ ਤੇ ਆਰਥਿਕ ਭਾਈਵਾਲ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਦੀ ਨਵੀਂ ਨੀਤੀ ਤਹਿਤ ਇਸ ਦੀ ਪਾਕਿਸਤਾਨ ਪ੍ਰਤੀ ਪਹੁੰਚ ਬਦਲੀ ਕੀਤੀ ਗਈ ਹੈ। ਉਨ੍ਹਾਂ ਕਿਹਾ, ''ਪਾਕਿਸਤਾਨ ਅਕਸਰ ਦਹਿਸ਼ਤਗਰਦਾਂ ਨੂੰ ਸੁਰੱਖਿਅਤ ਟਿਕਾਣੇ ਮੁਹੱਈਆ ਕਰਾਉਂਦਾ ਹੈ। ਇਹ ਇਕ ਬੜਾ ਵੱਡਾ ਖ਼ਤਰਾ ਹੈ।'' ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਗ਼ਨੀ ਨੇ ਆਪਣੇ ਜੰਗ-ਮਾਰੇ ਮੁਲਕ ਵਿੱਚ ਅਮਰੀਕਾ ਦੀ ਵੱਧ ਦਿਲਚਸਪੀ ਅਤੇ ਫ਼ੌਜਾਂ ਦੀ ਨਫ਼ਰੀ ਵਧਾਉਣ ਦੇ ਸ੍ਰੀ ਟਰੰਪ ਦੇ ਇਸ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ। ਦੂਜੇ ਪਾਸੇ ਤਾਲਿਬਾਨ ਨੇ ਸ੍ਰੀ ਟਰੰਪ ਦੀ ਇਸ ਰਣਨੀਤੀ ਨੂੰ ਇਹ ਕਹਿੰਦਿਆਂ ਖ਼ਾਰਜ ਕਰ ਦਿੱਤਾ ਕਿ ਇਸ ਵਿੱਚ 'ਕੁਝ ਵੀ ਨਵਾਂ ਨਹੀਂ' ਹੈ। ਭਾਰਤ ਨੇ ਵੀ ਅਫ਼ਗਾਨਿਸਤਾਨ ਵਿਚਲੀਆਂ ਵੰਗਾਰਾਂ ਦੇ ਟਾਕਰੇ ਲਈ ਸ੍ਰੀ ਟਰੰਪ ਦੀ ਦ੍ਰਿੜ੍ਹਤਾ ਅਤੇ ਉਨ੍ਹਾਂ ਵੱਲੋਂ ਸਰਹੱਦ ਪਾਰੋਂ ਦਹਿਸ਼ਤਗਰਦਾਂ ਨੂੰ ਮਿਲ ਰਹੇ ਸਹਿਯੋਗ ਖ਼ਿਲਾਫ਼ ਸਖ਼ਤ ਸਟੈਂਡ ਲਏ ਜਾਣ ਦੀ ਸ਼ਲਾਘਾ ਕੀਤੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ, ''ਭਾਰਤ ਇਨ੍ਹਾਂ ਵਿਚਾਰਾਂ ਦਾ ਹਾਮੀ ਹੈ।''

**ਚੀਨ ਵੱਲੋਂ ਪਾਕਿਸਤਾਨ ਦੀ ਹਮਾਇਤ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਹਿਸ਼ਤਗਰਦੀ ਦੇ ਮੁੱਦੇ ਉਤੇ ਦਿੱਤੀ ਚੇਤਾਵਨੀ ਦੇ ਮੱਦੇਨਜ਼ਰ ਚੀਨ ਫ਼ੌਰੀ ਆਪਣੇ ਭਾਈਵਾਲ ਪਾਕਿਸਤਾਨ ਦੀ ਹਮਾਇਤ ਉਤੇ ਆ ਗਿਆ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੁਆ ਚੁਨਯਿੰਗ ਨੇ ਕਿਹਾ, ''ਪਾਕਿਸਤਾਨ ਦਹਿਸ਼ਤਗਰਦੀ ਦੇ ਟਾਕਰੇ ਲਈ ਮੋਹਰੀ ਰਿਹਾ ਹੈ ਤੇ ਬਹੁਤ ਕੁਰਬਾਨੀਆਂ ਕੀਤੀਆਂ ਹਨ।

# ਡੇਢ ਲੱਖ ਤੋਂ ਜ਼ਿਆਦਾ ਜ਼ਿੰਦਗੀਆਂ ਲੈ ਲੈਂਦੇ ਨੇ ਹਾਦਸੇ

ਭਾਰਤ ਵਿਚ ਸੜਕ ਅਤੇ ਰੇਲ ਹਾਦਸਿਆਂ ਦੇ ਅੰਕੜੇ ਰੌਂਗਟੇ ਖੜ੍ਹੇ ਕਰਨ ਵਾਲੇ ਹਨ। ਸੱਚਮੁਚ ਹੀ ਸੜਕਾਂ ਖੂਨੀ ਸੜਕਾਂ ਦਾ ਰੂਪ ਧਾਰਨ ਕਰ ਗਈਆਂ ਹਨ। ਸਵੇਰੇ ਸਵੇਰੇ ਜਦੋਂ ਅਖਬਾਰਾਂ 'ਤੇ ਨਜ਼ਰ ਮਾਰੋ ਤਾਂ ਸੜਕ ਹਾਦਸਿਆਂ ਵਿਚ ਮਰ ਰਹੇ ਲੋਕਾਂ ਦੀਆਂ ਖਬਰਾਂ ਬੁਰੀ ਤਰ੍ਹਾਂ ਬੇਚੈਨ ਕਰ ਦਿੰਦੀਆਂ ਹਨ। ਹੈਰਾਨੀ ਤਾਂ ਇਸ ਗੱਲ ਦੀ ਵੀ ਹੈ ਕਿ ਜੇ ਅਸੀਂ ਨੈਸ਼ਨਲ ਕ੍ਰਾਈਮ ਬਿਊਰੋ ਦੇ ਅੰਕੜੇ ਵੇਖੀਏ ਤਾਂ ਇਹ ਸੜਕ ਹਾਦਸੇ ਹਰ ਵਰ੍ਹੇ ਲਗਾਤਾਰ ਵੱਧ ਰਹੇ ਹਨ। 2013 ਵਿਚ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ 4 ਲੱਖ 86 ਹਜ਼ਾਰ 4 ਸੌ 76 ਦੁਰਘਟਨਾਵਾਂ ਹੋਈਆਂ ਸਨ ਜਦੋਂ ਕਿ 2015 ਵਿਚ ਇਹਨਾਂ ਦੀ ਗਿਣਤੀ ਵੱਧ ਕੇ 5 ਲੱਖ 3 ਹਜ਼ਾਰ ਤੱਕ ਪਹੁੰਚ ਗਈ ਸੀ। ਇਹਨਾਂ ਸੜਕ ਹਾਦਸਿਆਂ ਵਿਚ 2013 ਵਿਚ 1 ਲੱਖ 37 ਹਜ਼ਾਰ 5 ਸੌ 72 ਲੋਕਾਂ ਦੀ ਮੌਤ ਹੋਈ। 2015 ਵਿਚ 1 ਲੱਖ 46 ਹਜ਼ਾਰ 6 ਸੌ 12 ਲੋਕ ਸੜਕ ਹਾਦਸਿਆਂ ਦਾ ਸ਼ਿਕਾਰ ਹੋਏ। 2013 ਵਿਚ ਸੜਕ ਦੁਰਘਟਨਾਵਾਂ ਵਿਚ ਜ਼ਖਮੀ ਹੋਣ ਵਾਲੇ ਲੋਕਾਂ ਦੀ ਗਿਣਤੀ 4 ਲੱਖ 94 ਹਜ਼ਾਰ 9 ਸੌ 93 ਸੀ ਜਦੋਂ ਕਿ 2015 ਵਿਚ 5 ਲੱਖ 13 ਹਜ਼ਾਰ 9 ਸੌ 60 ਲੋਕ ਜ਼ਖਮੀ ਹੋਏ ਸਨ। 2013 ਅਤੇ 2015 ਦੇ ਅੰਕੜਿਆਂ ਅਨੁਸਾਰ ਹਰ 100 ਦੁਰਘਟਨਾਵਾਂ ਪਿੱਛੇ 29.6 ਫੀਸਦੀ ਲੋਕ ਇਸ ਦੁਨੀਆਂ ਤੋਂ ਰੁਖਸਤ ਹੋ ਜਾਂਦੇ ਹਨ। ਇਹਨਾਂ ਮੌਤਾਂ ਦੀ ਗਿਣਤੀ ਵਿਚ ਪੰਜਾਬ ਨੰਬਰ ਇਕ 'ਤੇ ਹੈ ਅਤੇ ਦੂਜੇ ਨੰਬਰ ਤੇ ਨਾਗਾਲੈਂਡ ਆਉਂਦਾ ਹੈ। ਸੜਕ ਹਾਦਸਿਆਂ ਵਿਚ ਹਰਿਆਣਾ ਦਾ ਨੰਬਰ ਤੀਜਾ ਹੈ।

ਭਾਰਤ ਵਿਚ ਹਰ 10 ਮਿੰਟ ਵਿਚ 9 ਹਾਦਸੇ ਵਾਪਰਦੇ ਹਨ, ਜਿਹਨਾਂ ਵਿਚ ਤਿੰਨ ਵਿਅਕਤੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। 2015 ਵਿਚ 464000 ਸੜਕ ਹਾਦਸੇ ਹੋਏ ਜੋ 2014 ਨਾਲੋਂ 3 ਫੀਸਦੀ ਜ਼ਿਆਦਾ ਹਨ। 2014 ਵਿਚ 48000 ਸੜਕ ਹਾਦਸੇ ਹੋਏ ਸਨ। ਦੋ ਪਹੀਆ ਵਾਹਨਾਂ ਦੇ ਹਾਦਸਿਆਂ ਨੇ ਕੁੱਲ 29 ਫੀਸਦੀ ਲੋਕਾਂ ਨੂੰ ਮੌਤ ਦਾ ਸ਼ਿਕਾਰ ਬਣਾਇਆ ਅਤੇ ਕਾਰਾਂ ਰਾਹੀਂ ਹਾਦਸਿਆਂ ਵਿਚ 19 ਫੀਸਦੀ ਲੋਕ ਮਰੇ। 2015 ਵਿਚ 400 ਲੋਕ ਰੋਜ਼ਾਨਾ ਸੜਕ ਦੁਰਘਨਾਵਾਂ ਵਿਚ ਮਰੇ ਅਤੇ ਅੱਜਕਲ੍ਹ ਦੇ ਅੰਕੜੇ ਮੁਤਾਬਕ 410 ਲੋਕ ਹਰ ਰਜ਼ ਸੜਕ ਹਾਦਸਿਆਂ ਵਿਚ ਮਰਦੇ ਹਨ। ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਅਗਲੇ ਵਰ੍ਹੇ ਤੱਕ ਹਾਦਸਿਆਂ ਨੂੰ ਘੱਟੋ ਘੱਟ ਅੱਧੇ ਕਰਨ ਦੀ ਕੋਸ਼ਿਸ਼ ਕਰੇਗੀ। ਭਾਰਤ ਵਿਚ ਜਦੋਂ ਤੁਸੀਂ ਕਿਸੇ ਵੀ ਵਾਹਨ 'ਤੇ ਘਰੋਂ ਨਿਕਲਦੇ ਹੋ ਤਾਂ ਆਪਣੀ ਜ਼ਿੰਦਗੀ ਦੇ ਰਿਸਕ 'ਤੇ ਹੀ ਨਿਕਲਦੇ ਹੋ। ਤੁਸੀਂ ਹਰ ਨਿਯਮ ਦੀ ਪਾਲਣਾ ਕਰਦੇ ਹੋ ਪਰ ਜ਼ਰੂਰੀ ਨਹੀਂ ਕਿ ਤੁਹਾਡੇ ਅੱਗੋਂ ਜਾਂ ਪਿੱਛੋਂ ਆ ਰਿਹਾ ਵਾਹਨ ਤੁਹਾਡੇ ਵਿਚ ਟੱਕਰ ਨਹੀਂ ਮਾਰੇਗਾ। ਸੜਕਾਂ ਤੇ ਕਦੀ ਵੀ ਕੁਝ ਹੋ ਸਕਦਾ ਹੈ। ਅਜਿਹੀ ਭਿਆਨਕ ਸਥਿਤੀ 'ਚ ਜਿੱਥੇ ਸਾਨੂੰ ਸੰਭਲ ਕੇ ਚੱਲਣ ਦੀ ਲੋੜ ਹੈ, ਉੱਥੇ ਇਸ ਲਈ ਕੁਝ ਕਰਨਾ ਵੀ ਬਹੁਤ ਜ਼ਰੂਰੀ ਹੋ ਗਿਆ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-38

## ਗੁਰਬਾਣੀ ਦੇ ਚਾਨਣ ਵਿੱਚ ਪਰਉਪਕਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਇਹ ਕਿਰਿਆਵਾਚੀ ਸ਼ਬਦ ਹੈ। ਉਪਕਾਰ-ਭਲਾ ਕੰਮ, ਪਰਉਪਕਾਰ-ਦੂਸਰੇ ਦੀ ਭਲਾਈ-ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ (੨੭੩) ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ॥ (੪੯੩) ਪਰਉਪਕਾਰ ਦਾ ਭਾਵ ਦੂਸਰੇ ਲੋੜਵੰਦ ਵਿਅਕਤੀ ਦੀ ਦਿਲੋਂ ਬਿਨਾਂ ਸੁਆਰਥ ਦੇ ਮਦਦ ਕਰਨੀ। ਨਿਮਰ ਹੋਣਾ ਜ਼ਰੂਰੀ ਹੈ ਤਾਂ ਜੋ ਸਹਾਇਤਾ ਲੈਣ ਵਾਲੇ ਨੂੰ ਹੀਨਤਾ ਮਹਿਸੂਸ ਨਾ ਹੋਵੇ। ਪਰਉਪਕਾਰੀ ਨੂੰ ਜਾਤ ਜਾਂ ਧਰਮ ਦਾ ਭੇਦ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਦਿਖਾਵੇ ਜਾਂ ਵਡਿਆਈ ਕਰਾਉਣਾ ਮੁੱਖ ਉਦੇਸ਼ ਹੋਵੇ। ਪਰਉਪਕਾਰ ਕਰਨਾ ਇੱਕ ਰੱਬੀ ਗੁਣ ਹੈ। ਇਸ ਬਾਰੇ ਗੁਰ ਫੁਰਮਾਂਨ ਹੈ ਕਿ-ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ॥ (੫੩੩) ਗੁਰੂ ਰਾਮਦਾਸ ਸਾਹਿਬ ਫੁਰਮਾਂਦੇ ਹਨ ਕਿ-ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥ (੯੬) ਕਰਤਾਰ ਨੇ ਮੇਰੇ ਨਾਲ ਭਲਾ ਤੇ ਨੇਕੀ ਕੀਤੀ ਅਤੇ ਮੈਨੂੰ ਕਠਨ ਭਿਆਨਕ ਸਮੁੰਦਰ ਤੋਂ ਪਾਰ ਉਤਾਰਾ ਦਿੱਤਾ ਹੈ-ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢੇ॥ (੧੭੧) ਗੁਰਬਾਣੀ ਵਿੱਚ ਪਰਉਪਕਾਰੀ ਮਨੁੱਖ ਦੀ ਮਹਾਨਤਾ ਕਈ ਥਾਂ ਦਰਸਾਈ ਗਈ ਹੈ ਕਿ-ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ॥ (੩੧੧) ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ॥ (੪੯੩) ਪ੍ਰਭੂ ਸੇਵਕ ਉੱਚੇ ਜੀਵਨ ਵਾਲੇ, ਸ੍ਰੇਸ਼ਟ ਬਚਨਾ ਵਾਲੇ ਹੁੰਦੇ ਅਤੇ ਸ੍ਰੇਸਟ ਬਚਨ ਉਹ ਲੋਕ ਭਲਾਈ ਵਾਸਤੇ ਬੋਲਦੇ ਹਨ-ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ॥ (੯੮੩) ਪਰਉਪਕਾਰੀ ਜਨਮ-ਮਰਨ ਤੋਂ ਮੁਕਤ ਹੁੰਦੇ, ਰੂਹਾਨੀ ਜੀਵਨ ਦੀ ਦਾਤ ਦਿੰਦੇ, ਰੱਬੀ ਭਾਵਨਾ ਵੱਲ ਲਾਉਂਦੇ ਅਤੇ ਅਤੇ ਕਰਤੇ ਨਾਲ ਮੇਲਦੇ ਹਨ-ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪ-ਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (੭੪੯) ਜਿਸ ਸਰੀਰ ਨਾਲ ਪਰਉਪਕਾਰ ਨਹੀਂ ਕੀਤਾ ਜਾਂਦਾ ਉਹ ਮਿਥਿਆ ਬੇਕਾਰ ਹੈ-ਮਿਥਿਆ ਤਨ ਨਹੀ ਪਰਉਪਕਾਰਾ॥ (੨੬੯) ਪਰਉਪਕਾਰੀ ਜੀਵ ਨਿਰਵੈਰ ਹੋਵੇ, ਕੋਈ ਲਾਲਚ ਜਾਂ ਈਰਖਾ ਭਾਵ ਉਸ ਦੇ ਮਨ ਵਿੱਚ ਨਾ ਹੋਵੇ। ਲੋੜਵੰਦ ਦੇ ਔਗੁਣ ਨਾਂ ਤੱਕੇ ਸਗੋਂ ਉਨ੍ਹਾਂ ਨੂੰ ਦੂਰ ਕਰਨ ਦਾ ਉਪਰਾਲਾ ਕਰੇ-ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥ ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥ (੨੧੮) ਨੇਕ ਪੁਰਸ਼ ਹਮੇਸ਼ਾ ਹੋਰਨਾਂ ਦਾ ਭਲਾ ਕਰਨਾ ਸੋਚਦੇ ਅਤੇ ਕੋਈ ਪਾਪ-ਵਿਕਾਰ ਉਨ੍ਹਾਂ ਉੱਤੇ ਆਪਣਾ ਅਸਰ ਨਹੀਂ ਪਾ ਸਕਦਾ-ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥ (੮੧੫) ਭਾਵ ਪਰਉਪਕਾਰ ਕਰਣ ਲੱਗਿਆਂ ਸਾਨੂੰ ਲੋੜਵੰਦ ਦੇ ਧਰਮ ਜਾਂ ਦੇਸ਼ ਦਾ ਵਿਚਾਰ ਨਹੀਂ ਕਰਨਾ ਚਾਹੀਦਾ।

ਸੱਜਣ ਅਤੇ ਦੁਸ਼ਮਨ ਦਾ ਖਿਆਲ ਕੀਤੇ ਬਿਨਾਂ ਜਿੱਥੋਂ ਤੱਕ ਹੋ ਸਕੇ ਹਰ ਲੋੜਵੰਦ ਦੀ ਸਹਾਇਤਾ ਕਰਨੀ ਚਾਹੀਦੀ ਹੈ। ਦੇਖੋ! ਇੱਕ ਮਨੁੱਖ ਨੇ ਇੱਕ ਰੁੱਖ ਨੂੰ ਤੇਜ਼ ਹਥਿਆਰ ਨਾਲ ਕੱਟ ਸੁੱਟਿਆ ਪਰ ਰੁੱਖ ਨੇ ਆਪਣੇ ਮਨ ਵਿੱਚ ਉਸ ਬੰਦੇ ਤੇ ਗੁੱਸਾ ਨਹੀਂ ਕੀਤਾ, ਸਗੋਂ ਉਸ ਮਨੁੱਖ ਦਾ ਕੰਮ ਸਵਾਰ ਦਿੱਤਾ ਅਤੇ ਉਸ ਨੂੰ ਰਤਾ ਭਰ ਵੀ ਕੋਈ ਦੋਸ਼ ਨਹੀਂ ਦਿੱਤਾ-ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥ (੧੦੧੮) ਪ੍ਰਭੂ ਦਾ ਸਿਮਰਨ ਕਰਨ ਵਾਲੇ ਵੀ ਪਰਉਪਕਾਰੀ ਹੁੰਦੇ ਹਨ ਕਿਉਂਕਿ ਇਵੇਂ ਉਨ੍ਹਾਂ ਵਿੱਚ ਰੱਬੀ ਗੁਣ ਪੈਦਾ ਹੋ ਜਾਂਦੇ ਅਤੇ ਪਰਉਪਕਾਰ ਕਰਨਾ ਉਨ੍ਹਾਂ ਦਾ ਸੁਭਾਅ ਬਣ ਜਾਂਦਾ ਹੈ-ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥ (੨੬੩) ਹੇ ਮੇਰੇ ਸੁਆਮੀ! ਮੈਨੂੰ ਉਨ੍ਹਾਂ ਰੱਬੀ ਪਿਆਰੀਆਂ ਦੀ ਸੰਗਤ ਬਖਸ਼ ਜੋ ਤੇਰੀਆਂ ਨੇਕੀਆਂ ਨੂੰ ਉਚਾਰਦੇ ਅਤੇ ਹੋਰਨਾਂ ਦਾ ਭਲਾ ਕਰਦੇ ਹਨ-ਪਰਉਪਕਾਰ ਬੋਲਹਿ ਬਹੁ ਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ॥ (੧੩੨੬) ਉਹ ਰਸਨਾ ਅਮੋਲਕ ਹੈ ਜੋ ਕੇਵਲ ਸੁਆਮੀ ਦਾ ਜੱਸ ਗਾਇਨ ਕਰਦੀ ਹੈ-ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ॥ (੮੨੪)

ਵਿਦਿਆ ਦੀ ਵਿਚਾਰ ਕਰਨਾ ਹੀ ਬਹੁਤ ਵੱਡਾ ਪਰਉਪਕਾਰ ਹੈ ਭਾਵ ਵਿੱਦਿਆ ਪ੍ਰਾਪਤ ਕਰਕੇ ਜੇ ਮਨੱਖ ਦੂਜਿਆਂ ਨਾਲ ਭਲਾਈ ਕਰਨ ਵਾਲਾ ਹੋ ਗਿਆ ਤਾਂ ਹੀ ਸਮਝੋ ਕਿ ਉਹ ਪਰਉਪਕਾਰੀ ਹੈ-ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (੩੫੬)

ਗੁਰਮਤਿ ਸਾਨੂੰ ਪਰਉਪਕਾਰ ਸਬੰਧੀ ਪਾਏ ਪੂਰਨਿਆਂ 'ਤੇ ਚੱਲਣ ਦੀ ਸਿੱਖਿਆ ਦਿੰਦੀ ਹੈ। ਜਿੱਥੋਂ ਤੱਕ ਹੋ ਸੱਕੇ, ਹੋਰਨਾਂ ਦੀ ਮਦਦ ਕਰਨੀ ਅਤੇ ਕਰਤਾਰ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਇਹ ਸਮਝਣਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਪਰਉਪ-ਕਾਰ ਕਰਣ ਦੇ ਯੋਗ ਬਣਾਇਆ ਹੈ। ਇਹ ਯੋਗਤਾ ਹੋਣੀ ਵੀ ਇੱਕ ਰੱਬੀ ਦਾਤ ਹੈ। ਪਰਉਪਕਾਰ ਕਰਣ ਨਾਲ ਜੀਵਨ ਪਵਿਤ੍ਰ ਤੇ ਗੁਣਵਾਨ ਹੋ ਜਾਂਦਾ ਹੈ। ਮਨੁੱਖਤਾ ਦੇ ਭਲੇ ਲਈ ਕੰਮ ਕਰਨਾ ਹੀ ਅਸਲ ਪਰਉਪਕਾਰ ਅਤੇ ਰੱਬੀ ਸੇਵਾ ਹੈ।

ਪਰਉਪਕਾਰ ਕਈ ਤਰ੍ਹਾਂ ਨਾਲ ਕੀਤਾ ਜਾਂਦਾ ਹੈ, ਜਿਵੇਂ ਜਿੱਥੇ ਲੋੜ ਹੋਵੇ ਉੱਥੇ ਲੋੜੀਂਦੀ ਸਮਗਰੀ ਪਹੁੰਚਾਉਣਾ, ਲੋੜਵੰਦਾਂ, ਨਿਘਰਿਆਂ, ਬੇਆਸਰਿਆਂ ਤੇ ਅੰਗਹੀਣਾਂ ਦੀ ਸਹਾਇਤਾ, ਗ਼ਰੀਬ ਵਿਦਆਰਥੀਆਂ ਨੂੰ ਪੜ੍ਹਾਉਣਾ ਅਤੇ ਲੋਕਾਈ ਨੂੰ ਰੱਬੀ ਗਿਆਨ ਵੰਡਣਾ ਆਦਿਕ।

ਉਨ੍ਹਾਂ ਤੇ ਪਰਉਪਕਾਰ ਕੀਤਾ ਜਾਵੇ ਜਿਹੜੇ ਕੰਮ ਕਰਣ ਤੋਂ ਅਸਮਰਥ, ਲਾਚਾਰ ਅਤੇ ਮੁਸੀਬਤ ਵਿੱਚ ਹਨ। ਭਿਖਾਰੀਆਂ ਦੀ ਸਹਾਇਤਾ ਕਰਣ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਭੇਖ ਧਾਰਨ ਕਰਕੇ ਦੂਜਿਆਂ ਦੀ ਕਮਾਈ ਲੁੱਟਦੇ ਹਨ। ਉਨ੍ਹਾਂ ਮਨੁੱਖਾਂ ਨੂੰ ਸਾਧੂ ਨਹੀਂ ਕਹਿਣਾ ਚਾਹੀਦਾ ਜੋ ਲੋਕਾਂ ਤੋਂ ਮੰਗ ਕੇ ਖਾਂਦੇ ਅਤੇ ਆਪਣੇ ਪੇਟ ਦੀ ਖਾਤਰ ਕਈ ਭੇਖ ਕਰਦੇ ਹਨ-ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥ ਉਦਰੈ ਕਾਰਣਿ ਆਪਣੇ ਬਹਲੇ ਭੇਖਿ ਕਰੇਨਿ॥ (੯੪੯) ਮਨੁੱਖ ਨੂੰ ਐਸਾ ਪਰਉਪਕਾਰੀ ਹੀ ਹੋਣਾ ਚਾਹੀਦਾ ਹੈ।

ਗੁਰਸਿੱਖ ਅਹੰਕਾਰੀ ਨਹੀਂ ਸਗੋਂ ਪਰਉਪਕਾਰੀ ਹੁੰਦਾ ਹੈ। ਬਿਨਾ ਸੁਆਰਥ ਪਰਉਪਕਾਰ ਕਰਨਾ ਸਿੱਖੀ ਦਾ ਮਹਾਨ ਗੁਣ ਹੈ।

# 786 ਨੰਬਰਾਂ ਵਾਲੇ ਨੋਟ ਇਕੱਠੇ ਕਰਨ ਵਾਲਾ 'ਨਰਿੰਦਰਪਾਲ ਸਿੰਘ'



ਤਸਵਿੰਦਰ ਸਿੰਘ ਬੜੈਚ
98763-22677

ਖੂਬਸੂਰਤ ਸ਼ਹਿਰ ਚੰਡੀਗੜ੍ਹ 'ਚ ਰਹਿੰਦੇ 63 ਸਾਲਾ ਨਰਿੰਦਰਪਾਲ ਸਿੰਘ ਦਾ ਅਵੱਲਾ ਸ਼ੌਕ ਉਹ ਕਰੰਸੀ ਨੋਟ ਇਕੱਠੇ ਕਰਨਾ ਹੈ, ਜਿਹਨਾਂ 'ਤੇ ਅੱਗੇ ਅਤੇ ਪਿੱਛੇ 786 ਨੰਬਰ ਹੈ, ਜਿਵੇਂ 0786786, 7860786 ਆਦਿ। ਮੁਸਲਿਮ ਭਾਈਚਾਰੇ ਵਿਚ 786 ਅੰਕ ਦੀ ਬੜੀ ਮਾਨਤਾ ਹੈ। 786 ਅੰਕ ਦੀ ਲੋਕਪ੍ਰਿਯਤਾ ਇੰਨੀ ਵੱਧ ਗਈ ਹੈ ਕਿ ਮੁਸਲਮਾਨਾਂ ਦੇ ਨਾਲ-ਨਾਲ ਇਸ ਅੰਕ ਨੂੰ ਹੋਰ ਧਰਮਾਂ ਦੇ ਲੋਕ ਵੀ ਸੁਭ ਮੰਨਣ ਲੱਗੇ ਹਨ। ਜੇ ਗੱਲ ਨਰਿੰਦਰਪਾਲ ਸਿੰਘ ਵੱਲੋਂ ਇਕੱਠੇ ਕੀਤੇ ਹੋਏ 786 ਨੰਬਰਾਂ ਵਾਲੇ ਨੋਟਾਂ ਦੀ ਕਰੀਏ ਤਾਂ ਉਸ ਕੋਲ 2000, 500, 100, 50, 20, 10, 5, 2, 1 ਦੇ ਭਾਰਤੀ ਨੋਟ ਅਤੇ ਨਿਊਜੀਲੈਂਡ, ਆਸਟ੍ਰੇਲੀਆ, ਕਨੇਡਾ, ਅਮਰੀਕਾ, ਇਟਲੀ, ਭੂਟਾਨ, ਨੇਪਾਲ, ਪਾਕਿਸਤਾਨ, ਬੰਗਲਾਦੇਸ ਆਦਿ ਦੇਸ਼ਾਂ ਦੀ 786 ਨੰਬਰਾਂ ਵਾਲੀ ਵਿਦੇਸੀ ਕਰੰਸੀ ਵੀ ਸਾਂਭੀ ਹੋਈ ਹੈ। ਨਰਿੰਦਰਪਾਲ ਸਿੰਘ 786 ਅੰਕ ਦਾ ਐਨਾ ਸੈਦਾਈ ਹੈ ਕਿ ਉਹਨਾਂ ਨੇ ਆਪਣੀ ਕਾਰ ਤੇ ਮੋਬਾਈਲ ਦਾ ਨੰਬਰ (ਪਿਛਲੇ ਤਿੰਨ ਅੱਖਰ) ਵੀ 786 ਲਿਆ ਹੋਇਆ ਹੈ। ਇਸ ਤੋਂ ਇਲਾਵਾ, 3 ਅਪ੍ਰੈਲ 1954 ਨੂੰ ਪਿਤਾ ਦਰਸ਼ਨ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਜਨਮੇ ਨਰਿੰਦਰਪਾਲ ਸਿੰਘ ਕੋਲ ਭਾਰਤ ਦੇ 5 ਰੁਪਏ ਦੇ ਸਿੱਕੇ ਦੀਆਂ 50 ਕਿਸਮਾਂ, 1 ਰੁਪਏ ਦੀਆਂ 33 ਕਿਸਮਾਂ, 10 ਪੈਸੇ ਦੀਆਂ 11 ਕਿਸਮਾਂ, 5 ਪੈਸੇ ਦੀਆਂ 8 ਕਿਸਮਾਂ, 25 ਪੈਸੇ ਦੀਆਂ 20 ਕਿਸਮਾਂ ਵੀ ਇਕੱਠੀਆਂ ਕੀਤੀਆਂ ਹੋਈਆਂ ਹਨ। ਉਸ ਕੋਲ ਮੌਲਾਨਾ ਅਬਦੁਲ ਕਲਾਮ, ਡਾ.ਸਿਆਮਾ ਪ੍ਰਸ਼ਾਦ ਮੁਖਰਜੀ, 9 ਵੀਂ ਏਸ਼ੀਅਨ ਗੇਮ, ਸੁਤੰਤਰਤਾ ਦੀ 50 ਵੀਂ ਵਰੇਗੰਢ, ਮਦਰ ਟਰੇਸਾ, ਜਹਾਜ ਮਹਿਕਮੇ ਦੀ 100 ਵੀਂ ਵਰੇਗੰਢ, ਵਿਸ਼ਵ ਫੂਡ ਅਤੇ ਵਾਤਾਵਰਨ ਦਿਵਸ, 25 ਵੀਂ ਸੁਤੰਤਰਤਾ ਜੈਅੰਤੀ, ਭਾਰਤੀ ਰਿਜ਼ਰਵ ਬੈਂਕ ਗੋਲਡਨ ਜੁਬਲੀ, ਖਾਲਸਾ ਸਤਾਬਦੀ ਦੇ 300 ਸਾਲ ਮੁਕੰਮਲ ਹੋਣ ਆਦਿ ਵਿਸ਼ੇਸ ਮੌਕਿਆ ਤੇ ਜਾਰੀ ਕੀਤੇ ਸਿੱਕੇ ਵੀ ਇਕੱਤਰ ਕੀਤੇ ਹੋਏ ਹਨ। ਇਹਨਾਂ ਤੋਂ ਇਲਾਵਾ ਉਸ ਕੋਲ ਬਿਨਾਂ ਨੰਬਰਾਂ ਵਾਲੇ ਨੋਟ, ਅਧੂਰੇ ਨੰਬਰਾਂ ਵਾਲੇ ਨੋਟ, ਸਟਾਰ ਵਾਲੇ 500 ਦੇ ਨੋਟ, ਕਟਿੰਗ ਤੋਂ ਰਹਿ ਚੁੱਕੇ ਨੋਟ, ਜੋ ਪ੍ਰਕਾਸ਼ਨ ਦੌਰਾਨ ਤਕਨੀਕੀ ਗਲਤੀਆਂ ਨਾਲ ਬਾਹਰ ਆ ਕੇ ਵੰਡੇ ਗਏ, ਵੱਖ-ਵੱਖ ਨੰਬਰਾਂ ਵਾਲੇ ਜਿਵੇਂ 1, 2, 3, 4, 5, 6 ਨੋਟ ਵੀ ਸਾਂਭੇ ਪਏ ਹਨ। ਜਦ ਕਿ ਨੋਟਾਂ 'ਤੇ ਸਾਰੇ ਅੰਕ ਇਕੋ ਹੀ (ਜਿਵੇਂ 1111111) ਦੇ ਇਕ, ਦੋ, ਪੰਜ, ਦਸ, ਵੀਹ, ਪੰਜਾਹ, ਇਕ ਸੌ ਅਤੇ ਪੰਜ ਸੌ ਰੁਪਏ ਦੇ ਨੋਟ ਵੀ ਖਿੱਚ ਦਾ ਕੇਂਦਰ ਹਨ। ਉਹ ਕਰੀਬ 28 ਸਾਲਾਂ ਤੋਂ ਬੜੀ ਮਿਹਨਤ ਤੇ ਲਗਨ ਨਾਲ ਅਜਿਹੇ ਨੋਟ ਤੇ ਸਿੱਕੇ ਇਕੱਠੇ ਕਰਦਾ ਆ ਰਿਹਾ ਹੈ। ਨਰਿੰਦਰਪਾਲ ਸਿੰਘ ਨੇ ਪਿਛਲੇ 28 ਸਾਲਾਂ 'ਚ ਲਗਭਗ 15 ਲੱਖ




ਰੁਪਏ ਦੇ, ਜਿਨ•ਾਂ ਵਿਚ 2000, 500, 100, 50, 20, 5, 2, 1 ਦੇ ਭਾਰਤੀ ਨੋਟ , ਸਿੱਕੇ ਅਤੇ ਵਿਦੇਸ਼ੀ ਕਰੰਸੀ ਸਾਮਲ ਹਨ, ਇਕੱਠੇ ਕਰ ਲਏ ਹਨ। ਨੋਟਾਂ ਅਤੇ ਸਿੱਕਿਆਂ ਦੇ ਮਾਮਲੇ ਵਿਚ ਸ਼ਾਇਦ ਹੀ ਭਾਰਤ ਵਿਚ ਕੋਈ ਅਜਿਹਾ ਵਿਆਕਤੀ ਹੋਵੇ ਜਿਸ ਕੋਲ ਏਨੀ ਵੱਡੀ ਮਾਤਰਾ ਵਿਚ ਨੋਟ ਅਤੇ ਸਿੱਕੇ ਮੌਜੂਦ ਹੋਣ। ਚੰਡੀਗੜ ਦੇ ਸੈਕਟਰ 51 ਦੀ ਬੀ. ਐਸ. ਐਨ. ਐਲ. ਕਲੌਨੀ 'ਚ ਆਪਣੇ ਪਰਿਵਾਰ ਸਮੇਤ ਰਹਿਣ ਵਾਲੇ ਇਸ ਸੇਵਾ ਮੁਕਤ ਬੈਂਕ ਅਧਿਕਾਰੀ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਤਰਾਂ ਨੋਟ ਤੇ ਸਿੱਕੇ ਇਕੱਠੇ ਕਰਨਾ ਕੋਈ ਸੌਖਾ ਕੰਮ ਨਹੀਂ। ਪਿਛਲੇ 28 ਸਾਲਾਂ ਤੋਂ ਉਹ ਥਾਂ-ਥਾਂ ਭਟਕ ਰਹੇ ਹਨ ਤਾਂ ਜੋ ਇਕ ਰਿਕਾਰਡ ਬਣ ਸਕੇ ਅਤੇ ਉਹਨਾਂ ਨੂੰ ਸਫਲਤਾ ਵੀ ਮਿਲੀ ਹੈ। ਉਹਨਾਂ ਦਾ ਨਾਂਅ ਲਿਮਕਾ ਬੁੱਕ ਆਫ਼ ਰੀਕਾਰਡਜ਼, ਇੰਡੀਆ ਬੁੱਕ ਆਫ਼ ਰੀਕਾਰਡਜ਼ ਅਤੇ ਯੂਨੀਕ ਵਰਲਡ ਰੀਕਾਰਡਜ਼ ਵਿਚ ਦਰਜ ਹੈ। ਇਕ ਕੌਮੀ ਪੱਧਰ ਦੀ ਸੰਸਥਾਂ ਵੱਲੋਂ ਸਾਲ 2012 ਵਿਚ ਤਿਆਰ ਕੀਤੀ ਗਈ 120 ਪ੍ਰਤਿਭਾਸ਼ਾਲੀ ਵਿਆਕਤੀਆਂ ਦੀ ਸੂਚੀ 'ਚ ਅਤੇ 2013 ਵਿਚ ਚੁਣੇ 101 ਬੰਦਿਆਂ 'ਚ ਨਰਿੰਦਰਪਾਲ ਸਿੰਘ ਨੂੰ ਸ਼ਾਮਲ ਕੀਤਾ। ਨਰਿੰਦਰਪਾਲ ਸਿੰਘ ਨੂੰ ਇਹ ਖਜ਼ਾਨਾ ਸੰਭਾਲਣ ਬਦਲੇ ਜੈਪੁਰ ਵਿਖੇ ਸਾਲ 2009 ਚ 'ਭਾਰਤ ਦਾ ਕੋਹਿਨੂਰ' ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਸਾਲ 2009 ਵਿਚ ਹੀ ਬਠਿੰਡਾ ਦੀ ਸੰਸਥਾਂ ਗਲੋਬਲ ਵਰਲਡ ਰੀਕਾਰਡਜ਼ ਵੀ ਨਰਿੰਦਰਪਾਲ ਸਿੰਘ ਨੂੰ ਸਨਮਾਨਿਤ ਕਰ ਚੁੱਕੀ ਹੈ।

ਨੋਟਾਂ ਅਤੇ ਸਿੱਕਿਆਂ ਦੇ ਸ਼ੌਕ ਵਿਚ ਉਸ ਨੂੰ ਆਪਣੀ ਜੀਵਣ-ਸਾਥਣ ਗੁਰਦੀਪ ਕੌਰ ਅਤੇ ਸਮੁੱਚੇ ਪਰਿਵਾਰ ਦਾ ਬਹੁਤ ਯੋਗਦਾਨ ਹਾਸਿਲ ਹੈ। ਇਸ ਉਮਰੇ ਵੀ ਉਸ ਦਾ ਸ਼ੌਕ ਘੱਟ ਨਹੀਂ ਹੋਇਆ।

ਨੋਟਾਂ ਅਤੇ ਸਿੱਕਿਆਂ ਦੀ ਭਾਲ 'ਚ ਉਹ ਅਜੇ ਵੀ ਤਤਪਰ ਹੈ। ਨਰਿੰਦਰਪਾਲ ਸਿੰਘ, ਜਿਸ ਨੇ ਇਹ ਨੋਟਾਂ ਤੇ ਸਿੱਕਿਆਂ ਦਾ ਸਾਰਾ ਖ਼ਜਾਨਾ ਬੈਂਕ ਲਾਕਰ 'ਚ ਰੱਖਿਆ ਹੋਇਆ ਹੈ, ਦੀ ਇੱਛਾ ਹੈ ਕਿ ਉਹ ਹੋਰ ਵੀ ਜਿਆਦਾ ਨੋਟ ਤੇ ਸਿੱਕੇ ਇਕੱਠੇ ਕਰਕੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ ਵਿਚ ਆਪਣਾ ਨਾਂਅ ਦਰਜ ਕਰਵਾਏ। ਵਹਿਗੁਰੂ ਕਰੇ, ਉਸ ਦੀ ਇਹ ਇੱਛਾ ਜਲਦੀ ਪੂਰੀ ਹੋਵੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ





ਡਾ ਜਤਿੰਦਰ ਕੌਰ ਰੰਧਾਵਾ

**ਸਰੀ (ਬਿਊਰੋ)–** ਕਵਿਤਾਵਾਂ ਅਤੇ ਮਿੰਨੀ ਕਹਾਣੀਆਂ ਦੀ ਪ੍ਰਸਿੱਧ ਲੇਖਿਕਾ ਡਾ ਜਤਿੰਦਰ ਕੌਰ ਰੰਧਾਵਾ ਵਾਸੀ ਬਰੈਂਪਟਨ ਦਾ ਸਰੀ (ਕੈਨੇਡਾ) ਸਥਿਤ ਪੰਜਾਬ ਭਵਨ ਵਿਖੇ ਸਨਮਾਨ ਕੀਤਾ ਗਿਆ। ਇਸ ਸਮਾਰੋਹ ਦਰਮਿਆਨ ਕਵਿੰਦਰ ਚਾਂਦ, ਬਲਵੰਤ ਸੰਘੇੜਾ, ਜਰਨੈਲ ਸਿੰਘ ਸੇਖਾ, ਸੁੱਖੀ ਬਾਠ, ਜਤਿੰਦਰ ਢਿੱਲੋਂ ਰੰਧਾਵਾ, ਪ੍ਰਿੰਸੀਪਲ ਸੁਰਿੰਦਰਪਾਲ ਬਰਾੜ, ਇੰਦਰਜੀਤ ਕੌਰ ਸਿੱਧੂ, ਹਰਜੀਤ ਕੌਰ ਗਿੱਲ, ਰਛਪਾਲ ਗਿੱਲ, ਸ੍ਰੀ ਸੰਧੂ, ਅਮਰੀਕ ਪਲਾਹੀ, ਪ੍ਰੋ ਕਰਮਜੀਤ ਸਿੰਘ ਗਿੱਲ ਅਤੇ ਮੋਹਨ ਗਿੱਲ ਵਰਗੀਆਂ ਨਾਮੀ ਸ਼ਖਸੀਅਤਾਂ ਵੀ ਸ਼ਾਮਲ ਹੋਈਆਂ। ਇਹ ਪ੍ਰੋਗਰਾਮ ਸੁੱਖੀ ਬਾਠ ਫਾਊਂਡੇਸ਼ਨ ਨੇ ਸਰੀ (ਵੈਨਕੂਵਰ) ਸਥਿਤ ਪੰਜਾਬ ਭਵਨ ਵਿਖੇ ਆਯੋਜਿਤ ਕੀਤਾ ਸੀ।

# ਪੰਜਾਬ ਸਪੋਰਟਸ ਕਲੱਬ ਸਿਆਟਲ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ 26 ਅਗਸਤ ਨੂੰ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਸਿਆਟਲ ਸਥਿਤ ਪੰਜਾਬ ਸਪੋਰਟਸ ਕਲੱਬ ਵੱਲੋਂ ਇੰਟਰਨੈਸ਼ਨਨ ਕਬੱਡੀ ਕੱਪ 26 ਅਗਸਤ 2017 ਨੂੰ ਵੱਡੀ ਪੱਧਰ ’ਤੇ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਵਿਸ਼ਵ ਪੱਧਰੀ ਖਿਡਾਰੀ ਸ਼ਮੂਲੀਅਤ ਕਰ ਰਹੇ ਹਨ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਮੈਂਬਰਾਂ ਦੀ ਸਾਂਝੀ ਬੈਠਕ ਦੌਰਾਨ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹ ਕਿ ਹੋਣ ਵਾਲੇ ਕਬੱਡੀ ਕੱਪ ਵਿਚ ਉਚ ਕੋਟੀ ਦੇ ਇੰਟਰਨੈਸ਼ਨਲ ਕਬੱਡੀ ਖਿਡਾਰੀ ਪਾਲਾ ਜਲਾਲਪੁਰੀਆ, ਸੰਦੀਪ ਨੰਗਰ ਅੰਬੀਆਂ, ਖੁਸ਼ੀ ਦੁਗਾਂ, ਜਿੰਦਰ ਰੱਕੜ, ਦਲਜੀਤ ਸੌਂਸਪੁਰ, ਰਣਜੀਤ ਸਹੌਲੀ, ਬਲਜੀਤ ਬਿਲੀ ਭੁੱਲਰ, ਹਰਜਾਪ ਬਾਸੀ, ਤਲਵੀਰ ਸਹੋਤਾ, ਦੁਲਾ ਬੱਗੇ ਪਿੰਡ, ਮੱਖਣ ਮੱਖੀ, ਸੰਦੀਪ ਸੁਰਖਪੁਰ, ਗੁਰਪ੍ਰੀਤ ਬੁਰਜ ਹਰੀ, ਤੇਜੀ ਪੂਨੀਆਂ, ਮੈਕਸੀਕਨ ਭਰਾ ਰੂਬੀ ਸੇਠੀ, ਨਵੀਂ ਜੌਹਲ, ਦਿਪੀ ਬੁਰਜਹਰੀ ਅਤੇ ਇਸ ਤੋਂ ਇਲਾਵਾ ਹੋਰ ਵੀ ਨਾਮਵਰ ਖਿਡਾਰੀ ਭਾਗ ਲੈਣਗੇ ਜੋ ਕਿ 430 ਸਾਊਥ 156ਵੀਂ ਬੁਰੀਅਨ, ਵਾਸ਼ਿੰਗਟਨ ਵਿਖੇ ਹੋਵੇਗਾ। ਮੋਹਨਾਂ ਜੋਧਾਂ ਤੇ ਦਰਸ਼ਨ ਸਿੰਘ ਬੱਬੀ ਤੇ ਖਹਿਰਾ ਨੇ ਦੱਸਿਆ ਕਿ ਇਹ ਟੂਰਨਾਮੈਂਟ ਸਮੁੱਚੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹੋ ਰਿਹਾ ਹੈ ਅਤੇ ਇਹ ਟੂਰਨਾਮੈਂਟ ਨਸ਼ਾ ਰਹਿਤ ਟੂਰਨਾਮੈਂਟ ਹੈ ਅਤੇ ਉਹਨਾਂ ਨੇ ਇਹ ਵੀ ਦੱਸਿਆ ਕਿ ਬੀਬੀਆਂ, ਬਜ਼ੁਰਗਾਂ ਅਤੇ ਬੱਚਿਆਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।



ਸ. ਕੁਲਵੰਤ ਸ਼ਾਹ ਨੇ ਦੱਸਿਆ ਕਿ ਬਹੁਤ ਹੀ ਸੁਚੱਜੇ ਢੰਗ ਨਾਲ ਕੁਸ਼ਤੀਆਂ ਵੀ ਕਰਾਈਆਂ ਜਾਣਗੀਆਂ ਅਤੇ ਇਸ ਤੋਂ ਇਲਾਵਾ ਮੀਟਿੰਗ ਵਿਚ ਮਨਜੀਤ ਸਿੰਘ ਚਾਹਲ, ਮੋਟਲਾਂ ਦੇ ਮਾਲਕ ਕਾਲਾ ਬੈਂਸ, ਕਮਿਊਨਿਟੀ ਦੇ ਉਘੇ ਲੀਡਰ ਕਰਨ ਸਿੰਘ ਸਿੱਧੂ, ਪਰਮਜੀਤ ਖਹਿਰਾ, ਨਵਦੀਪ ਗਿੱਲ, ਪਿੰਦਰ ਟੰਡਾ, ਡਾਕਟਰ ਹਰਚੰਦ ਸਿੰਘ, ਅਮਰੀਕ ਰੰਧਾਵਾ, ਗੁਰਮੀਤ ਨਿੱਝਰ, ਜਗਦੇਵ ਸਿੰਘ ਸੰਧੂ, ਬਲਜੀਤ ਸੰਧੂ, ਸਰਬਜੀਤ ਸੰਧੂ, ਅਵਤਾਰ ਪੁਰੇਵਾਲ, ਹਰਮੇਲ ਬਾਪਲਾ, ਬਲਿਹਾਰ ਕੂਨਰ, ਬਹਾਦਰ, ਚੰਨਾ, ਰਿੰਕੂ, ਉਂਕਾਰ ਭੰਡਾਲ, ਵਿਕਟਰ ਸੰਘੇੜਾ, ਕੁਲਵੰਤ ਮਿਨਹਾਸ, ਬਲਜੀਤ ਸਿਘ ਸੈਹਬੀ, ਛਿੰਦਾ ਸੋਹਲ, ਰਾਜ ਪੱਡਾ, ਜੱਸੀ ਸਪਰਾਏ, ਮੱਖਣ ਸਿੰਘ ਰਣੀਕੇ, ਸੰਦੀਪ ਗੁਰਨਾਂ, ਬਿੱਟੂ ਅੱਚਰਵਾਲ, ਰਾਜ ਢਿੱਲੋਂ, ਹਨੀ, ਗੁਰਜੀਤ ਆਦਿ ਸ਼ਾਮਲ ਹੋਏ ਅਤੇ ਸਭ ਨੇ ਇਸ ਟੂਰਨਾਮੈਂਟ ਨੂੰ ਸਫਲਤਾ ਪੂਰਵਕ ਬਣਾਉਣ ਲਈ ਵਾਅਦਾ ਕੀਤਾ। ਇਸ ਟੂਰਨਾਮੈਂਟ ਸਬੰਧੀ ਹੋਰ ਜਾਣਕਾਰੀ ਲਈ ਮੋਹਨਾਂ ਜੋਧਾਂ ਨਾਲ ਸੰਪਰਕ ਕਰ ਸਕਦੇ ਹੋ- 2064782001


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ ’ਚ ਵਿਆਹ ਤੋਂ ਪਹਿਲਾਂ ਜਾਂ ਬਾਅਦ ’ਚ ਹੋਈ ਕਮਜ਼ੋਰੀ ਹਰ ਮੌਸਮ ’ਚ

ਅਮਰ ਕੋਰਸ®

ਹਰ ਉਮਰ ’ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ ’ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**


ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਸ਼ਰਧਾ ਨਾਲ ਮਨਾਇਆ





**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਬੜੀ ਧੂੰਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਿਤੀ 20 ਅਗਸਤ ਦਿਨ ਐਤਵਾਰ ਨੂੰ ਗੁਰੂ ਘਰ ਦੇ ਨਵੇਂ ਬਣੇ ਸ੍ਰੀ ਸੱਚਖੰਡ ਸਾਹਿਬ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 22 ਅਗਸਤ ਦਿਨ ਮੰਗਲਵਾਰ ਨੂੰ ਪਾਏ ਗਏ। ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ, ਭਾਈ ਸਤਨਾਮ ਸਿੰਘ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

# ਡਾ.ਅੰਬੇਦਕਰ ਪਬਲਿਕ ਸਕੂਲ ਵਿਖੇ ਪੁਸਤਕ ਮੁਕਾਬਲੇ ਕਰਵਾਏ

**ਬੁਲੰਦਪੁਰ (ਜਲੰਧਰ)** ਡਾ. ਬੀ. ਆਰ. ਅੰਬੇਦਕਰ ਪਬਲਿਕ ਸਕੂਲ ਬੁਲੰਦਪੁਰ ਵਿਖੇ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਫਿਲਾਸਫੀ ਪੁਸਤਕ ਪ੍ਰਤੀਯੋਗਤਾ, ਸਕੂਲ ਪ੍ਰਿੰਸੀਪਲ ਪਰਮਜੀਤ ਜੱਸਲ ਦੀ ਅਗਵਾਈ 'ਚ ਬੀਤੇ ਦਿਨੀਂ ਸਕੂਲ 'ਚ ਕਰਵਾਈ ਗਈ। ਇਹ ਦਸਵੀਂ ਪੁਸਤਕ ਪ੍ਰਤੀਯੋਗਤਾ ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਦੇ ਸਹਿਯੋਗ ਨਾਲ ਕਰਵਾਈ ਗਈ ਸੀ ਤੇ ਇਹ ਪ੍ਰਤੀਯੋਗਤਾ ਪ੍ਰਗਤੀ ਕਲਾ ਕੇਂਦਰ ਲਾਦੜਾ ਦੇ ਨਿਰਦੇਸ਼ਕ ਮਹਿਰੂਮ ਮੱਖਣ ਕ੍ਰਾਂਤੀ ਨੂੰ ਸਮਰਪਿਤ ਸੀ। ਇਸ ਪ੍ਰਤੀਯੋਗਤਾ 'ਚ 53 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਬੱਚਿਆਂ 'ਚ ਭਾਰੀ ਉਤਸ਼ਾਹ ਦੇਖਣ ਲਈ ਮਿਲਿਆ। ਇਸ ਮੌਕੇ ਪ੍ਰਿੰਸੀਪਲ ਜੱਸਲ ਨੇ ਕਿਹਾ ਕਿ ਅਜਿਹੀਆਂ ਪ੍ਰਤੀਯੋਗਤਾਵਾਂ ਰਾਹੀਂ ਬੱਚਿਆਂ ਦੇ ਗਿਆਨ 'ਚ ਵਾਧਾ ਹੁੰਦਾ ਹੈ। ਬਾਬਾ ਸਾਹਿਬ ਪ੍ਰਤੀ ਸਤਿਕਾਰ ਤੇ ਪ੍ਰੇਰਨਾ ਮਿਲਦੀ ਹੈ। ਉਹਨਾਂ 'ਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਬੱਚਿਆਂ ਨੂੰ ਕਿਸੇ ਵੱਡੀ ਸਟੇਜ ਤੱਕ ਲਿਜਾਣ 'ਚ ਸਹਾਈ ਸਿੱਧ ਹੁੰਦੀ ਹੈ ਅਤੇ ਬੱਚਿਆਂ 'ਚ ਇਕ ਨਵੀਂ ਚੇਤਨਾ ਰਾਹੀਂ ਸਮਾਜ ਤੇ ਦੇਸ਼ ਨੂੰ ਅੱਗੇ ਵੱਲ ਲਿਜਾਣ ਲਈ ਬਲ ਮਿਲਦਾ ਹੈ। ਇਸ ਮੌਕੇ ਪੇਪਰ ਲੈਣ ਆਏ ਅਧਿਆਪਕ ਰਾਜ ਕੁਮਾਰ ਤੇ ਡਾ. ਵਰਿੰਦਰ ਮਾਹੀ ਐਮ. ਡੀ. ਨੂੰ ਸਕੂਲ ਪ੍ਰਿੰਸੀਪਲ ਜੱਸਲ ਤੇ ਪ੍ਰਬੰਧਕਾਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਗੁਦਾਈਪੁਰ ਹਰਮੇਲ ਮਾਹੀ, ਵਿਸ਼ਾਲ ਸ਼ਰਮਾ, ਪ੍ਰਿੰਸੀਪਲ ਚਰਨਜੀਤ ਕੌਰ ਮਕਸੂਦਾਂ, ਵਾਈਸ ਪ੍ਰਿੰਸੀਪਲ ਸਤਵਿੰਦਰ ਕੌਰ, ਸਕੂਲ ਬ੍ਰਾਂਚ ਦੇ ਅਧਿਆਪਕਾਂ ਤੇ ਸਕੂਲ ਸਟਾਫ ਦੇ ਮੈਂਬਰ ਹਾਜ਼ਰ ਸਨ। ਪ੍ਰਿੰਸੀਪਲ ਜੱਸਲ ਨੇ ਦੱਸਿਆ ਕਿ ਉਕਤ ਪੁਸਤਕ ਪ੍ਰਤੀਯੋਗਤਾ ਦਾ ਪ੍ਰਮਾਣ ਪਹਿਲੀ ਅਕਤੂਬਰ ਨੂੰ ਬਾਕੀ ਸਕੂਲਾਂ ਦੇ ਬੱਚਿਆਂ ਦੇ ਹੋਏ ਮੁਕਾਬਲਿਆਂ ਤੋਂ ਬਾਅਦ ਘੋਸ਼ਿਤ ਕੀਤਾ ਜਾਵੇਗਾ।




# ਚੰਡੀਗੜ੍ਹ, ਪੰਚਕੂਲਾ ਅਤੇ ਮੁਹਾਲੀ ਵਿੱਚ ਭਾਰੀ ਬਰਸਾਤ

**ਚੰਡੀਗੜ੍ਹ–** ਚੰਡੀਗੜ੍ਹ, ਪੰਚਕੂਲਾ ਤੇ ਮੁਹਾਲੀ ਵਿੱਚ ਭਾਰੀ ਮੀਂਹ ਕਾਰਨ ਜੀਵਨ ਲੀਹ ਤੋਂ ਉਤਰ ਗਿਆ। ਤਕਰੀਬਨ ਤਿੰਨ ਘੰਟਿਆਂ ਤੱਕ ਮੀਂਹ ਪੈਣ ਮਗਰੋਂ ਸਾਰੀਆਂ ਮੁੱਖ ਸੜਕਾਂ ਡੁੱਬ ਗਈਆਂ, ਜਿਸ ਕਾਰਨ ਕਈ ਇਲਾਕਿਆਂ ਵਿੱਚ ਟਰੈਫਿਕ ਜਾਮ ਲੱਗੇ।

ਮੌਸਮ ਵਿਭਾਗ ਦੇ ਇਕ ਅਧਿਕਾਰੀ ਨੇ ਕਿਹਾ ਕਿ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਸਵੇਰੇ 8:30 ਤੋਂ 2:30 ਵਜੇ ਵਿਚਾਲੇ 115 ਮਿਲੀਮੀਟਰ ਮੀਂਹ ਪਿਆ। ਚੰਡੀਗੜ੍ਹ, ਮੁਹਾਲੀ, ਡੇਰਾਬਸੀ ਅਤੇ ਜ਼ੀਰਕਪੁਰ ਵਿੱਚ ਅਹਿਮ ਸੜਕਾਂ ਉਤੇ ਆਵਾਜਾਈ ਵਿੱਚ ਅੜਿੱਕਾ ਪਿਆ ਅਤੇ ਸਭ ਤੋਂ ਵੱਧ ਪ੍ਰਭਾਵਿਤ ਦਫ਼ਤਰਾਂ ਨੂੰ ਜਾਣ ਵਾਲੇ ਹੋਏ। ਜਲਥਲ ਹੋਈਆਂ ਸੜਕਾਂ, ਖ਼ਾਸ ਤੌਰ ਉਤੇ ਮੁਹਾਲੀ ਦੀ 200 ਫੁੱਟ ਏਅਰਪੋਰਟ ਰੋਡ ਉਤੇ ਕਈ ਕਾਰਾਂ ਬੰਦ ਹੋ ਗਈਆਂ, ਜਿਸ ਕਾਰਨ ਲੋਕ ਉਥੇ ਹੀ ਫਸ ਗਏ। ਦੋ ਪਹੀਆ ਵਾਹਨ ਸਵਾਰ ਵੀ ਗੋਡੇ-ਗੋਡੇ ਪਾਣੀ ਵਿੱਚ ਫਸੇ ਹੋਏ ਹਨ। ਮੀਂਹ ਨੇ ਨਗਰ ਨਿਗਮ ਦੇ ਪ੍ਰਬੰਧਾਂ ਦੇ ਦਾਅਵਿਆਂ ਦੀ ਵੀ ਪੋਲ ਖੋਲ੍ਹ ਦਿੱਤੀ। ਮੀਂਹ ਕਾਰਨ ਪੰਜਾਬ ਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਤਾਪਮਾਨ ਆਮ ਵਾਲੇ ਪੱਧਰ ਦੇ ਨੇੜੇ ਆ ਗਿਆ। ਮੌਸਮ ਵਿਭਾਗ ਅਨੁਸਾਰ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 30.4 ਡਿਗਰੀ ਸੈਲਸੀਅਸ ਦਰਜ ਹੋਇਆ, ਜੋ ਆਮ ਨਾਲੋਂ ਤਿੰਨ ਡਿਗਰੀ ਹੇਠਾਂ ਹੈ। ਪੰਜਾਬ ਵਿੱਚ ਅੰਮ੍ਰਿਤਸਰ ਵਿਖੇ ਵੱਧ ਤੋਂ ਵੱਧ ਤਾਪਮਾਨ 35.2, ਲੁਧਿਆਣਾ ਵਿੱਚ 30.6 ਅਤੇ ਪਟਿਆਲਾ ਵਿੱਚ 32.3 ਡਿਗਰੀ ਸੈਲਸੀਅਸ ਰਿਹਾ। ਹਰਿਆਣਾ ਦੇ ਅੰਬਾਲਾ ਵਿੱਚ ਵੱਧ ਤੋਂ ਵੱਧ ਤਾਪਮਾਨ 32.2 ਅਤੇ ਹਿਸਾਰ ਵਿੱਚ 36.2 ਡਿਗਰੀ ਸੈਲਸੀਅਸ ਦਰਜ ਹੋਇਆ।

# ਐਨ ਡੀ ਏ ਦਾ 'ਕਮਲ' ਬਣਿਆ ਨਿਤੀਸ਼- ਘਰ ਵਾਪਸੀ ਬਾਰੇ ਮਤੇ ਨੂੰ ਹਰੀ ਝੰਡੀ ਦਿੱਤੀ

**ਪਟਨਾ–** ਜੇਡੀ (ਯੂ) ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਧੜੇ ਨੇ ਉਮੀਦ ਮੁਤਾਬਕ ਭਾਜਪਾ ਦੀ ਅਗਵਾਈ ਵਾਲੇ ਐਨਡੀਏ ਦਾ ਹਿੱਸਾ ਬਣਨ ਦਾ ਫ਼ੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਜਾਣ ਉਤੇ ਨਿਤੀਸ਼ ਕੁਮਾਰ ਨੇ 16 ਜੂਨ, 2013 ਨੂੰ ਭਗਵਾਂ ਪਾਰਟੀ ਨਾਲ 17 ਸਾਲ ਪੁਰਾਣਾ ਰਿਸ਼ਤਾ ਤੋੜ ਦਿੱਤਾ ਸੀ। ਨਿਤੀਸ਼, ਜੋ ਪਾਰਟੀ ਪ੍ਰਧਾਨ ਹਨ, ਦੀ ਅਗਵਾਈ ਹੇਠ ਇਥੇ ਜੇਡੀ (ਯੂ) ਦੀ ਕੌਮੀ ਕਾਰਜਕਾਰਨੀ ਦੀ ਬੈਠਕ 'ਚ ਘਰ ਵਾਪਸੀ ਬਾਰੇ ਮਤੇ ਨੂੰ ਹਰੀ ਝੰਡੀ ਦਿੱਤੀ ਗਈ। ਪਾਰਟੀ ਦੇ ਪ੍ਰਮੁੱਖ ਜਨਰਲ ਸਕੱਤਰ ਕੇ ਸੀ ਤਿਆਗੀ ਨੇ ਦੱਸਿਆ, 'ਜੇਡੀ(ਯੂ) ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਅੱਜ ਐਨਡੀਏ ਦਾ ਹਿੱਸਾ ਬਣਨ ਬਾਰੇ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ।' ਜੇਡੀ(ਯੂ) ਦੇ ਦੋ ਲੋਕ ਸਭਾ ਅਤੇ ਦਸ ਰਾਜ ਸਭਾ ਮੈਂਬਰ ਹਨ।

ਦੋ ਲੋਕ ਸਭਾ ਮੈਂਬਰ ਨਿਤੀਸ਼ ਨਾਲ ਖੜ੍ਹੇ ਹਨ ਜਦੋਂ ਕਿ ਇਸ ਦੇ ਤਿੰਨ ਰਾਜ ਸਭਾ ਮੈਂਬਰ ਸ਼ਰਦ ਯਾਦਵ, ਅਲੀ ਅਨਵਰ ਅੰਸਾਰੀ ਅਤੇ ਕੇਰਲਾ ਦਾ ਐਮ ਪੀ ਵੀਰੇਂਦਰ ਕੁਮਾਰ ਉਸ ਖ਼ਿਲਾਫ਼ ਹਨ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ, 'ਮੈਂ ਜੇ ਡੀ(ਯੂ) ਦੇ ਐਨਡੀਏ ਵਿੱਚ ਸ਼ਾਮਲ ਹੋਣ ਦੇ ਫ਼ੈਸਲੇ ਦਾ ਸਵਾਗਤ ਕਰਦਾ ਹਾਂ ਕਿਉਂਕਿ ਇਸ ਨਾਲ ਕੇਵਲ ਐਨਡੀਏ ਹੀ ਮਜ਼ਬੂਤ ਨਹੀਂ ਹੋਵੇਗਾ ਬਲਕਿ ਬਿਹਾਰ ਵਿੱਚ ਵਿਕਾਸ ਤੇ ਤਰੱਕੀ ਦੇ ਨਵੇਂ ਯੁੱਗ ਦਾ ਆਗ਼ਾਜ਼ ਹੋਵੇਗਾ।' ਭਾਜਪਾ ਪ੍ਰਧਾਨ ਨੇ ਪਿਛਲੇ ਹਫ਼ਤੇ ਨਿਤੀਸ਼ ਕੁਮਾਰ ਨਾਲ ਬੈਠਕ ਦੌਰਾਨ ਜੇਡੀ(ਯੂ) ਤੇ ਐਨਡੀਏ ਦੇ ਸੰਗਮ ਦਾ ਸੱਦਾ ਦਿੱਤਾ ਸੀ।

ਕੌਮੀ ਕਾਰਜਕਾਰਨੀ ਨੇ ਜੇਡੀ(ਯੂ) ਦੀ ਬਿਹਾਰ ਇਕਾਈ ਦੇ ਮਹਾਗੱਠਜੋੜ ਤੋਂ ਵੱਖ ਹੋਣ ਅਤੇ ਭਾਜਪਾ ਨਾਲ ਮਿਲ ਕੇ ਬਿਹਾਰ ਵਿੱਚ ਸਰਕਾਰ ਬਣਾਉਣ ਦੇ ਫ਼ੈਸਲੇ ਉਤੇ ਵੀ ਮੋਹਰ ਲਗਾ ਦਿੱਤੀ।

ਨਿਤੀਸ਼ ਤੇ ਸ਼ਰਦ ਯਾਦਵ ਦੀ ਅਗਵਾਈ ਵਾਲੇ ਜੇਡੀ(ਯੂ) ਦੇ ਦੋ ਧੜਿਆਂ ਨੇ ਅੱਜ ਪਟਨਾ ਵਿੱਚ ਬਰਾਬਰ ਮੀਟਿੰਗਾਂ ਕੀਤੀਆਂ। ਨਿਤੀਸ਼ ਧੜੇ ਵੱਲੋਂ ਬਾਗ਼ੀ ਹੋਏ ਸ਼ਰਦ ਯਾਦਵ ਵਾਲੇ ਧੜੇ ਖ਼ਿਲਾਫ਼ ਕਾਰਵਾਈ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਉਹ ਸ੍ਰੀ ਯਾਦਵ ਦੇ ਆਰਜੇਡੀ ਦੀ ਪਟਨਾ ਵਿੱਚ 27 ਅਗਸਤ ਵਾਲੀ ਰੈਲੀ 'ਚ ਸ਼ਾਮਲ ਹੋਣ ਦੀ ਉਡੀਕ ਕਰ ਰਹੇ ਹਨ। ਸ੍ਰੀ ਤਿਆਗੀ ਨੇ ਕਿਹਾ, 'ਅਸੀਂ ਇਹ ਦੇਖਣ ਲਈ 27 ਅਗਸਤ ਦੀ ਉਡੀਕ ਕਰਾਂਗੇ ਕਿ ਸ਼ਰਦ ਯਾਦਵ ਜੀ ਲਛਮਣ ਰੇਖਾ ਪਾਰ ਕਰਕੇ ਲਾਲੂ ਪ੍ਰਸਾਦ ਨਾਲ ਖੜ੍ਹਦੇ ਹਨ, ਜਿਸ ਨੂੰ ਮੁਲਕ ਵਿੱਚ ਭ੍ਰਿਸ਼ਟਾਚਾਰ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ।' ਸ੍ਰੀ ਯਾਦਵ ਨੇ ਅੱਜ ਕੌਮੀ ਕਾਰ-ਜਕਾਰਨੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਬਜਾਏ ਜੇਡੀ(ਯੂ) ਦੇ ਮੁਅੱਤਲ ਐਮਪੀ ਅਲੀ ਅਨਵਰ ਅੰਸਾਰੀ ਤੇ ਹੋਰਾਂ ਨਾਲ 'ਜਨ ਅਦਾਲਤ' ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਆਰਜੇਡੀ ਤੇ ਕਾਂਗਰਸ ਨਾਲ ਮਹਾਗੱਠਜੋੜ ਜਾਰੀ ਰੱਖਣ ਦਾ ਵਾਅਦਾ ਕੀਤਾ।

### ਨਿਤੀਸ਼ ਤੇ ਸ਼ਰਦ ਦੇ ਸਮਰਥਕ ਭਿੜੇ

ਪਟਨਾ 'ਚ ਮੁੱਖ ਮੰਤਰੀ ਦੀ ਰਿਹਾਇਸ਼ ਬਾਹਰ ਨਿਤੀਸ਼ ਕੁਮਾਰ ਤੇ ਸ਼ਰਦ ਯਾਦਵ ਦੇ ਸਮਰਥਕਾਂ ਵਿਚਾਲੇ ਟਕਰਾਅ ਹੋ ਗਿਆ। 'ਜਨ ਅਦਾਲਤ' ਸਮਾਗਮ ਲਈ ਸ਼ਰਦ ਯਾਦਵ ਨੂੰ ਉਨ੍ਹਾਂ ਦੇ ਸਮਰਥਕ ਕਾਫ਼ਲੇ ਦੇ ਰੂਪ 'ਚ ਐਸਕੇ ਮੈਮੋਰੀਅਲ ਹਾਲ ਵੱਲ ਲਿਜਾ ਰਹੇ ਸਨ। ਬਿਨਾਂ ਹੈਲਮੈਟ ਦੇ ਮੋਟਰਸਾਈਕਲ ਸਵਾਰ ਸਮਰਥਕ ਮੁੱਖ ਮੰਤਰੀ ਦੀ ਰਿਹਾਇਸ਼ ਬਾਹਰ ਰੁਕੇ ਅਤੇ ਨਾਅਰੇ ਲਗਾਏ।

ਟਕਰਾਅ ਉਦੋਂ ਸ਼ੁਰੂ ਹੋਇਆ ਜਦੋਂ ਸੋਟੀਆਂ ਤੇ ਬੈਲਟਾਂ ਨਾਲ ਲੈਸ ਕੁੱਝ ਸਮਰਥਕਾਂ ਨੇ ਨਿਤੀਸ਼ ਕੁਮਾਰ ਦੀ ਰਿਹਾਇਸ਼ ਅੰਦਰ ਦਾਖ਼ਲ ਹੋਣ ਦਾ ਯਤਨ ਕੀਤਾ। ਜਲਦੀ ਨਿਤੀਸ਼ ਦੇ ਸਮਰਥਕ, ਜੋ ਕੌਮੀ ਕਾਰਜਕਾਰਨੀ ਦੀ ਬੈਠਕ ਲਈ ਜੁੜੇ ਸਨ, ਬਾਹਰ ਆ ਗਏ ਤੇ ਯਾਦਵ ਦੇ ਸਮਰਥਕਾਂ ਨੂੰ ਭਜਾ ਦਿੱਤਾ। ਸ਼ਰਦ ਯਾਦਵ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਪਟਨਾ ਦੇ ਐਸਐਸਪੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਿੱਕਮ ਦੇ ਇਤਿਹਾਸਕ ਗੁਰਦੁਆਰਾ ਡਾਂਗਮਾਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਟਾਇਆ




ਸਿੱਕਮ ਦੇ ਗੁਰਦੁਆਰਾ ਡਾਂਗਮਾਰ ਸਾਹਿਬ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ, ਉਥੇ ਇਕ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਅਤੇ ਨਾਲ ਹੀ ਲਾਮਿਆਂ ਦੁਆਰਾ ਪੂਜਾ ਕੀਤੀ ਜਾਂਦੀ ਸੀ ਪਰ ਅਚਾਨਕ ਲਾਮਿਆਂ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਉਥੋਂ ਹਟਾ ਕੇ ਗੁਰਦੁਆਰਾ ਚੁੰਗਥਾਂਗ ਵਿਚ ਛੱਡ ਦਿੱਤਾ ਗਿਆ ਹੈ। ਗੁਰਦੁਆਰਾ ਡਾਂਗਮਾਰ ਸਾਹਿਬ ਦੀ ਸੇਵਾ ਸੰਭਾਲ ਆਰਮੀ ਦੁਆਰਾ ਕੀਤੀ ਜਾਂਦੀ ਸੀ। ਸੋਸ਼ਲ ਮੀਡੀਆ ਤੇ ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਜਨਹਿਤ ਨਿਊਜ਼ ਦੁਆਰਾ ਸਿਲੀਗੁੜੀ ਗੁਰਦੁਆਰਾ ਸਾਹਿਬ ਦੇ ਉਪ ਪ੍ਰਧਾਨ ਅਤੇ ਸਾਬਕਾ ਪ੍ਰਧਾਨ ਸ. ਪਿਆਰਾ ਸਿੰਘ ਨਾਲ ਜਦੋਂ ਗੱਲ ਕੀਤੀ ਤਾਂ ਉਹਨਾਂ ਨੇ ਸਾਰੇ ਮਾਮਲੇ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਸ ਬਾਰੇ ਸਿੱਖਾਂ ਦਾ ਇਕ ਪ੍ਰਤੀਨਿਧੀ ਮੰਡਲ ਸਿੱਕਮ ਦੇ ਮੁੱਖ ਮੰਤਰੀ ਨੂੰ ਮਿਲ ਚੁੱਕਾ ਹੈ ਅਤੇ ਜੇਕਰ ਜਲਦੀ ਹੀ ਇਸ ਤੇ ਕਾਰਵਾਈ ਨਾ ਕੀਤੀ ਗਈ ਤਾਂ ਹਾਈਕੋਰਟ ਵਿਚ ਜਾ ਕੇ ਵੀ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਜਾਵੇਗੀ।

# ਬਰਾਲਾ ਕੇਸ: ਹਾਈ ਕੋਰਟ ਵੱਲੋਂ ਜਨ ਹਿੱਤ ਪਟੀਸ਼ਨ ਰੱਦ

**ਚੰਡੀਗੜ੍ਹ–** ਚੰਡੀਗੜ੍ਹ ਵਿੱਚ ਇੱਕ ਆਈਏਐਸ ਅਧਿਕਾਰੀ ਦੀ ਧੀ ਦਾ 'ਪਿੱਛਾ' ਕਰਨ ਦੇ ਕੇਸ ਸਬੰਧੀ ਦਾਇਰ ਪਟੀਸ਼ਨ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ। ਪਟੀਸ਼ਨਰ ਨੇ ਇਸ ਕੇਸ ਦੀ ਜਾਂਚ ਵਿੱਚ ਸਿਆਸੀ ਦਖ਼ਲਅੰਦਾਜ਼ੀ ਦੇ ਦੋਸ਼ ਲਾਏ ਸਨ। ਅਦਾਲਤ ਦੇ ਕਹਿਣ 'ਤੇ ਪਟੀਸ਼ਨਰ ਨੇ ਪਟੀਸ਼ਨ ਵਾਪਸ ਲਈ, ਜਿਹੜੀ ਰੱਦ ਮੰਨੀ ਗਈ। ਐਕਟਿੰਗ ਚੀਫ਼ ਜਸਟਿਸ ਸੁਰਿੰਦਰ ਸਿੰਘ ਸਾਰੋਂ ਅਤੇ ਅਵਨੀਸ਼ ਝਿੰਗਣ ਦੇ ਬੈਂਚ ਨੇ ਪੁਲੀਸ ਵੱਲੋਂ ਦਾਇਰ ਸਟੇਟਸ ਰਿਪੋਰਟ 'ਤੇ ਨਜ਼ਰਸਾਨੀ ਪਿੱਛੋਂ ਇਹ ਹੁਕਮ ਦਿੱਤਾ। ਵਕੀਲ ਰੰਜਨ ਲਖਨਪਾਲ ਨੇ ਜਨ ਹਿੱਤ ਪਟੀਸ਼ਨ ਦਾਇਰ ਕਰ ਕੇ ਪਿੱਛਾ ਕਰਨ ਦੇ ਕੇਸ ਵਿੱਚ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ।

# ਸਿਟੀ ਸੈਂਟਰ ਕੇਸ- ਕੈਪਟਨ ਦੀਆਂ ਮੁਸ਼ਕਲਾਂ ਬਰਕਰਾਰ

**ਲੁਧਿਆਣਾ–** ਲੁਧਿਆਣਾ ਦੇ ਬਹੁਕਰੋੜੀ ਸਿਟੀ ਸੈਂਟਰ ਘੁਟਾਲੇ ਦੇ ਮਾਮਲੇ ਵਿੱਚ ਵਿਜੀਲੈਂਸ ਨੇ ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਦਿੱਤੀ ਹੈ ਪਰ ਇਸ ਮਾਮਲੇ ਵਿੱਚ ਮੁੱਖ ਮੰਤਰੀ ਦੀਆਂ ਮੁਸ਼ਕਲਾਂ ਹਾਲੇ ਖ਼ਤਮ ਨਹੀਂ ਹੋਈਆਂ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਇਸ ਮਾਮਲੇ ਵਿੱਚ 2013 ਵਿੱਚ ਦਰਜ 'ਐਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟ' (ਈਸੀਆਈਆਰ) ਬਰਕਰਾਰ ਹੈ। ਈਡੀ ਨੇ ਇਸੇ ਸਾਲ ਲੁਧਿਆਣਾ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਕੇ ਵਿਜੀਲੈਂਸ ਵੱਲੋਂ ਐਫਆਈਆਰ ਤੇ ਚਲਾਨ ਦੀ ਕਾਪੀ ਨਾ ਦੇਣ ਸਬੰਧੀ ਦੱਸਿਆ ਸੀ। ਹੁਣ ਈਡੀ ਇਸ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕਰਨ ਦੀ ਤਿਆਰੀ ਵਿੱਚ ਹੈ।

ਦੱਸਣਯੋਗ ਹੈ ਕਿ 2002 ਤੋਂ 2007 ਦੇ ਆਪਣੇ ਕਾਰਜਕਾਲ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ ਦੇ ਸਿਟੀ ਸੈਂਟਰ ਨੂੰ ਆਪਣਾ ਡਰੀਮ ਪ੍ਰਾਜੈਕਟ ਆਖਿਆ ਸੀ ਪਰ ਮੁੱਖ ਮੰਤਰੀ ਪਿਛਲੇ 10 ਸਾਲਾਂ ਤੋਂ ਇਸ ਕੇਸ ਵਿੱਚ ਫਸੇ ਹੋਏ ਹਨ। ਹੁਣ ਵਿਜੀਲੈਂਸ ਨੇ ਮੁੱਖ ਮੰਤਰੀ ਨੂੰ ਰਾਹਤ ਦਿੱਤੀ ਹੈ ਪਰ ਇਸ ਮਾਮਲੇ ਵਿੱਚ ਲੱਗੀ ਈਡੀ ਹਾਲੇ ਪਿੱਛੇ ਹਟਦੀ ਨਜ਼ਰ ਨਹੀਂ ਆ ਰਹੀ। ਇਸ ਕੇਸ ਦੀ ਐਫਆਈਆਰ ਤੇ ਚਲਾਨ ਦੀ ਕਾਪੀ ਈਡੀ ਲੰਬੇ ਸਮੇਂ ਤੋਂ ਮੰਗ ਰਹੀ ਹੈ ਪਰ ਵਿਜੀਲੈਂਸ ਨੇ ਕਾਪੀ ਨਹੀਂ ਦਿੱਤੀ, ਜਿਸ ਤੋਂ ਬਾਅਦ ਈਡੀ ਹੁਣ ਇਸ ਲਈ ਹਾਈ ਕੋਰਟ ਵਿੱਚ ਪਹੁੰਚ ਕਰ ਰਹੀ ਹੈ। ਬੀਤੇ ਦਿਨੀਂ ਵਿਜੀਲੈਂਸ ਨੇ ਸਿਟੀ ਸੈਂਟਰ ਘੁਟਾਲੇ ਦੀ ਐਫ਼ਆਈਆਰ ਵਿੱਚ ਨਾਮਜ਼ਦ ਕੁੱਲ 32 ਮੁਲਜ਼ਮਾਂ ਨੂੰ ਕਲੀਨ ਚਿੱਟ ਦਿੰਦੇ ਹੋਏ ਸਬੰਧਤ ਐਫ਼ਆਈਆਰ ਰੱਦ ਕਰਨ ਦੀ ਅਰਜ਼ੀ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਦਾਖ਼ਲ ਕੀਤੀ ਹੈ, ਜਿਸ ਦੀ ਸੁਣਵਾਈ ਹੁਣ 2 ਸਤੰਬਰ ਨੂੰ ਹੋਵੇਗੀ।

# ਬੁੱਢਾ ਦਲ ਦੇ ਮੀਤ ਜਥੇਦਾਰ ਦਾ ਕਤਲ

**ਰੂੜੇਕੇ ਕਲਾਂ–** ਨੇੜਲੇ ਪਿੰਡ ਕਾਹਨਕੇ ਵਿੱਚ ਬੁੱਢਾ ਦਲ ਛਿਆਨਵੇਂ ਕਰੋੜੀ ਦੇ ਮੀਤ ਜਥੇਦਾਰ ਤੇ ਘੋੜਿਆਂ ਵਾਲੀ ਵਹੀਰ ਦੇ ਮੁਖੀ ਜਥੇਦਾਰ ਬਹਾਦਰ ਸਿੰਘ ਦਾ ਬੀਤੀ ਰਾਤ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ ਆਪਣੇ ਜਥੇ ਨਾਲ ਪਿਛਲੇ ਤਿੰਨ ਦਿਨਾਂ ਤੋਂ ਪਿੰਡ ਕਾਹਨਕੇ ਆਇਆ ਹੋਇਆ ਸੀ ਅਤੇ ਸਾਥੀਆਂ ਸਮੇਤ ਪਿੰਡ ਵਿਚਲੀ ਧਰਮਸ਼ਾਲਾ ਵਿੱਚ ਸੁੱਤਾ ਪਿਆ ਸੀ। ਰਾਤ ਨੂੰ ਕੁਝ ਵਿਅਕਤੀਆਂ ਨੇ ਕੰਧ ਟੱਪ ਕੇ ਬਹਾਦਰ ਸਿੰਘ ਦੇ ਗੋਲੀਆਂ ਮਾਰ ਦਿੱਤੀਆਂ, ਜਿਸ ਕਰ ਕੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਹਮਲਾਵਰ ਫ਼ਰਾਰ ਹੋ ਗਏ। ਐਸਪੀ (ਬਰਨਾਲਾ) ਸਵਰਨ ਸਿੰਘ ਖੰਨਾ, ਡੀਐਸਪੀ (ਤਪਾ) ਅੱਛਰੂ ਰਾਮ ਸ਼ਰਮਾ, ਥਾਣਾ ਰੂੜੇਕੇ ਕਲਾਂ ਦੇ ਮੁਖੀ ਮਲਕੀਤ ਸਿੰਘ ਚੀਮਾ ਨੇ ਘਟਨਾ ਸਥਾਨ ਦਾ ਜ਼ਾਇਜ਼ਾ ਲਿਆ।

# ਚੀਨ-ਪਾਕਿਸਤਾਨ ਨਾਲ ਭਾਰਤ ਦੀ ਜੰਗ ਨਾਲ ਹੋਵੇਗਾ ਦੇਸ਼ ਦਾ ਭਾਰੀ ਨੁਕਸਾਨ-ਜਥੇਦਾਰ ਫੌਜੀ

## ਭਾਰਤ ਸਰਕਾਰ ਨੂੰ ਸ਼ਾਂਤੀ ਵਾਰਤਾ ਨਾਲ ਹੀ ਗੁਆਂਢੀ ਦੇਸ਼ਾਂ ਨਾਲ ਬੈਠਕੇ ਹੀ ਸੀਮਾ ਵਿਵਾਦ ਨੂੰ ਸੁਲਝਾਉਣ ਲੈ ਲੈਣਾ ਚਾਹੀਦਾ

**ਫਗਵਾੜਾ (ਬੀ. ਕੇ.ਰੱਤੂ)-** ਚੀਨ ਪਾਕਿਸਤਾਨ ਨਾਲ ਭਾਰਤ ਦੀ ਜੰਗ ਕਿਸੇ ਹਾਲਾਤ ਵਿੱਚ ਨਹੀ ਹੋਣੀ ਚਾਹੀਦੀ ਜੇਕਰ ਇਹ ਜੰਗ ਹੁੰਦੀ ਹੈ ਤਾਂ ਇਸ ਵਿੱਚ ਸਭ ਤੋ ਵਧ ਨੁਕਸਾਨ ਭਾਰਤ ਦਾ ਹੀ ਹੋਵੇਗਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੇਂਦਰੀ ਕਾਰਜਕਾਰਨੀ ਮੈਬਰ ਜਥੇਦਾਰ ਰਜਿੰਦਰ ਸਿੰਘ ਫੌਜੀ ਨੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤੇ। ਉਨ੍ਹਾਂ ਕਿਹਾ ਕਿ ਚੀਨ ਅਤੇ ਪਾਕਿਸਤਾਨ ਕੋਲ ਬੇਹੱਦ ਖਤਰਨਾਕ ਪਰਮਾਣੂ ਬੰਬ ਮੌਜੂਦ ਹਨ ਜਿਨ੍ਹਾਂ ਦਾ ਇਸਤੇਮਾਲ ਉਕਤ ਦੇਸ਼ ਹੋਣ ਜਾ ਰਹੀ ਜੰਗ ਵਿੱਚ ਕਰ ਸਕਦੇ ਅਜਿਹੇ ਵਿੱਚ ਇਹ ਇਨਸਾਨੀ ਨਸਲ ਮਾਰੂ ਬੰਬਾਂ ਦੇ ਕਾਰਨ ਨੁਕਸਾਨ ਸਿਰਫ ਇਨਸਾਨੀਅਤ ਦਾ ਹੀ ਹੋਵੇਗਾ ਫਿਰ ਚਾਹੇ ਉਹ ਭਾਰਤ ਦੀ ਹੋਵੇ ਪਾਕਿਸਤਾਨ ਤੇ ਜਾਂ ਚੀਨ ਦੀ ਹੋਵੇ। ਫੌਜੀ ਨੇ ਅੱਗੇ ਕਿਹਾ ਕਿ ਭਾਰਤ ਸਰਕਾਰ ਨੂੰ ਸ਼ਾਂਤੀ ਵਾਰਤਾ ਨਾਲ ਹੀ ਗੁਆਂਢੀ ਦੇਸ਼ਾਂ ਨਾਲ ਬੈਠਕੇ ਹੀ ਸੀਮਾ ਵਿਵਾਦ ਨੂੰ ਸੁਲਝਾਉਣ ਲੈ ਲੈਣਾ ਚਾਹੀਦਾ ਹੈ ਤੇ ਨਾਲ ਹੀ ਸੰਯੁਕਤ ਰਾਸ਼ਟਰ ਕੋਲ ਸੀਮਾ ਵਿਵਾਦ ਨੂੰ ਹਲ ਕਰਨ ਵਾਸਤੇ ਦਖਲ ਦੇਣ ਦੀ ਗੁਜਾਰਿਸ਼ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਭਾਰਤ ਨੂੰ ਯੂਐਨਓ ਵਿੱਚ ਜੋਰ ਨਾਲ ਅਪੀਲ ਕਰਨੀ ਚਾਹੀਦੀ ਹੈ ਕਿ ਹਰ ਇਕ ਦੇਸ਼ ਨੂੰ ਆਪਣੀ ਹੱਦ ਅੰਦਰ ਰਹਿਣਾ ਚਾਹੀਦਾ ਹੈ, ਕਿਸੇ ਦੇਸ਼ ਦੀ ਧਰਤੀ ਤੇ ਕੋਈ ਵੀ ਦੇਸ਼ ਫੌਜੀ



ਤਾਕਤਾਂ ਜਾਂ ਪ੍ਰਮਾਣੂ ਬੰਬਾਂ ਨਾਲ ਕਬਜਾ ਕਰਨ ਦੀ ਕੋਸ਼ਿਸ਼ ਨਾ ਕਰੇ। ਇਨ੍ਹਾਂ ਮਸਲਿਆਂ ਕਾਰਨ ਹੀ ਵੱਡੇ-ਵੱਡੇ ਦੁਖਾਂਤ ਵਾਪਰਦੇ ਹਨ, ਜਿਨ੍ਹਾਂ ਨਾਲ ਬਹੁਤ ਹੀ ਅਤਿਅੰਤ ਭੈੜੇ ਨਤੀਜੇ ਨਿਕਲਦੇ ਹਨ, ਜਿਸਦੀ ਮਿਸਾਲ ਜਪਾਨ ਦੀ ਧਰਤੀ ਹੀਰੋਸ਼ਿਮਾ ਤੇ ਨਾਗਾਸਾਕੀ ਉਪਰ ਹੋਏ ਪ੍ਰਮਾਣੂ ਹਮਲੇ ਦੇ ਦੁਖਾਂਤ ਨੂੰ ਅੱਜ ਵੀ ਜਪਾਨ ਦੇ ਇਹ ਸ਼ਹਿਰ ਭੁੱਲ ਨਹੀ ਸਕੇ ਹਨ। ਰਜਿੰਦਰ ਸਿੰਘ ਫੌਜੀ ਨੇ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਹੋ ਜਿਹੇ ਮਸਲਿਆਂ ਨੂੰ ਰਲ ਮਿਲ ਕੇ ਸੁਲਝਾਇਆ ਜਾਵੇ ਤਾਂ ਜੋ ਜੰਗ ਵਰਗੇ ਖਤਰਨਾਕ ਮਸਲੇ ਨਾ ਪੈਦਾ ਹੋਣ।

# ਵਿਜੀਲੈਂਸ ਵੱਲੋ ਸਿੰਚਾਈ ਮਹਿਕਮੇ 'ਚ ਘਪਲੇ ਸਬੰਧੀ ਮੁਕੱਦਮਾ ਦਰਜ

**ਚੰਡੀਗੜ (ਬਿਊਰੋ)-** ਸਿੰਜਾਈ ਵਿਭਾਗ ਵਿਚ ਟੈਂਡਰਾਂ ਦੀ ਅਲਾਟਮੈਂਟ ਮੌਕੇ ਹੋਈਆਂ ਬੇਨਿਯਮੀਆਂ ਦੀ ਵਿਆਪਕ ਜਾਂਚ ਲਈ ਵਿਜੀਲੈਂਸ ਬਿਊਰੋ ਪੰਜਾਬ ਨੇ ਗੁਰਿੰਦਰ ਸਿੰਘ ਠੇਕੇਦਾਰ ਸਮੇਤ ਵਿਭਾਗ ਦੇ ਦੋ ਅਧਿਕਾਰੀਆਂ ਸਮੇਤ ਚਾਰ ਸੇਵਾਮੁਕਤ ਅਫਸਰਾਂ ਖਿਲਾਫ ਅਪਰਾਧਿਕ ਕੇਸ ਦਰਜ ਕੀਤਾ ਹੈ। ਵਿਜੀਲੈਂਸ ਦੀਆਂ ਟੀਮਾਂ ਨੇ ਇਸ ਜਾਂਚ ਸਬੰਧੀ ਠੇਕੇਦਾਰ ਦੀਆਂ ਜਾਇਦਾਦਾਂ ਦੀ ਪੜਤਾਲ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ ਕਿਉਂਕਿ ਇਸ ਠੇਕੇਦਾਰ ਨੇ 100 ਕਰੋੜ ਦੀ ਲਾਗਤ ਨਾਲ ਚੰਡੀਗੜ, ਮੋਹਾਲੀ, ਲੁਧਿਆਣਾ, ਪਟਿਆਲਾ ਅਤੇ ਨੋਇਡਾ ਵਿਚ ਗੈਰ ਕਨੂੰਨੀ ਤੌਰ 30 'ਤੇ ਵੱਧ ਜਾਇਦਾਦਾਂ ਬਣਾਈਆਂ ਹੋਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਸ ਕੇਸ ਵਿਚ ਗੁਲਸ਼ਨ ਨਾਗਪਾਲ, ਐਕਸੀਅਨ, ਪਰਮਜੀਤ ਸਿੰਘ ਘੁੰਮਣ, ਚੀਫ ਇੰਜਨੀਅਰ (ਸੇਵਾਮੁਕਤ), ਬਜਰੰਗ ਲਾਲ ਸਿੰਗਲਾ, ਐਕਸੀਅਨ, ਹਰਵਿੰਦਰ ਸਿੰਘ, ਚੀਫ ਇੰਜੀਨੀਅਰ (ਸੇਵਾਮੁਕਤ), ਕਮਿੰਦਰ ਸਿੰਘ ਦਿਓਲ, ਐਸ.ਡੀ.ਓ (ਸੇਵਾਮੁਕਤ), ਗੁਰਦੇਵ ਸਿੰਘ ਮਿਨਾ, ਚੀਫ ਇੰਜੀਨੀਅਰ (ਸੇਵਾਮੁਕਤ), ਵਿਮਲ ਕੁਮਾਰ ਸ਼ਰਮਾ ਸੁਪਰਵਾਇਜ਼ਰ ਅਤੇ ਸਿੰਜਾਈ ਵਿਭਾਗ ਦੇ ਕੁਝ ਅਧਿਕਾਰੀ, ਇੰਜੀਨੀਅਰ ਅਤੇ ਕਰਮਚਾਰੀ ਵੀ ਸ਼ਾਮਲ ਹਨ ਜਿਨਾਂ ਵੱਲੋਂ ਸਰਕਾਰੀ ਆਹੁਦਿਆਂ ਦੀ ਦੁਰਵਰਤੋਂ ਕਰਕੇ ਗੁਰਿੰਦਰ ਸਿੰਘ ਨਾਲ



ਮਿਲੀਭੁਗਤ ਰਾਹੀਂ ਗੈਰਕਾਨੂੰਨੀ ਤਰੀਕੇ ਨਾਲ ਰਾਜ ਸਰਕਾਰ ਨੂੰ ਵੱਡੀ ਵਿੱਤੀ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਪਾਇਆ ਹੈ।

ਉਨ•ਾਂ ਕਿਹਾ ਕਿ ਉਕਤ ਦੋਸ਼ੀਆਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) ਡੀ.ਆਰ/ਡਬਲਯੂ 13 (2) ਅਤੇ ਆਈ.ਪੀ.ਸੀ. ਦੀ ਧਾਰਾ 406, 420, 467, 468, 471, 477-ਏ ਅਤੇ 120-ਬੀ ਤਹਿਤ ਦਰਜ ਅੱਜ ਥਾਣਾ ਵਿਜੀਲੈਂਸ ਬਿਓਰੋ ਐਸ.ਏ.ਐਸ ਨਗਰ ਵਿਖੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੁਸ਼ਪਿੰਦਰ ਗਰਗ, ਚੀਫ ਇੰਜੀਨੀਅਰ ਨਹਿਰਾਂ, ਜੋ ਸਿੰਚਾਈ ਵਿਭਾਗ ਦੇ ਚੀਫ ਵਿਜੀਲੈਂਸ ਅਫਸਰ (ਸੀ.ਵੀ.ਓ.) ਹਨ, ਦੀ ਭੂਮਿਕਾ ਸਬੰਧੀ ਵੀ ਜਾਂਚ ਕੀਤੀ ਜਾਵੇਗੀ ਕਿਉਂਕਿ ਉਹਨਾਂ ਨੇ ਦੋਸ਼ੀ ਗੁਰਿੰਦਰ ਸਿੰਘ ਦੇ ਖਿਲਾਫ ਦਰਜ ਸ਼ਿਕਾਇਤਾਂ ਨੂੰ ਬੰਦ ਕਰ ਦਿੱਤਾ ਸੀ। ਇਸੇ ਤਰਾਂ ਦੂਜੇ ਠੇਕੇਦਾਰਾਂ ਪੁਸ਼ਪਿੰਦਰ ਸਿੰਘ ਸਿੱਧੂ ਅਤੇ ਖਾਰਾ ਕਾਂਟਰੈਕਟਰਜ਼ ਦੀ ਭੂਮਿਕਾ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ ਹੈ ਕਿਉਂਕਿ ਉਹਨਾਂ ਨੇ ਗੁਰਿੰਦਰ ਸਿੰਘ ਠੇਕੇਦਾਰ ਨਾਲ ਰਲ ਕੇ ਜਾਅਲੀ ਟੈਂਡਰ ਪਾਏ ਸਨ।

ਹੋਰ ਵੇਰਵੇ ਦਿੰਦਿਆਂ ਉਹਨਾਂ ਦੱਸਿਆ ਕਿ ਇਸ ਘਪਲੇ ਸਬੰਧੀ ਵਿਜੀਲੈਂਸ ਵਲੋਂ 30 ਜੂਨ 2017 ਨੂੰ ਵਿਜੀਲੈਂਸ ਪੜਤਾਲ ਦਰਜ ਕੀਤੀ ਗਈ ਸੀ ਤਾਂ ਜੋ ਸਰਕਾਰ ਵਲੋਂ ਪ੍ਰਵਾਨਿਤ ਸ਼ਰਤਾਂ ਨੂੰ ਅਣਦੇਖਿਆਂ ਕਰਕੇ ਕੁਝ ਠੇਕੇਦਾਰਾਂ ਨੂੰ ਸੰਚਾਈ ਵਿਭਾਗ ਦੇ ਕੁਝ ਅਧਿਕਾਰੀਆਂ ਵਲੋਂ ਮਿਲੀਭੁਗਤ ਨਾਲ ਠੇਕੇ ਦਿੱਤੇ ਗਏ ਅਤੇ ਟੈਂਡਰਾਂ ਦੀਆਂ ਸ਼ਰਤਾਂ ਸਬੰਧੀ ਨਿਯਮਾਂ ਨੂੰ ਤਾਕ 'ਤੇ ਰਖਦਿਆਂ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਦਾ ਨੁਕਸਾਨ ਪਹੁੰਚਾਉਣ ਸਬੰਧੀ ਪੂਰੀ ਪੜਤਾਲ ਕੀਤੀ ਜਾ ਸਕੇ। ਪੜਤਾਲ ਦੌਰਾਨ ਦੇਖਿਆ ਗਿਆ ਕਿ ਪਿਛਲੇ 7-8 ਸਾਲਾਂ ਦੌਰਾਨ ਰਾਜ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਅਤੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਨੇ ਮਿਲੀਭੁਗਤ ਨਾਲ ਈ-ਟੈਂਡਰਿੰਗ ਦੇ ਨਿਯਮਾਂ ਨੂੰ ਅਣ-ਪਰੋਖੇ ਕਰਦਿਆਂ ਛੋਟੇ ਟੈਂਡਰਾਂ ਨੂੰ ਰਲਾ ਕੇ ਵੱਡਾ ਟੈਂਡਰ ਬਣਾ ਕੇ ਗੁਰਿੰਦਰ ਸਿੰਘ ਠੇਕੇਦਾਰ ਨੂੰ ਵਿੱਤੀ ਲਾਭ ਪਹੁੰਚਾਏ ਗਏ ਅਤੇ ਟੈਂਡਰਾਂ ਦੀ ਗੋਪਨੀਅਤਾ ਨੂੰ ਵੀ ਦਾਅ ਲਾਈ ਗਈ। ਉਕਤ ਠੇਕੇਦਾਰ ਨੂੰ ਲੱਗਭਗ 1000 ਕਰੋੜ ਰੁਪਏ ਦੇ ਟੈਂਡਰ ਅਲਾਟ ਹੋਏ ਜਿਹੜੇ ਵਿਭਾਗੀ ਰੇਟਾਂ ਨਾਲੋਂ 10-50 ਫੀਸਦ ਵੱਧ ਰੇਟਾਂ 'ਤੇ ਦਿੱਤੇ ਗਏ।

ਅਜਿਹੀ ਅਲਾਟਮੈਂਟ ਵੇਲੇ ਸ਼ਰਤਾਂ ਨੂੰ ਇਸ ਤਰਾਂ ਬਣਾਇਆ ਗਿਆ ਕਿ ਬੋਲੀ ਦੇਣ ਵਾਲੇ ਠੇਕੇਦਾਰ ਨੂੰ ਫਾਇਦਾ ਪਹੁੰਚਾਇਆ ਜਾ ਸਕੇ ਅਤੇ ਹੋਰ ਠੇਕੇਦਾਰ ਇਸ ਮੁਕਾਬਲੇ ਵਿਚ ਖੜ ਨਾ ਸਕਣ। ਵਿਜੀਲੈਂਸ ਨੇ ਇਹ ਵੀ ਪਤਾ ਲਾਇਆ ਕਿ ਇਸ ਸਮੇਂ ਦੌਰਾਨ 2 ਕਰੋੜ ਦੀ ਲਾਗਤ ਵਾਲੇ ਠੇਕੇ ਹੋਰਨਾਂ ਠੇਕੇਦਾਰਾਂ ਨੂੰ ਵਿਭਾਗ ਵੱਲੋਂ ਮਿਥੇ ਰੇਟਾਂ ਨਾਲੋਂ ਘੱਟ ਰੇਟਾਂ 'ਤੇ ਅਲਾਟ ਕੀਤੇ ਜਾਂਦੇ ਰਹੇ।

# ਚਾਈਲਡ ਕੇਅਰ ਪ੍ਰੋਜੈਕਟ ਕਰਵਾਲੀਆ ਵਿਖੇ 15 ਅਗਸਤ ਨੂੰ ਸੁਤੰਤਰਤਾ ਦਿਵਸ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ

**ਬਟਾਲਾ (ਨਰਿੰਦਰ ਬਰਨਾਲ)-** ਬਿਲੀਵਰ ਚਰਚ ਵੱਲੋਂ ਚਲਾਏ ਜਾ ਰਹੇ ਸਕੂਲ ਚਾਈਲਡ ਕੇਅਰ ਪ੍ਰੋਜੈਕਟ ਕਰਵਾਲੀਆ ਵਿਖੇ 15 ਅਗਸਤ ਨੂੰ ਸੁਤੰਤਰਤਾ ਦਿਵਸ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵਰਗਿਸ ਸਲਾਮਤ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਹਨਾਂ ਨੇ ਆਪਣੇ ਸ਼ਬਦਾਂ ਰਾਹੀ ਕਿਹਾ ਕਿ ਇਹ ਬਿਲੀਵਰ ਚਰਚ ਦਾ ਇੱਕ ਚੰਗਾ ਉਪਰਾਲਾ ਹੈ ਜੋ ਕਿ ਗਰੀਬ ਅਤੇ ਜਰੂਰਤਮੰਦ ਲੋਕਾਂ ਦੇ ਬੱਚਿਆਂ ਨੂੰ ਮੁਫਤ ਪੜਾਈ ਮੁਹੱਈਆਂ ਕਰਵਾਈ ਜਾ ਰਹੀ ਹੈ।



ਉਹਨਾਂ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਇਸ ਸ਼ੁਭ ਮੌਕੇ ਤੇ ਸੁਤੰਤਰਤਾ ਦਿਵਸ ਦੀਆਂ ਲੱਖ ਲੱਖ ਵਧਾਈ ਦਿੱਤੀ ਅਤੇ ਨਾਲ ਹੀ ਉਹਨਾਂ ਬੱਚਿਆਂ ਦੇ ਮਾਤਾ ਪਿਤਾ ਨੂੰ ਬ੍ਰਿਜ ਆਫ ਹੋਪ ਦੀ ਮਹੱਤਤਾ ਦੱਸੀ। ਇਸ ਮੌਕੇ 'ਤੇ ਰੱਖੀ ਭੱਟੀ ਫਾਇਨਾਂਸ ਕੋਆਰਡੀਨੇਟਰ ਵੀ ਅੰਮ੍ਰਿਤਸਰ ਤੋਂ ਸ਼ਾਮਿਲ ਹੋਏ ਅਤੇ ਉਹਨਾਂ ਨੇ ਦੱਸਿਆ ਕਿ ਬੀ.ਓ.ਐਚ ਸੈਂਟਰ ਕਿਵੇਂ ਪੂਰੇ ਏਸ਼ੀਆ ਦੇ ਵਿੱਚ ਗਰੀਬ ਅਤੇ ਲੋੜਵੰਦ ਬੱਚਿਆਂ ਦੀ ਮਦਦ ਕਰ ਰਿਹਾ ਹੈ। ਇਸ ਮੌਕੇ 'ਤੇ ਬੱਚਿਆਂ ਨੂੰ ਸਕੂਲ ਬੈਗ ਅਤੇ ਜਿਓਮੈਂਟਰੀ ਬਾਕਸ ਵੀ ਵੰਡੇ ਗਏ। ਝੰਡੇ ਦੀ ਰਸ਼ਮ ਕਸ਼ਮੀਰ ਸਿੰਘ ਅਤੇ ਸਤਨਾਮ ਸਿੰਘ ਸੋਸਲ ਵਰਕਰ ਵਜੋਂ ਨਿਭਾਈ ਗਈ। ਇਸ ਮੌਕੇ 'ਤੇ ਸੈਂਟਰ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ ਸਕਿੱਟ ਅਤੇ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ 'ਤੇ ਸੈਂਟਰ ਇੰਚਾਰਜ ਮਕਬੂਲ ਗਿੱਲ, ਸ਼ੋਸਲ ਵਰਕਰ ਨੀਲਮ ਮੈਡਮ, ਏਕਤਾ ਭਗਤ, ਨੇਹਾ ਭਗਤ, ਆਸ਼ਾ ਮਾਰਥਾ ਅਤੇ ਰਾਜ ਵੀ ਹਾਜਰ ਸਨ।

# ਹੁਸ਼ਿਆਰ ਵਿਦਿਆਰਥੀਆਂ ਦੀ ਪੜ੍ਹਾਈ 'ਚ ਕੋਈ ਰੁਕਾਵਟ ਨਾ ਆਵੇ- ਸਰਦਾਨਾ

## 51 ਵਿਦਿਆਰਥੀਆਂ ਨੂੰ ਇੱਕ ਲੱਖ ਇੱਕੀ ਹਜ਼ਾਰ ਰੁਪਏ ਵਜ਼ੀਫਾ ਵੰਡਿਆ

**ਫਗਵਾੜਾ (ਬੀ. ਕੇ.ਰੱਤੂ)-** ਬਲੱਡ ਬੈਂਕ ਗੁਰੂ ਹਰਿਗੋਬਿੰਦ ਨਗਰ ਫਗਵਾੜਾ ਵਿਖੇ ਸ: ਚਰਨਜੀਤ ਸਿੰਘ ਬਾਸੀ ਮੈਮੋਰੀਅਲ ਚੈਰੀਟੇਬਲ ਟਰੱਸਟ ਵਲੋਂ ਇੱਕ ਲੱਖ ਅਤੇ ਬਲੱਡ ਬੈਂਕ ਵਲੋਂ ਇੱਕੀ ਹਜ਼ਾਰ ਰੁਪਏ ਕੁੱਲ ਮਿਲਾਕੇ ਇੱਕ ਲੱਖ ਇੱਕੀ ਹਜ਼ਾਰ ਰੁਪਏ ਦੇ ਵਜ਼ੀਫੇ ਹੁਸ਼ਿਆਰ ਕਾਲਜਾਂ ਅਤੇ ਸਕੂਲਾਂ ਦੇ 51 ਵਿਦਿਆਰਥੀਆਂ ਨੂੰ ਵੰਡੇ ਗਏ। ਵੱਖੋ-ਵੱਖਰੇ ਸਕੂਲਾਂ ਦੇ ਵਿਦਿਆਰਥੀਆਂ ਤੇ ਸਕੂਲ ਮੁਖੀਆਂ ਨੂੰ ਚੈਕ ਵੰਡਦੇ ਹੋਏ ਸ੍ਰੀ ਕੇ.ਕੇ. ਸਰਦਾਨਾ ਚੇਅਰਮੈਨ




ਬਲੱਡ ਬੈਂਕ ਨੇ ਕਿਹਾ ਕਿ ਇਹ ਸਾਡੀ ਸਮਾਜਕ ਜੁੰਮੇਵਾਰੀ ਹੈ ਕਿ ਲੋੜਬੰਦ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਆਰਥਿਕ ਕਾਰਨਾਂ ਕਰਕੇ ਪੜ੍ਹਾਈ ਵਿਚ ਕੋਈ ਰੁਕਾਵਟ ਨਾ ਆਵੇ ਅਤੇ ਉਹ ਬਿਨ੍ਹਾਂ ਕਿਸੇ ਤਣਾਅ ਆਪਣੀ ਉਚੇਰੀ ਪੜ੍ਹਾਈ ਜਾਰੀ ਰੱਖਣ। ਇਸ ਮੌਕੇ ਬੋਲਦਿਆਂ ਮਲਕੀਅਤ ਸਿੰਘ ਰਘਬੋਤਰਾ ਪ੍ਰਧਾਨ ਬਲੱਡ ਬੈਂਕ ਨੇ ਦੱਸਿਆ ਕਿ ਸੰਸਥਾ ਵਲੋਂ ਵੱਖੋ-ਵੱਖਰੇ ਪ੍ਰਜੈਕਟ ਚਲਾਈ ਜਾਂਦੇ ਹਨ, ਜਿਹਨਾ ਵਿਚ ਲੋੜਬੰਦ ਲੋਕਾਂ ਨੂੰ ਸਹਾਇਤਾਂ ਦਿੱਤੀ ਜਾਂਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੇਖਕ ਗੁਰਮੀਤ ਪਲਾਹੀ, ਰਵਿੰਦਰ ਚੋਟ, ਪ੍ਰਿੰਸੀਪਲ ਮਨਜੀਤ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਬਲੱਡ ਬੈਂਕ ਪ੍ਰਬੰਧਕ ਕਮੇਟੀ ਵਲੋਂ ਚਰਨਜੀਤ ਸਿੰਘ ਬਾਸੀ ਮੈਮੋਰੀਅਲ ਟਰੱਸਟ ਦੇ ਸੰਚਾਲਕ ਕੁਲਵਿੰਦਰ ਸਿੰਘ ਦਾ ਧੰਨਵਾਦ ਕੀਤਾ ਗਿਆ। ਟਰੱਸਟ ਵਲੋਂ ਹਰ ਸਾਲ ਇੱਕ ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਬਲੱਡ ਬੈਂਕ ਦੇ ਬੀ ਟੀ ਓ ਐਮ.ਐਲ. ਬਾਂਸਲ, ਕ੍ਰਿਸ਼ਨ ਕੁਮਾਰ, ਕਰਨਲ ਆਰ.ਕੇ. ਭਾਟੀਆ, ਤਾਰਾ ਚੰਦ ਚੁੰਬਰ, ਅਸ਼ੋਕ ਕੁਮਾਰ ਯੂ.ਐਸ.ਏ. ਕਿਰਨਦੀਪ ਕੌਰ, ਪ੍ਰਿਤਪਾਲ ਕੌਰ, ਮੋਹਨ ਲਾਲ, ਆਦਿ ਹਾਜ਼ਰ ਸਨ।

# ਪ੍ਰੋ.ਸੁਖਵਿੰਦਰ ਕੰਬੋਜ ਦਾ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਿਹ 27 ਅਗਸਤ ਨੂੰ ਲੋਕ ਅਰਪਿਤ



ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ -ਏਰੀਆ ਵਲੋਂ ਅਕੈਡਮੀ ਦੇ ਪ੍ਰਧਾਨ ਪ੍ਰੋ. ਸੁਖਵਿੰਦਰ ਕੰਬੋਜ ਦਾ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਿਹ ਜੰਗ, ਜਸ਼ਨ ਤੇ ਜੁਗਨੂੰ 27 ਅਗਸਤ 2017 ਦਿਨ ਐਤਵਾਰ ਨੂੰ ਲੋਕ ਅਰਪਿਤ ਕੀਤਾ ਜਾ ਰਿਹਾ ਹੈ। ਸਥਾਨ: Mehran Restaurant 5774, Mowry School Road, Newark CA 95460 ਪ੍ਰੋਗਰਾਮ ਦੀ ਰੂਪ-ਰੇਖਾ: ਬਾਅਦ ਦੁਪਹਿਰ 1:00-2:00 ਆਪਸੀ ਮਿਲਣੀ ਅਤੇ ਦੁਪਹਿਰ ਦਾ ਖਾਣਾ 2:00 ਪੁਸਤਕ ਬਾਰੇ ਵਿਚਾਰ ਚਰਚਾ ਵਿਚ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਸ਼ਾਇਰ ਦਰਸ਼ਨ ਬੁਲੰਦਵੀ, ਸੁਰਿੰਦਰ ਸਿੰਘ ਸੀਰਤ, ਕਮਲ ਦੇਵ ਪਾਲ ਅਤੇ ਨੀਲਮ ਸੈਣੀ ਹਿੱਸਾ ਲੈਣਗੇ 3:00 ਪੁਸਤਕ ਲੋਕ ਅਰਪਣ ਅਤੇ ਮਾਣ ਸਨਮਾਨ 3:30-5:00 ਕਵੀ ਦਰਬਾਰ ਵਿਚ ਹਾਜ਼ਰ ਸ਼ਾਇਰ ਆਪਣੀਆਂ ਰਚਨਾਵਾਂ ਪੇਸ਼ ਕਰਨਗੇ।

# 'ਇਕ ਤੇਰਾ ਲੱਖ ਵਰਗਾ ਬਾਕੀ ਮੋੜ ਕੇ ਜੇਬ ਵਿਚ ਪਾ ਲੈ' ਦਾ ਗੀਤਕਾਰ - ਬੌਬੀ ਧੰਨੇਵਾਲੀ

**ਸ਼ਾਮਚੁਰਾਸੀ (ਐਚ ਐਸ ਪੀ ਚੁੰਬਰ )-** ਸਿਆਣੇ ਲੋਕ ਆਖਦੇ ਹਨ ਕਿ ਗਿਆਨ ਪਾਣੀ ਤੋਂ ਵੀ ਪਤਲਾ ਹੈ ਤੇ ਪਰਮਾਤਮਾ ਵਲੋਂ ਦਿੱਤੇ ਇਸ ਸ਼ਾਇਰੀ ਦੇ ਗਿਆਨ ਕਰਕੇ ਹੀ ਲੇਖਕ ਲੋਕਾਂ ਦੀ ਸੋਚ ਹਵਾ ਤੋਂ ਤੇਜ਼ ਹਰ ਥਾਂ ਪਹੁੰਚ ਜਾਂਦੀ ਹੈ। ਹਰ ਲੇਖਕ ਦੁਨੀਆਂ ਦਾ ਦੁੱਖ ਦਰਦ ਅਤੇ ਕੋਈ ਵੀ ਖੁਸ਼ੀ ਆਮ ਲੋਕਾਂ ਤੋਂ ਵੱਧ ਮਹਿਸੂਸ ਕਰਦਾ ਹੈ। ਬੌਬੀ ਧੰਨੇਵਾਲੀ ਤੇ ਵੀ ਪਰਮਾਤਮਾ ਦੀ ਅਪਾਰ ਕਿਰਪਾ ਹੈ ਇਸੇ ਕਰਕੇ ਹੀ ਬੌਬੀ ਦੇ ਲਿਖੇ ਗੀਤ ਹਰ ਉਮਰ ਦੇ ਹਾਣੀ ਹਨ। ਬੌਬੀ ਧੰਨੇਵਾਲੀ ਦਾ ਜਨਮ ਜਲੰਧਰ ਦੇ ਬਿਲਕੁੱਲ ਨਾਲ ਲੱਗਦੇ ਪਿੰਡ ਧੰਨੇਵਾਲੀ ਵਿਚ 1974 ਨੂੰ ਪਿਤਾ ਸ. ਮਹਿੰਗਾ ਸਿੰਘ ਅਤੇ ਮਾਤਾ ਪਰਮਿੰਦਰ ਦੇ ਘਰ ਹੋਇਆ। ਬੌਬੀ ਧੰਨੇਵਾਲੀ ਪ੍ਰਸਿੱਧ ਮਿਊਜਕ ਡਾਇਰੈਕਟਰ ਸੁਖਪਾਲ ਸੁੱਖ ਦਾ ਪੇਂਡੂ ਅਤੇ ਜਮਾਤੀ ਵੀ ਹੈ। ਗੀਤਾਂ ਨੂੰ ਸੁਣਦਿਆਂ ਅਤੇ ਸ਼ਾਇਰਾਂ ਦੀ ਸ਼ਾਇਰੀ ਪੜ੍ਹਦਿਆਂ ਸੁਣਦਿਆਂ ਬੌਬੀ ਖੁਦ ਇਕ ਨਾਮਵਰ ਗੀਤਕਾਰ ਕਦੋਂ ਬਣ ਗਿਆ ਹੈ ਉਸ ਨੂੰ ਖੁਦ ਨੂੰ ਵੀ ਅਹਿਸਾਸ ਨਹੀ। ਬੌਬੀ ਧੰਨੇਵਾਲੀ ਦੀ ਕਲਮ ਵਿਚੋਂ ਰਚੇ ਗੀਤਾਂ ਨੂੰ ਸੁੱਖਪਾਲ ਸੁੱਖ ਤੋਂ ਇਲਾਵਾ ਹੋਰ ਵੀ ਨਾਮੀ ਮਿਊਜਕ ਡਾਇਰੈਕਟਰ ਮਿਊਜ਼ਕ ਦੇ ਚੁੱਕੇ ਹਨ। ਸੈਂਕੜੇ ਗੀਤ



ਰਿਕਾਰਡ ਹੋਏ, ਜਿਨ੍ਹਾ ਵਿਚ ਦਰਜਨਾਂ ਗੀਤ ਹਿੱਟ ਹੋਏ, ਜੋ ਵਿਆਹਾਂ ਵਿਚ ਵੱਜਦੇ ਡੀ ਜੇ ਦੀ ਸ਼ਾਨ ਬਣੇ ਅਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣੇ। ਜੇਕਰ ਬੌਬੀ ਦਰਦ ਭਰੇ ਗੀਤ ਦੀ ਗੱਲ ਕਰਦਾ ਹੈ ਤਾਂ ਇੰਝ ਮਹਿਸੂਸ ਹੁੰਦਾ ਹੈ, ਕਿ ਉਸ ਦਰਦ ਨੂੰ ਆਪ ਹੰਢਾਅ ਰਿਹਾ ਹੋਵੇ। ਬੌਬੀ ਧੰਨੇਵਾਲੀ ਦੇ ਗੀਤਾਂ ਨੂੰ ਅਨੇਕਾਂ ਗਾਇਕਾਂ ਅਤੇ ਗਾਇਕਾਵਾਂ ਨੇ ਗਾਇਆ। ਜਿਨ੍ਹਾਂ ਵਿਚ ਮਾਸਟਰ ਸਲੀਮ, ਜੈਲੀ, ਪ੍ਰੀਤ ਹਰਪਾਲ, ਰਾਏ ਜੁਝਾਰ, ਰੌਸ਼ਨ ਪ੍ਰਿੰਸ, ਅਮਰ ਅਰਸ਼ੀ, ਸੁਦੇਸ਼ ਕੁਮਾਰੀ, ਲਖਵਿੰਦਰ ਲੱਕੀ, ਅਮਰਿੰਦਰ ਗਿੱਲ ਅਤੇ ਹੋਰ ਅਨੇਕਾਂ ਹੀ ਸੁਪਰਹਿੱਟ ਗਾਇਕਾਂ ਦੇ ਨਾਮ ਲਏ ਜਾ ਸਕਦੇ ਹਨ। 'ਇਕ ਤੇਰਾ ਲੱਖ ਵਰਗਾ', 'ਸੋਹਣਾ ਨਹੀਂ ਆਇਆ', 'ਨੂਰੀ ਮੁੱਖ', 'ਬੋਤਲ ਵਰਗੀ', 'ਮਿੱਤਰਾਂ ਨੇ ਦਿਲ ਮੰਗਿਆ', ਅਤੇ 'ਐਤਵਾਰ' ਵਰਗੇ ਦਰਜਨਾਂ ਹੀ ਗੀਤ ਸੁਪਰਹਿੱਟ ਗੀਤਾਂ ਵਿਚ ਸ਼ਾਮਿਲ ਹਨ। ਹੱਸਮੁੱਖ ਸੁਭਾਅ ਅਤੇ ਹਰ ਕਿਸੇ ਦੇ ਦੁੱਖ ਸੁੱਖ ਵਿਚ ਭੱਜ ਕੇ ਆਉਣ ਵਾਲੇ ਬੌਬੀ ਧੰਨੇਵਾਲੀ ਦੀ ਕਲਮ ਅੱਜ ਵੀ ਨਿਰੰਤਰ ਚੱਲ ਰਹੀ ਹੈ। ਪ੍ਰਮਾਤਮਾ ਬੌਬੀ ਧੰਨੇਵਾਲੀ ਦੀ ਕਲਮ ਨੂੰ ਹੋਰ ਵੀ ਬਲ ਬਖਸ਼ੇ।



ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਫਤਿਹਪੁਰ ਦੇ ਥਾਣਾ ਲਲੌਲੀ ਦੇ ਦਰੋਗਾ ਨੇ ਇੰਨੀ ਬੇਰਹਿਮੀ ਨਾਲ ਇਸ ਨੌਜਵਾਨ ਨੂੰ ਮਾਰਿਆ ਕਿ ਉਸਦੀ ਜਾਨ ਚਲੀ ਗਈ। ਮਾਰੇ ਗਏ ਨੌਜਵਾਨ ਦੇ ਤਿੰਨ ਮਾਸੂਮ ਬੱਚੇ ਹਨ। ਇਸ ਨੌਜਵਾਨ ਦਾ ਨਾਂ ਧਨੀਰਾਮ ਨਿਸ਼ਾਦ ਹੈ।

# ਕਿਸਾਨੀ ਸੰਕਟ, ਅੰਕੜੇ ਅਤੇ ਆਜ਼ਾਦੀ

**ਦਹਾਕਿਆਂ ਤੋਂ ਪਿੰਡਾਂ ਵਿੱਚ ਪਏ ਸੋਕੇ ਤੇ ਅਕਾਲ ਕਾਰਨ ਭੁੱਖਮਰੀ ਦੀ ਜੋ ਸਥਿਤੀ ਪੈਦਾ ਹੁੰਦੀ ਹੈ, ਉਸ ਉਤੇ ਦੇਸ਼ ਦੀ ਨੌਕਰਸ਼ਾਹੀ ਆਪਣੀ ਤੀਜੀ ਫਸਲ ਕੱਟਦੀ ਹੈ। ਖੂਬ ਧੰਨ ਕਮਾਉਂਦੀ ਹੈ। ਅਕਾਲ, ਹੜ੍ਹਾਂ, ਸੋਕੇ ਨਾਲ ਸਬੰਧਤ ਅਤੇ ਖੇਤੀ ਨਾਲ ਜੁੜੀਆਂ ਸਮੱਸਿਆਵਾਂ ਦੇ ਮਨਘੜਤ ਅੰਕੜੇ ਜੁਰੱਅਤ ਨਾਲ ਸਰਕਾਰ ਵਲੋਂ ਲੋਕਾਂ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਇਹਨਾ ਅੰਕੜਿਆਂ ਦਾ ਹਵਾਲਾ ਦੇ ਕੇ ਨੀਤੀਆਂ ਘੜੀਆਂ ਜਾਂਦੀਆਂ ਹਨ ਅਤੇ ਇਹ ਨੀਤੀਆਂ ਬਨ-ਾਉਣ ਵਾਲੇ ਵੀ ਉਹ ਲੋਕ ਹਨ ਜਿਹਨਾ ਨੂੰ ਖੇਤੀ, ਪਿੰਡ, ਉਥੋਂ ਦੀ ਆਰਥਿਕਤਾ, ਸਥਿਤੀ ਦੀ ਸਹੀ ਸਮਝ ਹੀ ਨਹੀਂ ਅਤੇ ਨਾ ਹੀ ਪੂਰਾ ਗਿਆਨ ਹੁੰਦਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਆਜ਼ਾਦੀ ਦੇ 70 ਵਰ੍ਹੇ ਬੀਤ ਗਏ ਹਨ। ਆਮ ਲੋਕ ਅੱਜ ਇਵੇਂ ਮਹਿਸੂਸ ਕਰਨ ਲੱਗ ਪਏ ਹਨ ਕਿ ਦੇਸ਼ ਸਿਰਫ਼ ਤੇ ਸਿਰਫ਼ ਅੰਕੜਿਆਂ ਦੀ ਖੇਡ ਨਾਲ ਹੀ ਚੱਲ ਰਿਹਾ ਹੈ। ਵੇਖੋ ਨਾ, ਇਸ ਵੇਲੇ ਦੇਸ਼ ਉਤੇ, 31 ਫੀਸਦੀ ਬਹੁਮਤ ਵਾਲੀ ਸਰਕਾਰ ਹਕੂਮਤ ਕਰ ਰਹੀ ਹੈ। ਧੱਕੇ ਨਾਲ ਉਹ ਹਰ ਵਿਰੋਧੀ ਆਵਾਜ਼ ਨੂੰ ਰੁਖ-ਸਿਰ ਕਰਨ ਦੇ ਰਾਹ ਤੁਰੀ ਹੋਈ ਹੈ। ਦੇਸ਼ ਵਿੱਚ ਕੀ ਵਾਪਰ ਰਿਹਾ, ਪਿੰਡ ਕਿਹੋ ਜਿਹੀ ਹਾਲਤ ਵਿੱਚ ਹਨ, ਉਥੋਂ ਦੇ ਲੋਕਾਂ ਦੀ ਕੀ ਦਸ਼ਾ ਹੈ, ਇਸ ਬਾਰੇ ਨਾ ਦੇਸ਼ ਦੇ ਨੇਤਾਵਾਂ ਦਾ ਕੋਈ ਸਰੋਕਾਰ ਹੈ ਅਤੇ ਨਾ ਹੀ ਦੇਸ਼ ਦੀ ਨੌਕਰਸ਼ਾਹੀ ਦਾ। ਹੁਣ ਤਾਂ ਇਹ ਵੀ ਸਮਝਿਆ ਜਾਣ ਲੱਗ ਪਿਆ ਹੈ ਕਿ ਨੇਤਾਵਾਂ, ਅਧਿਕਾਰੀਆਂ ਅਤੇ ਪੱਤਰਕਾਰਾਂ ਵਿੱਚ ਖੇਤਾਂ ਵਿੱਚ ਜਾ ਕੇ ਜ਼ਮੀਨੀ ਸਚਾਈ ਜਾਨਣ ਦੀ ਜਾਗਰੂਕਤਾ ਹੀ ਨਹੀਂ ਬਚੀ। ਦੇਸ਼ ਦੀਆਂ ਅਖ਼ਬਾਰਾਂ ਵਿੱਚ ਪੇਂਡੂ ਮਾਮਲਿਆਂ ਬਾਰੇ ਖ਼ਬਰਾਂ ਨਾਦਰਦ ਹਨ।

ਦਹਾਕਿਆਂ ਤੋਂ ਪਿੰਡਾਂ ਵਿੱਚ ਪਏ ਸੋਕੇ ਤੇ ਅਕਾਲ ਕਾਰਨ ਭੁੱਖਮਰੀ ਦੀ ਜੋ ਸਥਿਤੀ ਪੈਦਾ ਹੁੰਦੀ ਹੈ, ਉਸ ਉਤੇ ਦੇਸ਼ ਦੀ ਨੌਕਰਸ਼ਾਹੀ ਆਪਣੀ ਤੀਜੀ ਫਸਲ ਕੱਟਦੀ ਹੈ। ਖੂਬ ਧੰਨ ਕਮਾਉਂਦੀ ਹੈ।ਅਕਾਲ, ਹੜ੍ਹਾਂ, ਸੋਕੇ ਨਾਲ ਸਬੰਧਤ ਅਤੇ ਖੇਤੀ ਨਾਲ ਜੁੜੀਆਂ ਸਮੱਸਿਆਵਾਂ ਦੇ ਮਨਘੜਤ ਅੰਕੜੇ ਜੁਰੱਅਤ ਨਾਲ ਸਰਕਾਰ ਵਲੋਂ ਲੋਕਾਂ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਇਹਨਾ ਅੰਕੜਿਆਂ ਦਾ ਹਵਾਲਾ ਦੇਕੇ ਨੀਤੀਆਂ ਘੜੀਆਂ ਜਾਂਦੀਆਂ ਹਨ ਅਤੇ ਇਹ ਨੀਤੀਆਂ ਬਨਾਉਣ ਵਾਲੇ ਵੀ ਉਹ ਲੋਕ ਹਨ ਜਿਹਨਾ ਨੂੰ ਖੇਤੀ, ਪਿੰਡ, ਉਥੋਂ ਦੀ ਆਰਥਿਕਤਾ, ਸਥਿਤੀ ਦੀ ਸਹੀ ਸਮਝ ਹੀ ਨਹੀਂ ਅਤੇ ਨਾ ਹੀ ਪੂਰਾ ਗਿਆਨ ਹੁੰਦਾ ਹੈ। ਇਹੋ ਜਿਹੀ ਹਾਲਤ ਵਿੱਚ ਜਦੋਂ ਅੰਕੜੇ ਹੀ ਸਹੀ ਨਹੀਂ ਹੁੰਦੇ, ਉਹਨਾ ਦਾ ਮੁਲਾਂਕਣ ਕਿਵੇਂ ਸਹੀ ਹੋ ਸਕਦਾ ਹੈ? ਜਦ ਮੁਲਾਂਕਣ ਹੀ ਸਹੀ ਨਹੀਂ ਤਾਂ ਫਿਰ ਨੀਤੀਆਂ ਕਿਵੇਂ ਦੀਆਂ ਬਣਨਗੀਆਂ ਜਾਂ ਬਣਦੀਆਂ ਰਹੀਆਂ ਹਨ, ਇਸਦਾ ਅੰਦਾਜ਼ਾ ਭਲੇ ਹੀ ਲਗਾਇਆ ਜਾ ਸਕਦਾ ਹੈ। ਪੇਂਡੂ ਜੀਵਨ ਅਤੇ ਕਿਸਾਨੀ ਦੇ ਅਰਥ ਸ਼ਾਸਤਰ ਨੂੰ ਪੜ੍ਹਨ ਲਿਖਣ ਵਾਲਿਆਂ ਦੀ ਇਹ ਰਾਏ ਹੈ ਕਿ ਵਿਸ਼ਵ ਵਪਾਰ ਦੀ ਹੋੜ 'ਚ ਲੱਗੇ ਭਾਰਤੀ ਸਮਾਜ ਦਾ ਖੇਤੀ-ਕਿਸਾਨੀ ਨਾਲ ਕੋਈ ਲੈਣਾ-ਦੇਣਾ ਨਹੀਂ ਰਿਹਾ, ਇਸੇ ਕਰਕੇ ਅੱਜ ਕਿਸਾਨੀ ਦੀ ਹਾਲਤ ਅੰਕੜਿਆਂ ਦੀ ਖੇਡ 'ਚ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।

ਭਾਰਤ ਦੇ ਨੀਤੀ ਆਯੋਗ ਵਲੋਂ ਪੇਸ਼ ਅੰਕੜਿਆਂ ਅਨੁਸਾਰ ਵਾਹੀ ਕਰਨ ਵਾਲੇ ਕਿਸਾਨ ਦੀ ਪ੍ਰਤੀ ਵਿਅਕਤੀ ਸਲਾਨਾ ਆਮਦਨ 9873 ਰੁਪਏ ਹੈ ਅਤੇ ਦੇਸ਼ ਵਿੱਚ 53 ਫੀਸਦੀ ਵਾਹੀਕਾਰ ਹਨ। ਜੇਕਰ ਇਹ ਸਮਝ ਲਿਆ ਜਾਵੇ ਕਿ ਕਿਸਾਨ ਦੀ ਖੇਤੀ ਤੋਂ ਇਲਾਵਾ ਹੋਰ ਕੋਈ ਆਮਦਨ ਹੀ ਨਹੀਂ ਹੈ ਤਾਂ ਇਹ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਹਨ ਭਾਵ ਇਹਨਾ ਦੀ ਆਮਦਨ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਭਾਰਤੀ ਨਾਗਰਿਕਾਂ ਵਰਗੀ ਹੈ। ਅੰਕੜਿਆਂ ਅਨੁਸਾਰ ਕਿਉਂਕਿ ਕੁਝ ਵਾਹੀਕਾਰ ਖੇਤੀ ਤੋਂ ਇਲਾਵਾ ਵੀ ਕੋਈ ਨਾ ਕੋਈ ਕਿੱਤਾ ਕਰਕੇ ਆਪਣੀ ਆਮਦਨ ਵਧਾਉਂਦੇ ਹਨ, ਫਿਰ ਵੀ ਦੇਸ਼ ਵਿਚ ਗਰੀਬੀ ਰੇਖਾ ਤੋਂ ਹੇਠ ਕਿਸਾਨਾਂ ਦੀ ਗਿਣਤੀ 22.5 ਫੀਸਦੀ ਹੈ ਪਰ ਤੀਹ ਸਾਲਾਂ ਤੋਂ ਪੱਤਰਕਾਰ ਦੇ ਰੂਪ ਵਿੱਚ ਖੇਤੀ ਕਿਸਾਨੀ ਨੂੰ ਦੇਖਣ ਸਮਝਣ ਵਾਲੇ ਪੱਤਰਕਾਰ ਪਲਾਗੂੰਮੀ ਸਾਈਨਾਥ ਦਾ ਕਹਿਣਾ ਹੈ ਕਿ ਨੀਤੀ ਆਯੋਗ ਦੇ ਉੱਚ ਅਹੁਦਿਆਂ ਤੇ ਬੈਠੇ ਅਫ਼ਸਰਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਕਿਸਾਨ ਕੌਣ ਹੈ? ਸਾਈਨਾਥ ਦੇ ਮੁਤਾਬਿਕ ਬੇਸ਼ਕ ਦੇਸ਼ ਦੀ 53 ਫੀਸਦੀ ਅਬਾਦੀ ਖੇਤੀ-ਕਿਸਾਨੀ ਉਤੇ ਨਿਰਭਰ ਹੈ, ਲੇਕਿਨ ਅਸਲੀਅਤ ਵਿੱਚ ਮੂਲ ਕਿਸਾਨ ਦੇਸ਼ ਦੇ ਅੱਠ ਫੀਸਦੀ ਤੋਂ ਵੀ ਘੱਟ ਹਨ। ਜੇਕਰ ਖੇਤ ਮਜ਼ਦੂਰ, ਮਾਨਸੂਨੀ ਕਿਸਾਨ ਅਤੇ ਖੇਤਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਵੀ ਇਹਨਾ ਵਿੱਚ ਜੋੜ ਦੇਈਏ ਤਾਂ ਦੇਸ਼ ਵਿਚ 24 ਫੀਸਦੀ ਤੋਂ ਅਧਿਕ ਕਿਸਾਨ ਨਹੀਂ ਹੈ। ਉਹ ਕਿਸਾਨ ਜਿਹੜੇ ਇਸ ਵੇਲੇ ਘਾਟੇ ਦੀ ਖੇਤੀ ਦੇ ਸ਼ਿਕਾਰ ਹਨ।

ਕਿਸਾਨਾਂ ਅਤੇ ਖੇਤੀ ਨਾਲ ਸਬੰਧਤ ਅੰਕੜਿਆਂ ਦੀ ਖੇਤੀ ਇਥੇ ਹੀ ਖਤਮ ਨਹੀਂ ਹੁੰਦੀ।ਕਿਸਾਨ ਨਿੱਤ-ਪ੍ਰਤੀ ਵੱਡੀ ਗਿਣਤੀ 'ਚ ਆਤਮ ਹੱਤਿਆਵਾਂ ਕਰ ਰਹੇ ਹਨ। ਇਹ ਕੌੜਾ ਸੱਚ ਹੈ ਕਿ ਕਿਸਾਨਾਂ ਦੀਆਂ ਵਧਦੀਆਂ ਆਤਮਹੱਤਿਆਵਾਂ ਨੂੰ ਘੱਟ ਦਿਖਾਉਣ ਦਾ ਖੇਲ ਸਰਕਾਰ ਵਲੋਂ ਖੇਡਿਆ ਜਾ ਰਿਹਾ ਹੈ। ਤਾਂ ਕਿ ਸੱਚ ਨੂੰ ਲੁਕੋਇਆ ਜਾ ਸਕੇ ਅਤੇ ਖੇਤੀ, ਪਿੰਡ ਅਤੇ ਕਿਸਾਨ ਦੀ ਆਰਥਿਕ ਹਾਲਤ ਜੱਗ ਜਾਹਰ ਨਾ ਹੋਵੇ। ਇਹ ਖੇਲ ਉਦੋਂ ਤੋਂ ਖਾਸ ਤੌਰ 'ਤੇ ਸਰਕਾਰਾਂ ਵਲੋਂ ਖੇਡਿਆ ਜਾ ਰਿਹਾ ਹੈ, ਜਦੋਂ ਤੋਂ ਦੇਸ਼ ਭਰ ਵਿੱਚ ਕਿਸਾਨ ਆਤਮ ਹੱਤਿਆਵਾਂ ਅਖ਼ਬਾਰੀ ਸੁਰਖੀਆਂ ਬਣਨ ਲੱਗੀਆਂ ਹਨ।

ਅੰਕੜਿਆਂ ਨਾਲ ਖਿਲਵਾੜ ਸਿਰਫ਼ ਕਿਸਾਨ, ਖੇਤੀ ਦੇ ਸਬੰਧ ਵਿੱਚ ਹੀ ਨਹੀਂ ਹੋ ਰਿਹਾ ਸਗੋਂ ਦੇਸ਼ ਦੀ ਗਰੀਬ ਅਬਾਦੀ ਨਾਲ ਵੀ ਸ਼ਰੇਆਮ ਹੋ ਰਿਹਾ ਹੈ। ਗਰੀਬਾਂ ਦੀ ਗਿਣਤੀ ਘੱਟ ਕਰਕੇ ਆਂਕੀ ਜਾ ਰਹੀ ਹੈ। ਦੇਸ਼ ਦੀ ਕੁਲ ਸਵਾ ਅਰਬ ਅਬਾਦੀ ਵਿਚੋਂ 31 ਕਰੋੜ 20 ਲੱਖ ਲੋਕ ਹੀ ਗਰੀਬੀ ਰੇਖਾ ਹੇਠ ਰਹਿ ਰਹੇ ਦੱਸੇ ਜਾਂਦੇ ਹਨ! ਕੀ ਬਾਕੀ ਲੋਕਾਂ ਦਾ ਰਹਿਣ-ਸਹਿਣ, ਖਾਣ-ਪਾਣ, ਸਿੱਖਿਆ, ਸਿਹਤ-ਸਹੂਲਤਾਂ ਅਤੇ ਜੀਵਨ ਪੱਧਰ ਸੁਖਾਵਾਂ ਹੈ? ਇਕਸਾਰ ਹੈ? ਦੇਸ਼ ਦੀ ਵੱਡੀ ਬਹੁ-ਗਿਣਤੀ ਭੁੱਖਮਰੀ ਦਾ ਸ਼ਿਕਾਰ ਹੈ। ਬੇਰੁਜ਼ਗਾਰੀ ਦੀ ਚੱਕੀ 'ਚ ਪਿੱਸ ਰਹੀ ਹੈ। ਕੀ ਭੁਖੇ ਮਰ ਰਹੇ ਲੋਕਾਂ ਲਈ ਦੇਸ਼ ਦੀ ਸਰਵ ਉਚ ਅਦਾਤਲ ਦੇ ਹੁਕਮਾਂ ਦੇ ਬਾਵਜੂਦ ਰੋਟੀ ਦਾ ਪ੍ਰਬੰਧ ਹੋਇਆ ਹੈ? ਕੀ ਬੇਰੁਜ਼ਗਾਰ ਲੋਕਾਂ ਲਈ ਬੇਰੁਜ਼ਗਾਰੀ ਭੱਤਾ ਦੇਣ ਦਾ ਕਦੇ ਕਿਸੇ ਸਰਕਾਰ ਵਲੋਂ ਉਪਰਾਲਾ ਕਰਨ ਲਈ ਸਾਰਥਕ ਕਦਮ ਚੁੱਕੇ ਗਏ ਹਨ ਤਾਂ ਕਿ ਦੇਸ਼ ਦਾ ਨਾਗਰਿਕ ਨੌਕਰੀ ਨਹੀਂ ਤਾਂ ਬੇਰੁਜ਼ਗਾਰੀ ਭੱਤਾ ਲੈ ਕੇ ਦੋ ਡੰਗ ਰੋਟੀ ਹੀ ਖਾਣ ਜੋਗੇ ਹੋ ਸਕੇ। ਪੜ੍ਹੇ ਲਿਖੇ ਨੌਜਵਾਨਾਂ ਦੀ ਹਾਲਤ ਤਾਂ ਦੇਸ਼ 'ਚ ਸੱਚੋਂ ਹੀ ਤਰਸਯੋਗ ਬਣਦੀ ਜਾ ਰਹੀ ਹੈ। ਲੋਕ ਸਭਾ 'ਚ ਸਰਕਾਰ ਨੇ ਇਹ ਮੰਨਿਆ ਕਿ ਇੰਜੀਨੀਰਿੰਗ ਕਾਲਜਾਂ ਵਿਚੋਂ ਗਰੇਜੂਏਟ ਬਣਕੇ ਨਿਕਲਣ ਵਾਲੇ 60 ਫੀਸਦੀ ਇੰਜੀਨੀਅਰ ਬੇਰੁਜ਼ਗਾਰਾਂ ਦੀ ਕਤਾਰ 'ਚ ਖੜ੍ਹਨ ਲਈ ਮਜ਼ਬੂਰ ਹਨ। ਸਿੱਟੇ ਵਜੋਂ ਨੌਜਵਾਨਾਂ, ਇੰਜੀਨੀਰਿੰਗ ਪੜਾਈ ਤੋਂ ਵੀ ਮੁੱਖ ਮੋੜ ਰਹੇ ਹਨ। ਉਤਰਪ੍ਰਦੇਸ਼ ਦੇ ਅਬਦੁਲ ਕਲਾਮ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਤਹਿਤ ਆਉਣ ਵਾਲੇ ਤਿੰਨ ਸੌ ਨਿੰਜੀ ਇੰਜੀਨੀਰਿੰਗ ਕਾਲਜਾਂ ਵਿੱਚ ਇਸ ਵਰ੍ਹੇ ਕਿਸੇ ਨੇ ਦਾਖਲਾ ਹੀ ਨਹੀਂ ਲਿਆ। ਇਹ ਸਥਿਤੀ ਦੇਸ਼ ਭਰ ਵਿੱਚ ਹੈ, ਜਿਥੇ ਕੁਝ ਸਾਲਾਂ 'ਚ ਥਾਂ-ਥਾਂ ਇੰਜੀਨੀਰਿੰਗ ਕਾਲਜ ਖੁੱਲ੍ਹ ਗਏ, ਪਰ ਉਹਨਾ ਨੂੰ ਰੁਜ਼ਗਾਰ ਨਹੀਂ ਮਿਲਿਆ।

ਦੇਸ਼ ਦੇ ਨੀਤੀਵਾਨ, ਕਿਹੜੇ ਅੰਕੜਿਆਂ ਦੇ ਅਧਾਰ 'ਤੇ ਨੀਤੀਆਂ ਘੜਦੇ ਹਨ, ਜਿਹੜੀਆਂ ਲੋਕਾਂ ਨੂੰ ਲਾਲੀਪਾਪ ਤਾਂ ਦਿਖਾਉਂਦੀਆਂ ਹਨ, ਪਰ ਉਹਨਾ ਦੀ ਮਿਠਾਸ ਦਾ ਸੁਆਦ ਦੇਖਣ ਦਾ ਲੋਕਾਂ ਨੂੰ ਮੌਕਾ ਨਹੀਂ ਦਿੰਦੀਆਂ। ਅੰਕੜਿਆਂ ਦੇ ਖੰਭਾਂ ਨਾਲ ਨਵੇਂ ਉਲੀਕੇ ਪ੍ਰਾਜੈਕਟ ਕੁਝ ਸਮੇਂ ਬਾਅਦ ਠੁੱਸ ਹੋ ਜਾਂਦੇ ਹਨ ਅਤੇ ਪਾਣੀ ਦਾ ਬੁਲਬੁਲਾ ਸਾਬਤ ਹੋ ਰਹੇ ਹਨ। ਕਿਸਾਨਾਂ ਦੀ ਆਮਦਨ ਪੰਜ ਸਾਲਾਂ 'ਚ ਦੁਗਣੀ ਕਰਨ ਦਾ ਪ੍ਰਾਜੈਕਟ ਕਿਧਰ ਗਿਆ? 'ਹਰ ਖੇਤ ਕੋ ਪਾਨੀ' ਦਾ ਨਾਹਰਾ ਸ਼ਾਇਦ ਕਿਧਰੇ ਲੁਕ-ਲੁਕਾ ਦਿਤਾ ਗਿਆ ਹੈ ਤਦੇ ਕਿਸਾਨ ਸਿੰਚਾਈ ਲਈ ਆਸਮਾਨ ਵੱਲ ਝਾਕਦਾ ਹੈ। ਨੀਤੀ ਆਯੋਗ ਜਿਹੜਾ ਦੇਸ਼ ਲਈ ਨੀਤੀ ਘਾੜਾ ਹੈ, ਉਸਦੇ ਮਾਨਯੋਗ ਮੈਂਬਰ ਜਿਹੜੇ ਇਹ ਸੋਚ ਰੱਖਦੇ ਹਨ ਕਿ ਕਿਸਾਨ ਮੁਫਤ ਪਾਣੀ ਚਾਹੁੰਦੇ ਹਨ ਅਤੇ ਇਹ ਵੀ ਚਾਹੁੰਦੇ ਹਨ ਕਿ ਉਹਨਾ ਦੀ ਫਸਲ ਲਾਗਤ ਉਤੇ 50 ਫੀਸਦੀ ਲਾਭ-ਮੁੱਲ ਮਿਲੇ ਅਤੇ ਉਹ ਇਹ ਵੀ ਕਹਿੰਦੇ ਹਨ ਕਿ ਕਿਸਾਨਾਂ ਨੂੰ ਦੇਸ਼ ਦੇ ਸਿਆਸੀ ਲੋਕਾਂ ਵਲੋਂ ਇਹ ਲਾਭ ਲੈਣ ਲਈ ਗੁੰਮ ਰਾਹ ਕੀਤਾ ਜਾ ਰਿਹਾ ਹੈ। ਅਸਲ ਵਿੱਚ ਦੁਨੀਆ ਦੀ ਕੋਈ ਵੀ ਸਰਕਾਰ ਇਹ ਸਹੂਲਤਾਂ ਪ੍ਰਦਾਨ ਨਹੀਂ ਕਰ ਸਕਦੀ ਹੈ।

ਇਹ ਸੋਚ ਹੈਰਾਨੀ ਕੁੰਨ ਨਹੀਂ ਹੈ। ਕਿਉਂਕਿ ਕ੍ਰਿਸ਼ੀ ਪ੍ਰਧਾਨ ਦੇਸ਼ ਵਿੱਚ ਹਰ ਉਤਪਾਦ ਨੂੰ ਜੀ ਡੀ ਪੀ ਦੇ ਵਪਾਰਿਕ ਤੰਤਰ ਨਾਲ ਤੋਲਕੇ ਵੇਖਿਆ ਜਾ ਰਿਹਾ ਹੈ। ਹਾਂ ਲੋੜ ਵੇਲੇ, ਕਿਸਾਨਾਂ ਦੀ ਆਮਦਨ ਭਾਵੇਂ ਅੰਕੜਿਆਂ ਵਿੱਚ ਹੀ ਸਹੀ, ਚੋਣਾਂ ਜਿੱਤਣ ਲਈ ਦੁਗਣੀ ਕੀਤੀ ਦਰਸਾ ਦਿਤੀ ਜਾਏਗੀ ਕਿਉਂਕਿ 31 ਫੀਸਦੀ ਵਾਲੀ ਬਹੁਮਤ ਦੀ ਸਰਕਾਰ ਦਾ 24 ਫੀਸਦੀ ਕਿਸਾਨ ਅਬਾਦੀ ਦੀ ਵੋਟ ਬੈਂਕ ਵੱਲ ਧਿਆਨ ਜਾਵੇਗਾ ਹੀ। ਉਹਨਾ ਕਿਸਾਨਾਂ ਦੀ ਵੋਟ ਵੱਲ ਜਿਹੜੇ ਅਸਮਾਨ ਤੋਂ ਪਾਣੀ ਦੀ ਆਸ ਰੱਖਦੇ ਹਨ ਅਤੇ ਜ਼ਮੀਨ 'ਚ ਵਾਹੀ ਕਰਕੇ ਦੇਸ਼ ਵਾਸੀਆਂ ਦਾ ਢਿੱਡ ਭਰਦੇ ਹਨ ਅਤੇ ਉਹਨਾ ਦਾ ਇੱਕ ਛੋਟਾ ਜਿਹਾ ਸਰਮਾਇਆ ਉਹਨਾ ਦੀ ਇੱਕ ਵੋਟ ਵੀ ਹੈ।

# ਨਕਲ ਨੂੰ ਉਸਾਰੂ ਪਾਸੇ ਲਾਇਆ ਜਾਵੇ

'ਨਕਲ' ਦਾ ਨਾਂ ਸਿੱਖਿਆ ਵਿਭਾਗ ਅੰਦਰ ਬਹੁਤ ਬਦਨਾਮ ਹੋ ਚੁੱਕਿਆ ਹੈ। ਹਰ ਸਾਲ ਨਕਲ ਦੇ ਸਕੈਂਡਰ ਬੋਰਡ ਦੀਆਂ ਪ੍ਰੀਖਿਆਵਾਂ ਦੌਰਾਨ ਵੱਡੇ ਪੱਧਰ ਉੱਪਰ ਫੜੇ ਜਾਂਦੇ ਹਨ। ਨਕਲ ਰੋਕਣ ਲਈ ਬੋਰਡ ਵੱਲੋਂ ਲੱਖਾਂ ਰੁਪਇਆ ਖਰਚਿਆ ਜਾਂਦਾ ਹੈ। ਅਧਿਆਪਕ ਵੀ ਸਕੂਲ 'ਚ ਬੱਚਿਆਂ ਨੂੰ ਨਕਲ ਨਾ ਕਰਨ ਦੀ ਸਿੱਖਿਆ ਦੇਂਦੇ ਹਨ। ਪਰ ਇਸ ਦੇ ਉਲਟ ਬੱਚਿਆਂ ਅੰਦਰ ਨਕਲ ਕਰਨ ਦੀ ਤੀਬਰ ਜਗਿਆਸਾ ਹੁੰਦੀ ਹੈ। ਬੱਚੇ ਦਾ ਦਿਮਾਗ ਬਹੁਤ ਤੇਜ਼ ਤਰਾਰ ਹੁੰਦਾ ਹੈ, ਉਹ ਨਕਲ ਕਰਨ ਲਈ ਹਰ ਯਤਨ ਕਰਦਾ ਹੈ। ਪਰ ਅਫਸੋਸ ਸਾਡੇ ਸਿੱਖਿਆ ਵਿਭਾਗ ਅੰਦਰ ਨਕਲ ਨੂੰ ਬੜੇ ਮਾੜੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਬੱਚਿਆਂ ਅੰਦਰ ਨਾਲ ਪ੍ਰਤੀ ਇਕ ਹਊਆ ਜਿਹਾ ਖੜ੍ਹਾ ਕੀਤਾ ਜਾਂਦਾ ਹੈ।



ਮੇਜਰ ਸਿੰਘ ਨਾਭਾ
91-94635-53962

ਕੀ ਅਸੀਂ ਨਕਲ ਤੋਂ ਬਿਨਾਂ ਜੀਅ ਸਕਦੇ ਹਾਂ? ਸ਼ਾਇਦ ਨਹੀਂ ਬੱਚੇ ਦੇ ਜਨਮ ਲੈਣ ਤੋਂ ਬਾਅਦ ਬੱਚਾ ਸੁਰਤ ਸੰਭਾਲਣ 'ਤੇ ਵੱਡੇ ਬੱਚਿਆਂ ਅਤੇ ਸਿਆਣਿਆਂ ਦੀ ਨਕਲ ਕਰਨੀ ਸ਼ੁਰੂ ਕਰ ਦਿੰਦਾ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਵਿਚਰਣ ਲਈ, ਬੱਚੇ ਨੂੰ ਬੋਲਣ, ਤੁਰਨ, ਪੜ੍ਹਨ ਲਿਖਣ ਹੋਰ ਕੰਮ ਕਰਨ ਲਈ ਨਕਲ ਦੀ ਬਹੁਤ ਲੋੜ ਹੁੰਦੀ ਹੈ। ਪਰ ਫਿਰ ਸਾਡੇ ਸਿੱਖਿਆ ਵਿਭਾਗ ਵੱਲੋਂ ਨਕਲ ਨੂੰ ਇੰਨਾ ਬਦਨਾਮ ਕਿਉਂ ਕੀਤਾ ਜਾਂਦਾ ਰਿਹਾ? 'ਨਕਲ' ਸ਼ਬਦ ਬੱਚੇ ਦੇ ਮਨ ਵਿਚ ਬਹੁਤ ਹੀ ਮਾੜਾ ਕਰਕੇ ਬਿਠਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਨਹੀਂ ਹੋਣਾ ਚਾਹੀਦਾ ਹੈ। ਬੱਚੇ ਦਾ ਸਕੂਲੀ ਸਿਲੇਬਸ ਐਸਾ ਹੋਣਾ ਚਾਹੀਦਾ ਹੈ ਕਿ ਉਹ ਹਰੇਕ ਵਿਸ਼ੇ ਨੂੰ ਨਕਲ ਦੇ ਜ਼ਰੀਏ ਸਦਾ ਲਈ ਦਿਮਾਗ ਅੰਦਰ ਬਿਠਾ ਸਕੇ। ਸਕੂਲੀ ਸਿਲੇਬਸ 'ਚ ਹਰੇਕ ਪਾਠ ਨੂੰ ਡਰਾਇੰਗ/ਚਿਤ੍ਰਕਲਾ ਰਾਹੀਂ ਛੋਟੇ ਛੋਟੇ ਚਿੱਤਰ/ਕਾਰਟੂਨ ਬਣਾ ਕੇ ਪੇਸ਼ ਕੀਤਾ ਜਾਵੇ ਜਿਸ ਦੀ ਬੱਚਾ ਅਸਾਨੀ ਨਾਲ ਨਕਲ ਮਾਰ ਕੇ ਉਸ ਦਾ ਦ੍ਰਿਸ਼ ਆਪਣਾ ਦਿਮਾਗ ਅੰਦਰ ਜਲਦੀ ਬਿਠਾ ਸਕੇ। ਇਸ ਤਰ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਬੱਚਿਆਂ ਨੂੰ ਦਿਲਚਸਪੀ ਨਾਂਲ ਕੰਮ ਕਰਨ ਦੀ ਆਦਤ ਪਵੇਗੀ। ਪਰ ਸਕੂਲਾਂ ਅੰਦਰ ਜੋ ਸਿਲੇਬਸ ਪੜ੍ਹਾਇਆ ਜਾਂਦਾ ਹੈ, ਉਸ ਨਾਲ ਸਿਰਫ ਬੱਚੇ ਦੇ ਦਿਮਾਗ ਉਪਰ ਬੋਝ ਜਿਹਾ ਬਣਿਆ ਰਹਿੰਦਾ ਹੈ ਕਿਉਂਕਿ ਸਾਡਾ ਸਿਲੇਬਸ ਬੱਚੇ ਦੇ ਪੱਧਰ ਦਾ ਰੌਚਕ ਨਹੀਂ। ਬੱਚੇ ਟੈਲੀਵੀਜ਼ਨ ਦੇ ਜ਼ਰੀਏ ਬਹੁਤ ਕੁਝ ਸਿੱਖਦੇ ਹਨ। ਉਹ ਹਰੇਕ ਦ੍ਰਿਸ਼ ਦੇ ਕਲਾਕਾਰਾਂ ਦੀ ਨਕਲ ਕਰਨ ਲੱਗ ਜਾਂਦੇ ਹਨ, ਜੋ ਉਹਨਾਂ ਦੇ ਦਿਮਾਗ ਅੰਦਰ ਜਲਦੀ ਛਾਪ ਛੱਡ ਦਿੰਦੀ ਹੈ। ਕਈ ਵਾਰੀ ਬੱਚੇ ਭੈੜੀਆਂ ਆਦਤਾਂ ਦੀ ਨਕਲ ਕਰਨੀ ਸਿੱਖ ਲੈਂਦੇ ਹਨ। ਇਸ ਸੰਬੰਧ 'ਚ ਸਾਡੇ ਸਮਾਜ ਨੂੰ ਚੌਕੰਨਾ ਹੋਣ ਦੀ ਲੋੜ ਹੈ ਤਾਂ ਜੋ ਚੰਗਾ ਅਤੇ ਨਰੋਆ ਸਮਾਜ ਸਿਰਜਿਆ ਜਾ ਸਕੇ।

ਪੰਜਾਬੀ ਤਾਂ ਉਂਝ ਵੀ ਨਕਲ ਮਾਰਨ ਵਿਚ ਨਿਪੁੰਨ ਹਨ ਕੋਈ ਵੀ ਕੰਮ ਹੋਵੇ ਉਸ ਨੂੰ ਝੱਟ ਦੇਖ ਕੇ ਤਿਆਰ ਕਰ ਦਿੰਦੇ ਹਨ। ਸਾਡੇ ਬੱਚਿਆਂ ਨੂੰ ਚੰਗੇ ਸਭਿਆਚਾਰਕ ਗੁਣਾਂ ਦੀ ਨਕਲ ਕਰਨ ਲਈ ਪ੍ਰੇਰਨਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਮਾੜੇ ਪੱਛਮੀ ਸਭਿਆਚਾਰਕ ਗੁਣਾਂ ਨੂੰ ਅਪਨਾਉਣ ਲਈ ਨਕਲ ਕਰ ਹੀ ਲੈਣੀ ਹੈ, ਉਹ ਕਰਦੇ ਵੀ ਹਨ। ਵੈਸੇ ਨਕਲ ਮਾਰ ਕੇ ਕੋਈ ਕੰਮ ਕਰਨਾ ਮਾੜਾ ਕੰਮ ਨਹੀਂ ਡਰਾਇੰਗ ਵਿਸ਼ੇ ਅੰਦਰ ਕੰਮ ਹੀ ਨਕਲ ਦਾ ਹੈ, ਜਿੰਨੀ ਹੂ ਬ ਹੂ ਨਕਲ ਮਾਰੀ ਜਾਵੇਗੀ ਓਨੀ ਹੀ ਵਧੀਆ ਹੈ, ਤਾਂ ਫਿਰ ਨਕਲ ਮਾਰਨੀ ਮਾੜੀ ਕਿਉਂ?

ਸੋ ਬੱਚਿਆਂ ਦੀਆਂ ਮਾਨਸਿਕ ਪ੍ਰਵਿਰਤੀਆਂ ਨੂੰ ਸਮਝਦੇ ਹੋਏ ਸਿੱਖਿਆ ਵਿਭਾਗ ਨੂੰ ਪ੍ਰੀਖਿਆ ਪ੍ਰਣਾਲੀ ਵਿਚ ਸੁਧਾਰ ਕਰਕੇ ਇਸ ਨਕਲ ਨੂੰ ਮਾੜਾ ਕਹਿਣ ਦੀ ਥਾਂ ਇਸ ਨੂੰ ਵਰਦਾਨ ਸਾਬਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅਮਲੀ ਰੂਪ ਵਿਚ ਰੁਜ਼ਗਾਰ ਨਾਲ ਸੰਬੰਧਤ ਕਿੱਤਾ ਮੁਖੀ ਸਿੱਖਿਆ ਦੇ ਕੇ ਬੱਚੇ ਅੰਦਰਲੀ ਨਕਲ ਮਾਰਨ ਦੀ ਪ੍ਰਵਿਰਤੀ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ। ਕਿਤਾਬੀ ਗਿਆਨ ਦਾ ਬੱਚੇ ਦੀ ਜ਼ਿੰਦਗੀ ਵਿਚ ਭਾਵੇਂ ਮਹੱਤਵ ਹੈ, ਪਰ ਸਕੂਲੀ ਸਿੱਖਿਆ ਅੰਦਰ ਬੱਚੇ ਦੇ ਮਨੋਂ ਇਹ ਪ੍ਰੀਖਿਆ ਦਾ ਭੈਅ ਜਰੂਰੀ ਖਤਮ ਕਰਨ ਦੀ ਲੋੜ ਹੈ। ਚੰਗੇ ਕੰਮਾਂ ਅਤੇ ਆਦਤਾਂ ਦੀ ਨਕਲ ਬੱਚੇ ਦੀ ਸਖਸ਼ੀਅਤ ਨੂੰ ਨਿਖਾਰਨ ਅਤੇ ਉਦਾਸੀ ਜ਼ਿੰਦਗੀ ਦੀ ਕਾਮਯਾਬੀ ਦਾ ਆਧਾਰ ਹੈ। ਸੋ ਨਕਲ ਨੂੰ ਉਸਾਰੂ ਪਾਸੇ ਲਾਉਣਾ ਸਾਡੇ ਸਮਾਜ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਦਾ ਸਹੀ ਕਦਮ ਹੋਵੇਗਾ।

# ਰੂਸੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਹੋਏਗਾ 26ਵਾਂ ਮੇਲਾ ਗ਼ਦਰੀ ਬਾਬਿਆਂ ਦਾ

## ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ ਗ਼ਦਰੀ ਝੰਡਾ ਲਹਿਰਾਉਣਗੇ

**ਜਲੰਧਰ-** ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਹੋਏਗਾ 26ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'।

ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਦੀ ਸ਼ੁਰੂਆਤ 12 ਅਗਸਤ 1915 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਚ ਫਾਂਸੀ ਲਗਾਏ ਗਏ ਬੰਤਾ ਸਿੰਘ ਸੰਘਵਾਲ ਅਤੇ ਬੂਟਾ ਸਿੰਘ ਅਕਾਲਗੜ੍ਹ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਪੰਜਾਬ ਦੀ ਹਿਰਦੇਵੇਦਕ ਵੰਡ ਸਮੇਂ ਵਹਿਸ਼ੀਆਨਾ ਢੰਗ ਨਾਲ ਮਾਰੇ ਗਏ ਲੱਖਾਂ ਲੋਕਾਂ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਤ ਕਰਨ ਨਾਲ ਹੋਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ 'ਚ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿਖੇ ਹੋਈ ਜਨਰਲ ਬਾਡੀ ਦੀ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ 30 ਅਕਤੂਬਰ ਦਿਨ ਸੋਮਵਾਰ ਤੋਂ ਸ਼ੁਰੂ ਹੋ ਕੇ ਇਹ ਮੇਲਾ 1 ਨਵੰਬਰ ਸਾਰਾ ਦਿਨ ਸਾਰੀ ਰਾਤ ਵੰਨ-ਸੁਵੰਨੀਆਂ ਕਲਾ ਵੰਨਗੀਆਂ ਪੇਸ਼ ਕਰਦਿਆਂ 2 ਨਵੰਬਰ ਸਰਘੀ ਵੇਲੇ ਤੱਕ ਚੱਲੇਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੇਲੇ ਸਬੰਧੀ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਰੂਸੀ ਸਮਾਜਵਾਦੀ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਸਮਾਜਵਾਦੀ ਉਦੇਸ਼ ਨੂੰ ਪਰਨਾਈ ਕਿਰਤੀ ਪਾਰਟੀ ਵਿੱਚ 1929 ਦੇ ਦੌਰ 'ਚ ਸੰਪਰਕ ਵਿਚ ਆਏ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ, ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ, ਮੇਲੇ ਦੇ ਤੀਜੇ ਅਤੇ ਸਿਖ਼ਰਲੇ ਦਿਨ 1 ਨਵੰਬਰ ਦਿਨ ਬੁੱਧਵਾਰ ਸਵੇਰੇ 10 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਸਾਰਾ ਦਿਨ ਵੰਨ ਸੁਵੰਨੀਆਂ ਕਲਾ ਕਿਰਤਾਂ ਅਤੇ ਵਿਚਾਰ ਚਰਚਾ ਉਪਰੰਤ 1 ਨਵੰਬਰ ਦੀ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ।

ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਬੋਲੇ ਜਾ ਰਹੇ ਹੱਲਿਆਂ, ਧਮਕੀਆਂ, ਕੇਸ ਮੜ੍ਹਨ ਅਤੇ ਧਾਰਾ 295-ਏ ਲਗਾਕੇ ਕਲਮ ਅਤੇ ਕਲਾ ਦੀ ਜ਼ੁਬਾਨਬੰਦੀ ਕਰਨ ਦੇ ਚੁੱਕੇ ਜਾ ਰਹੇ ਕਦਮਾਂ ਅਤੇ ਹਰ ਵੰਨਗੀ ਦੀ ਫ਼ਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਖਿਲਾਫ਼ ਅਤੇ ਦੂਜੇ ਅਹਿਮ ਮੁੱਦੇ ਕੌਮਾਂਤਰੀ ਅਤੇ ਕੌਮੀ ਮੰਚ 'ਤੇ ਤਿੱਖੇ ਅਤੇ ਵਿਆਪਕ ਹੋਏ ਆਰਥਕ ਸੰਕਟ ਦੀ ਚੌਤਰਫ਼ੀ ਮਾਰ ਬਾਰੇ ਨਿਕਟ ਭਵਿੱਖ ਵਿਚ ਵਿਚਾਰ ਚਰਚਾ ਕਰਵਾਈ ਜਾਏਗੀ।

**- ਅਮੋਲਕ ਸਿੰਘ**
**(91-94170 76735)**

# ਅੰਤਰਰਾਸ਼ਟਰੀ ਕ੍ਰਿਕਟ ਟੂਰ ਲਈ ਚੁਣਿਆ ਗਿਆ ਟੌਰੰਗਾ ਦਾ ਜਸਕਰਨ (ਜੈਸੀ) ਸਿੰਘ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੇ ਵਿਚ ਸਥਿੱਤ ਇਕ ਭਾਰਤੀ ਬਿਜ਼ਨਸ ਗਰੁੱਪ 'ਬਲੂਮੂਨ' ਵੱਲੋਂ 'ਟੇਕ ਮੀ ਟੂ ਦਾ ਵਰਲਡ' ਦੇ ਰਾਹੀਂ ਨਿਊਜ਼ੀਲੈਂਡ ਦੇ ਵਿਚ ਨਵੇਂ ਉਭਰ ਰਹੇ ਕ੍ਰਿਕਟ ਖਿਡਾਰੀਆਂ ਦੀ ਹੌਂਸਲਾ ਅਫਜਾਈ ਅਤੇ ਉਨ੍ਹਾਂ ਨੂੰ ਸੁਪਨੇ ਪੂਰੇ ਕਰਨ ਦੇ ਵਿਚ ਸਹਾਇਤਾ ਦੇਣ ਲਈ 'ਕੀਵੀ ਕੈਪਸ ਇੰਡੀਆ ਟੂਰ-2018' ਦਾ ਆਯੋਜਨ ਕੀਤਾ ਗਿਆ ਹੈ। ਜਿਸ ਦੇ ਵਿਚ ਪੰਦਰਾਂ ਤੋਂ ਅਠਾਲਾਂ ਸਾਲ ਦੇ ਮੁੰਡਿਆਂ ਦੀ 15 ਮੈਂਬਰੀ ਕ੍ਰਿਕਟ ਟੀਮ ਦੀ ਚੋਣ ਕਰ ਲਈ ਗਈ ਹੈ। ਇਥੇ ਮਾਣ ਵਾਲੀ ਇਹ ਗੱਲ ਹੋਏਗੀ ਕਿ ਇਸ ਟੀਮ ਦੇ ਵਿਚ ਇਕ 14 ਸਾਲਾ ਪੰਜਾਬੀ ਨੌਜਵਾਨ ਜਸਕਰਨ((ਜੈਸੀ) ਸਿੰਘ ਸਪੁੱਤਰ ਸ. ਪੂਰਨ ਸਿੰਘ ਬੰਗਾ (ਨਾਵਲਟੀ ਸਵੀਟਸ) ਦੀ ਚੋਣ ਕੀਤੀ ਗਈ ਹੈ। ਨਿਊਜ਼ੀਲੈਂਡ ਜਨਮਿਆਂ ਇਹ ਇਕੋ-ਇਕ ਕੇਸਾਧਾਰੀ ਸਿੱਖ ਨੌਜਵਾਨ ਹੋਏਗਾ ਜੋ ਇਸ ਟੀਮ ਦੇ ਵਿਚ ਸ਼ਾਮਿਲ ਰਹੇਗਾ। ਟੀਮ ਦੇ ਵਿਚ ਬਹੁਤੇ ਮੁੰਡੇ ਵੱਖ-ਵੱਖ ਸਥਾਨਾਂ ਤੋਂ ਸਥਾਨਕ ਲੋਕਾਂ ਦੇ ਹੀ ਹਨ। ਇਸ ਟੀਮ ਦੀ ਅਗਵਾਈ ਨਿਊਜ਼ੀਲੈਂਡ ਦੇ ਸਾਬਕਾ ਅੰਤਰ-ਰਾਸ਼ਟਰੀ ਕ੍ਰਿਕਟਰ ਜੈਕਬ ਓਰਮ (ਬਲੈਕ ਕੈਪਸ) ਕਰਨਗੇ। 39 ਸਾਲਾ ਜੈਕਬ ਓਰਮ ਆਈ.ਪੀ. ਐਲ. ਦੇ ਵਿਚ 'ਮੁੰਬਈ ਇੰਡੀਅਨ' ਦੀ ਤਰਫ ਤੋਂ ਖੇਡ ਚੁੱਕੇ ਹਨ। ਉਹ ਹੁਣ ਤੱਕ 33 ਟੈਸਟ ਮੈਚ, 160 ਇਕ-ਦਿਨਾਂ ਅੰਤਰਰਾਸ਼ਟਰੀ ਮੈਚ, 30 ਮੈਚ ਟਵੰਟੀ-ਟਵੰਟੀ ਖੇਡ ਚੁੱਕੇ ਹਨ ਕ੍ਰਮਵਾਰ 1780, 2434 ਅਤੇ 474 ਦੌੜਾਂ ਬਣਾ ਚੁੱਕੇ ਹਨ।



ਜੈਕਬ ਓਰਮ ਦੀ ਅਗਵਾਈ ਵਿਚ 'ਕੀਵੀ ਕੈਪਸ ਇੰਡੀਆ ਟੂਰ-2018' ਟੀਮ ਵਿਚ ਜਾਣ ਵਾਲਾ ਪੰਜਾਬੀ ਮੁੰਡਾ ਜਸਕਰਨ ਸਿੰਘ (ਜੱਸੀ ਸਿੰਘ) ਅਗਲੇ ਸਾਲ 15 ਅਪ੍ਰੈਲ ਤੋਂ 28 ਅਪ੍ਰੈਲ ਤੱਕ ਮੁੰਬਈ ਅਤੇ ਦਿੱਲੀ ਦੇ ਵਿਚ ਕ੍ਰਿਕਟ ਦੇ ਲਗਪਗ 6 ਮੈਚ ਖੇਡੇਗਾ। ਲਗਪਗ ਦੋ ਹਫਤਿਆਂ ਦੇ ਇਸ ਟੂਰ ਦੌਰਾਨ ਉਹ 12 ਦਿਨ ਖੇਡ ਦੇ ਮੈਦਾਨ ਵਿਚ, ਅੰਤਰਰਾਸ਼ਟਰੀ ਕੋਚਾਂ ਅਤੇ ਦੂਜੇ ਖਿਡਾਰੀਆਂ ਦੇ ਨਾਲ ਖੇਡ ਕੇ ਤਜ਼ਰਬਾ ਹਾਸਿਲ ਕਰੇਗਾ।

# ਐਲਕ ਗਰੋਵ ਪਾਰਕ ਵਿਖੇ ਮਨਾਏ ਗਏ ਤੀਆਂ ਦੇ ਮੇਲੇ ਦੀਆਂ ਝਲਕੀਆਂ







ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਐਲਕ ਗਰੋਵ ਪਾਰਕ (ਐਲਕ ਗਰੋਵ) ਵਿਖੇ ਤੀਆਂ ਦਾ ਮੇਲਾ ਆਯੋਜਿਤ ਕੀਤਾ ਗਿਆ, ਜਿਸ ਵਿਚ ਗਿੱਧਾ, ਭੰਗੜਾ, ਬੱਚਿਆਂ ਦੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸਵਰਗੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦੀ ਧਰਮ ਪਤਨੀ ਸ੍ਰੀਮਤੀ ਪ੍ਰੀਤੋ ਰਾਮ ਮੁੱਖ ਮਹਿਮਾਨ ਵਜੋਂ ਪਰਿਵਾਰ ਸਮੇਤ ਸ਼ਾਮਲ ਹੋਏ, ਜਿਹਨਾਂ ਦਾ ਪ੍ਰਬੰਧਕਾਂ ਨੇ ਵਿਸ਼ੇਸ਼ ਤੌਰ ਤੇ ਸਵਾਗਤ ਅਤੇ ਸਨਮਾਨ ਕੀਤਾ। ਮੇਲੇ ਵਿਚ ਐਲਕ ਗਰੋਵ ਦੇ ਮੇਅਰ ਸਟੀਵ ਲੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।


# City of Pittsburg's Teeyan da Celebration

**Sponsored by DESIROOT ORG & Punjabi Multi-cultural Society**
**Special Guest Dr. Neeta Bijoor & Author Manpreet Komal**

DESIROOT.ORG




Desi Plates $6.00
Special guest performances:
BRATs of Wilson's Dance Studio
Hip-Hop Natyam
Kariktan Dance Company

**August 26, 2017**

**Location: 2301 Range Rd. Pittsburg, CA 94565**

**Time: 1:00 - 4:00**



** DOORS OPEN @ 12:40 **SHOW STARTS ON TIME @ 1:00
Giddha Bhangra Hip-Hop and more
Raffle Prizes ... Dance floor opens up to Desi style dancing
Entry $5 Kids 5 and under Free
Ladies and children event only





Contact Organizer for additional informat on (booths/performance interest)

**Ruby Raju @ 925/550-1088 or Kashmir @ 925/329-9835**



# New Committee Members of Sri Guru Ravidass Sabha Pittsburg, CA (2017-2018)



New committee was elected on August 13, 2017 for Sri Guru Ravidass Sabha (CA) in Pittsburg, according to bylaws of the Sabha. Sangat made this election process very peaceful. Chairman Shiner Paul Narabat along with the selection panel did an excellent job of forming a new Board of Directors. Board members are elected for 2 years term. Every year half of the members finish their term on the board and new members are added. Members who completed their term were honored with SAROPA. The New Committee appreciates the services of the previous committee and the selection panel and is looking forward to continued support, guidance and cooperation of the entire Sangat.Congratulations to all the Board members.

## EXECUTIVE COMMITTEE

Ramesh Suman (Chairman), NarinderChahal (Vice Chairman), Kashmiri Bhatia (President), Kulwant Kaur Banga (1st Vice President), HarbansKalu (2nd Vice Presiden), Vinod Kumar, (Treasurer), Harmesh Bangar (Assistant Treasurer), Dilbag Singh (General Secretary), Gina Bhatia (Assistant Secretary )

## BOARD MEMBERS

(1) Sohan Lal (2)Jagtar Bhatia (3) Salinder Bhatia (4) Satya Mati Rattu (5) Deo Raj Sandhu (6) Hem Raj Rattu (7) Dalvir Kaur (8) Vijay K. Paul (9) Gian Kaur Rattu (10) Karnayal Singh Narabat

## ADVISORY COMMITTEE

(1) Balvir Chand Mal (2) Jack Ram (3) O. P. Balley (4) Dr. Harmesh Kumar (5) Jaila Jaggi

## LEGAL COMMITTEE

(1) Ajai Paul Ram (2) Hem Raj Rattu (3) Shashi Paul



New Committee Members of Sri Guru Ravidass Sabha Pittsburg, CA

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਇਆ





**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 16 ਅਗਸਤ ਦਿਨ ਬੁੱਧਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਸੰਗਰਾਂਦ (ਮਹੀਨਾ ਭਾਦੋਂ) ਦਾ ਪਵਿੱਤਰ ਦਿਹਾੜਾ ਮਨਾਇਆ ਗਿਆ, ਜਿਸ ਵਿਚ ਸ਼ਾਮ ਵੇਲੇ ਸ੍ਰੀ ਰਹਿਰਾਸ ਸਾਹਿਬ, ਸ੍ਰੀ ਬਾਰਹ ਮਾਹਾ ਸਾਹਿਬ ਬਾਣੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸਨੂੰ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਲੋਚਨਾ ਰਾਏ ਭਾਈ ਹੀਰਾ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਹਾਜ਼ਰੀ ਲਗਵਾਈ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸਹਿਜ ਪਾਠ ਦੀ ਸੇਵਾ ਕਰਵਾਈ ਗਈ






**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 20 ਅਗਸਤ ਦਿਨ ਐਤਵਾਰ ਨੂੰ ਸ. ਗਿਆਨ ਸਿੰਘ ਜੀ, ਬੀਬੀ ਜਸਵੀਰ ਕੌਰ ਜੀ ਦੇ ਪਰਿਵਾਰ ਵੱਲੋਂ ਸ੍ਰੀ ਸਹਿਜ ਪਾਠ ਦੀ ਸੇਵਾ ਕਰਵਾਈ ਗਈ, ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਮਨਜੀਤ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜੋਗਿੰਦਰ ਸਿੰਘ ਸ਼ੌਂਕੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਗਿਆਨ ਸਿੰਘ ਜੀ, ਬੀਬੀ ਜਸਵੀਰ ਕੌਰ ਜੀ ਦੇ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532

L.A. MERCHANDISE
Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250

# Monday, August 28 – 7pm
# 311 Vernon Street
# Roseville, CA 95678



Candlelight vigil commemorating

## Pastor Sultan Masih

and other victims of violence against minorities in India

Pastor Masih was gunned down in Punjab, India on July 16. Weeks before, he was threatened for his religious activity. His family believe his attackers are linked to a violent Hindu nationalist movement.

# The Lynching of Indian Minorities



Dalits beaten, Gujarat, July 2016



Sikhs beaten, Rajasthan, May 2017



Muslim murdered, Delhi, June 2017



Christian murdered, Punjab, July 2017



Dalit murdered, Tamil Nadu, July 2017



Mentally ill woman murdered, West Bengal, August 2017



## Vigil sponsored by

Incarnation Anglican Church & Organization for Minorities of India

Contact arvin.v@ofmi.org or 916-605-6764 for more information

# ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਹੋਵੇਗਾ ਫਰਿਜ਼ਨੋ ਪਾਰਕ ਦਾ ਨਾਂ

## 31 ਅਗਸਤ ਨੂੰ ਫਰਿਜ਼ਨੋ ਸਿਟੀ ਹਾਲ ਪਹੁੰਚਣ ਦੀ ਅਪੀਲ



**ਫਰਿਜ਼ਨੋ–** ਫਰਿਜ਼ਨੋ ਸਟੇਟ ਯੂਨੀਵਰਸਿਟੀ 'ਚ ਉੱਚ ਪੜ੍ਹਾਈ ਕਰਨ ਲਈ ਪੰਜਾਬ ਤੋਂ ਅਮਰੀਕਾ ਆਈ ਨਵਕਿਰਨ ਕੌਰ ਨੇ ਜਦੋਂ ਸਾਲ 2009 ਦੇ ਅੰਤ ਵਿਚ ਆਪਣਾ ਸਮੈਸਟਰ ਸ਼ੁਰੂ ਕੀਤਾ ਸੀ ਤਾਂ ਉਹ ਫਰਿਜ਼ਨੋ ਵਿਖੇ ਆਪਣੀ ਮਾਸਟਰ ਡਿਗਰੀ ਨੂੰ ਲੈ ਕੇ ਬੇਹੱਦ ਉਤਾਵਲੀ ਸੀ। ਉਸ ਵੇਲੇ ਜਦੋਂ ਵਿਦਿਆਰਥੀ ਆਪਣੀਆਂ ਨਵੀਆਂ ਕਲਾਸਾਂ ਲੱਭਣ ਵਿਚ ਰੁਝੇ ਹੋਏ ਸਨ ਤਾਂ ਉਸ ਦੇ ਕੁਝ ਸਹਿਪਾਠੀ ਨਵਕਿਰਨ ਦੇ ਸਫ਼ਰ, ਉਸ ਦੇ ਪਰਿਵਾਰ ਤੇ ਉਸ ਦੇ ਪਿਤਾ ਬਾਰੇ ਨਹੀ ਜਾਣਦੇ ਸਨ, ਜੋ ਉਸ ਨੂੰ ਸੈਂਟਰਲ ਵੈਲੀ ਤੱਕ ਲੈ ਆਏ। ਨਵਕਿਰਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧੀ ਹੈ। ਸਿੱਖ ਨੌਜਵਾਨ ਜਥੇਬੰਦੀ 'ਜਕਾਰਾ ਮੂਵਮੈਂਟ' ਦੇ ਯਤਨਾਂ ਸਦਕਾ 31 ਅਗਸਤ, 2017 ਨੂੰ ਸ਼ਾਮ 4.30 ਵਜੇ ਫਰਿਜ਼ਨੋ ਸਿਟੀ ਹਾਲ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸਨਮਾਨ ਵਜੋਂ ਸਿਟੀ ਪਾਰਕ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਿਆ ਜਾਵੇਗਾ।

1952 ਵਿਚ ਜਨਮੇ ਅਤੇ ਬਰਤਾਨਵੀ ਬਸਤੀਵਾਦ ਤੇ ਕੈਨੇਡਾ ਦੇ ਖ਼ੁਦ ਨੂੰ ਸਰਵੋਤਮ ਮੰਨਦੇ ਗੋਰਿਆਂ ਖ਼ਿਲਾਫ਼ ਜੰਗ ਲੜਨ ਵਾਲੇ ਉੱਘੇ ਸੁਤੰਤਰਤਾ ਸੈਨਾਨੀ ਹਰਨਾਮ ਸਿੰਘ ਦੇ ਪੋਤੇ ਜਸਵੰਤ ਸਿੰਘ ਹਮੇਸ਼ਾਂ ਨਿਆਂ ਦੀ ਲੜਾਈ ਲੜਣ ਵਾਲੇ ਕਾਫ਼ਲੇ 'ਚ ਸਰਗਰਮ ਰਹੇ। ਆਪਣੇ ਕਾਲਜ ਦੇ ਦਿਨਾਂ ਦੌਰਾਨ ਉਹ ਵਿਦਿਆਰਥੀ ਜਥੇਬੰਦੀ ਦੇ ਕਾਰਕੁਨ ਸਨ ਅਤੇ ਉਹ ਹਮੇਸ਼ਾ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਹੱਕ-ਸੱਚ ਦੀ ਲੜਾਈ ਲੜਦੇ ਰਹੇ। ਜਦੋਂ ਉਹ 30 ਵਰ੍ਹਿਆਂ ਦੇ ਸਨ ਤਾਂ ਉਹ ਪੰਜਾਬ ਵਿਚ ਬੈਂਕ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਸਨ ਤੇ ਉਨ੍ਹਾਂ ਦਾ ਵਿਆਹ ਪਰਮਜੀਤ ਕੌਰ ਨਾਲ ਹੋਇਆ, ਜਿਨ੍ਹਾਂ ਤੋਂ ਉਨ੍ਹਾਂ ਦੇ ਦੋ ਬੱਚੇ ਸਨ-ਇਕ ਲੜਕਾ ਜਨਮੀਤ ਤੇ ਧੀ ਨਵਕਿਰਨ। ਪਤਨੀ ਪਰਮਜੀਤ ਕੌਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚ ਲਾਇਬਰੇਰੀ ਵਿੱਚ ਲੱਗੇ ਹੋਣ ਕਾਰਨ ਖਾਲੜਾ ਪਰਿਵਾਰ ਦੀ ਜ਼ਿੰਦਗੀ ਵਧੀਆ ਗੁਜ਼ਰ ਰਹੀ ਸੀ ਪਰ ਆਪਣੇ ਆਲੇ ਦੁਆਲੇ ਵਾਪਰਦੀਆਂ ਅਨਿਆਂ ਦੀ ਘਟਨਾਵਾਂ ਉਨ੍ਹਾਂ ਨੂੰ ਬੇਚੈਨ ਕਰਦੀਆਂ ਸਨ।

1980 ਤੇ 1990 ਦੇ ਦਹਾਕੇ ਦੌਰਾਨ ਪੰਜਾਬ ਵਿਚ ਸਰਕਾਰ ਵਲੋਂ 'ਗੰਦੀ ਖੂਨੀ ਖੇਡ' ਚੱਲ ਰਹੀ ਸੀ। ਭਾਰਤੀ ਸਰਕਾਰ ਨੇ ਸਿੱਖਾਂ ਖ਼ਿਲਾਫ਼ ਆਪਣੀ ਪੂਰੀ ਫ਼ੌਜੀ ਤਾਕਤ-ਭਾਰਤੀ ਫ਼ੌਜ, ਬੀ. ਐਸ. ਐਫ., ਸੀ. ਆਰ. ਪੀ. ਐਫ., ਅਤੇ ਪੰਜਾਬ ਪੁਲੀਸ ਨੂੰ ਤਾਣ ਦਿੱਤਾ। ਇਸ ਜੰਗ ਦੌਰਾਨ ਹਜ਼ਾਰਾਂ ਨੌਜਵਾਨ 'ਲਾਪਤਾ' ਹੋ ਗਏ, ਜੋ ਨਿਆਂਇਕ ਹਿਰਾਸਤਾਂ ਤੋਂ ਵੀ ਭਿਆਨਕ ਸੀ। ਪੁਲੀਸ ਵਲੋਂ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਚੁੱਕ ਲਿਆ ਗਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਕਿ ਜਾਂ ਤਾਂ ਉਹ ਉਨ੍ਹਾਂ ਦੀਆਂ ਜੇਬਾਂ ਭਰਨ ਜਾਂ ਉਨ੍ਹਾਂ ਦੇ ਮੁੰਡਿਆਂ ਦਾ ਕਤਲ ਕਰ ਦਿੱਤਾ ਜਾਵੇਗਾ। ਇਸ ਹਿੰਸਾ ਤੋਂ ਬਚ ਕੇ ਕਈ ਨੌਜਵਾਨ ਅਮਰੀਕਾ, ਕੈਨੇਡਾ, ਯੂਰਪ, ਆਸਟਰੇਲੀਆ ਤੇ ਲੰਡਨ ਪੁੱਜੇ।

ਜਸਵੰਤ ਸਿੰਘ ਆਪਣੇ ਸਾਥੀ ਤੇ ਉਸ ਦੇ ਪਰਿਵਾਰ ਦੇ ਆਪਣੀਆਂ ਅੱਖਾਂ ਸਾਹਮਣੇ 'ਲਾਪਤਾ' ਹੋਣ ਦਾ ਗਵਾਹ ਸੀ। ਇਸ ਹਨੇਰਗਰਦੀ ਵੇਲੇ ਉਹ ਚੁੱਪ ਕਿਵੇਂ ਬੈਠ ਸਕਦੇ ਸਨ, ਸੋ ਉਨ੍ਹਾਂ ਨੇ ਪੀੜਤ ਲੋਕਾਂ ਲਈ ਸੰਘਰਸ਼ ਸ਼ੁਰੂ ਕੀਤਾ, ਜਿਸ ਕਾਰਨ ਉਨ੍ਹਾਂ ਦੀ ਜਾਨ ਚਲੀ ਗਈ। ਉਨ੍ਹਾਂ ਨੇ ਹੌਲੀ ਹੌਲੀ 'ਲਾਪਤਾ' ਨੌਜਵਾਨਾਂ ਦੇ ਪਰਿਵਾਰਾਂ ਨਾਲ ਰਾਬਤਾ ਬਣਾਇਆ ਅਤੇ ਭਾਰਤ ਸਰਕਾਰ ਵਲੋਂ ਹਿਰਾਸਤ ਤੋਂ ਬਾਹਰ ਜਾ ਕੇ ਕੀਤੇ ਜਾ ਰਹੇ ਕਤਲਾਂ ਦਾ ਖੁਰਾ-ਖੋਜ ਲੱਭਣ ਲਈ ਸਬੂਤ ਇਕੱਠੇ ਕਰਨੇ ਸ਼ੁਰੂ ਕੀਤੇ। ਉਨ੍ਹਾਂ ਨੇ ਦੇਖਿਆ ਕਿ ਮਿਊਂਸਪਲ ਸ਼ਮਸ਼ਾਨ ਘਾਟਾਂ ਵਿਚ ਸੁਰੱਖਿਆ ਬਲਾਂ ਵਲੋਂ ਹਜ਼ਾਰਾਂ ਹੀ ਲਾਸ਼ਾਂ ਨੂੰ 'ਅਣਪਛਾਤੀਆਂ' ਕਹਿ ਕੇ ਸਾੜਿਆ ਜਾ ਰਿਹਾ ਸੀ। ਜਸਵੰਤ ਸਿੰਘ ਨੇ ਮਹਿਜ਼ 3 ਸ਼ਮਸ਼ਾਨ ਘਾਟਾਂ ਵਿਚ ਪੰਜਾਬ ਪੁਲੀਸ ਵਲੋਂ ਮਾਰੇ ਗਏ ਨੌਜਵਾਨਾਂ ਵਿਚੋਂ 2097 ਜਣਿਆਂ ਦੀ ਪਛਾਣ ਕਰ ਲਈ। ਉਨ੍ਹਾਂ ਨੇ ਇਸ ਨੂੰ ਜਨਤਕ ਲਿਆਉਣਾ ਸ਼ੁਰੂ ਕਰ ਦਿੱਤਾ।

ਉਹ ਦੁਨੀਆ ਭਰ ਵਿਚ ਇਹ ਦਾਸਤਾਨ ਸੁਣਾਉਣ ਲਈ ਘੁੰਮੇ ਕਿ ਦੇਖੋ, ਪੰਜਾਬ ਵਿਚ ਕੀ ਵਾਪਰ ਰਿਹਾ ਹੈ। ਉਨ੍ਹਾਂ ਨੇ ਇਹ ਸਬੂਤ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ, ਸੰਯੁਕਤ ਰਾਸ਼ਟਰ, ਐਮਨੈਸਟੀ ਇੰਟਰਨੈਸ਼ਨਲ ਅਤੇ ਕੈਨੇਡੀਅਨ ਸਰਕਾਰ ਅੱਗੇ ਰੱਖੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇਹ ਪ੍ਰੇਰਣਾ ਆਪਣੇ ਸਿੱਖ ਗੁਰੂਆਂ ਵਲੋਂ ਦਿਖਾਏ ਮਾਰਗ ਤੋਂ ਮਿਲੀ ਹੈ ਤੇ ਉਨ੍ਹਾਂ ਦੀ ਇੱਛਾ ਸੀ ਕਿ ਇਸ ਅਨਿਆਂ ਖ਼ਿਲਾਫ਼ ਉਹ ਦੀਪਕ ਮਾਰਚ ਕਰਨ। ਜਦੋਂ ਉਹ ਵਿਦੇਸ਼ ਦੌਰੇ ਬਾਅਦ 1995 ਵਿਚ ਪੰਜਾਬ ਪਰਤੇ, ਪੰਜਾਬ ਪੁਲੀਸ ਨੇ ਉਨ੍ਹਾਂ ਨੂੰ ਸਿੱਧੀ ਧਮਕੀ ਦਿੱਤੀ-"ਜੇਕਰ 25000 ਨੂੰ 'ਲਾਪਤਾ' ਕੀਤਾ ਜਾ ਸਕਦਾ ਹੈ ਤਾਂ ਉਹ ਇਕ ਹੋਰ ਨੂੰ ਵੀ ਕਰ ਸਕਦੇ ਹਨ।" ਸਰੀਰਕ ਹਮਲਿਆਂ ਦੀਆਂ ਧਮਕੀਆਂ ਤੋਂ ਬਾਅਦ ਕਈ ਇਸ ਕੰਮ ਤੋਂ ਪਿਛੇ ਹਟ ਗਏ ਪਰ ਜਸਵੰਤ ਸਿੰਘ ਖਾਲੜਾ ਨੇ ਇਸ ਜਬਰ ਵਿਰੁੱਧ ਆਪਣੀ ਜੰਗ ਜਾਰੀ ਰੱਖੀ। ਉਹ ਅਕਸਰ ਕਿਹਾ ਕਰਦੇ ਸਨ ਕਿ ਮੈਂ ਕਿਵੇਂ ਮੂੰਹ ਮੋੜ ਸਕਦਾ ਹਾਂ ਜਦੋਂ ਉਨ੍ਹਾਂ ਦੁਖਿਆਰੀਆਂ ਮਾਵਾਂ ਵੱਲ ਦੇਖਦੇ ਹਾਂ, ਜੋ ਉਹ ਵੀ ਨਹੀਂ ਜਾਣਦੀਆਂ ਕਿ ਉਨ੍ਹਾਂ ਦੇ ਪੁੱਤਾਂ ਨਾਲ ਕੀ ਭਾਣਾ ਵਾਪਰ ਗਿਆ।

ਜਸਵੰਤ ਸਿੰਘ ਦੇ ਮਨ ਅੰਦਰ ਮਨੁੱਖਤਾ ਲਈ ਤੜਪ ਉਵੇਂ ਹੀ ਸੀ ਜਿਵੇਂ ਭਾਰਤ ਵਿਚ ਕਸ਼ਮੀਰੀ ਜਲੀਲ ਅੰਦਰਾਬੀ, ਤੁਰਕੀ 'ਚ ਆਰਮੇਨੀਅਨ ਹਰਾਂਤ ਡਿੰਕ ਤੇ ਦੱਖਣੀ ਅਫ਼ਰੀਕਾ ਵਿਚ ਸਟੀਵਨ ਬੀਕੋ ਦੀ ਸੀ। 6 ਸਤੰਬਰ 1995 ਨੂੰ ਜਸਵੰਤ ਸਿੰਘ ਖਾਲੜਾ ਨੂੰ ਪੰਜਾਬ ਪੁਲੀਸ ਨੇ ਅੰਮ੍ਰਿਤਸਰ ਦੇ ਰਿਹਾਇਸ਼ੀ ਇਲਾਕੇ ਵਿਚੋਂ ਉਸ ਵੇਲੇ ਚੁੱਕ ਲਿਆ ਜਦੋਂ ਉਹ ਆਪਣੇ ਘਰ ਦੇ ਬਾਹਰ ਕਾਰ ਧੋ ਰਹੇ ਸਨ। ਪੁਲਿਸ ਨੂੰ ਇਹ ਹੁਕਮ ਸਿੱਧਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਵਲੋਂ ਆਇਆ ਸੀ। ਕਈ ਦਿਨ ਉਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਤੇ ਅਖ਼ੀਰ ਉਨ੍ਹਾਂ ਦਾ ਕਤਲ ਕਰ ਦਿੱਤਾ। ਉਨ੍ਹਾਂ ਦੀ ਮ੍ਰਿਤਕ ਦੇਹ ਤੱਕ ਉਨ੍ਹਾਂ ਦੇ ਪਰਿਵਾਰ ਨੂੰ ਨਹੀਂ ਦਿੱਤੀ।

ਨਵਕਿਰਨ ਨੇ ਆਪਣੀ ਮਾਂ ਤੇ ਭਰਾ ਨਾਲ ਮਿਲ ਕੇ ਆਪਣੇ ਪਿਤਾ ਦੇ ਸੰਘਰਸ਼ ਨੂੰ 'ਖ਼ਾਲੜਾ ਮਿਸ਼ਨ ਆਰਗੇਨਾਈਜੇਸ਼ਨ' ਦੇ ਨਾਂ ਹੇਠ ਜਾਰੀ ਰੱਖਿਆ। ਕੇ.ਪੀ.ਐਸ. ਗਿੱਲ ਦੀ ਮੌਤ ਤੋਂ ਬਾਅਦ ਉਸ ਦੇ ਭਾਣਜੇ ਹਰਤੋਸ਼ ਬਲ ਵਾਂਗ ਪੰਜਾਬ ਦੇ ਪੱਤਰਕਾਰਾਂ ਨੇ ਗਿੱਲ ਦੇ ਅਤਿਆਚਾਰਾਂ 'ਤੇ ਪਰਦਾ ਪਾਉਣ ਦੀਆਂ ਚਾਲਾਂ ਚੱਲੀਆਂ ਅਤੇ ਜਸਵੰਤ ਸਿੰਘ ਖਾਲੜਾ, ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਤੇ ਇਨਸਾਫ਼ ਵਰਗੀਆਂ ਜਥੇਬੰਦੀਆਂ ਦੇ ਨਾਂ ਦਾ ਜ਼ਿਕਰ ਤੱਕ ਨਹੀ ਕੀਤਾ। 31 ਅਗਸਤ 2017 ਨੂੰ ਨਵਕਿਰਨ ਕੌਰ ਖਾਲੜਾ ਇਸ ਖ਼ਾਸ ਮੌਕੇ 'ਤੇ ਫਰਿਜ਼ਨੋ ਵਾਪਸ ਆਏਗੀ। ਹੁਣ ਫਰਿਜ਼ਨੋ ਸ਼ਹਿਰ ਇਹ ਯਕੀਨੀ ਬਣਾਏਗਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ ਨੂੰ ਹਮੇਸ਼ਾ ਲਈ ਯਾਦ ਰੱਖਿਆ ਜਾਵੇ। ਜਕਾਰਾ ਮੂਵਮੈਂਟ ਦੇ ਕਾਰਕੁਨਾਂ ਦੀ ਅਗਵਾਈ ਹੇਠ ਫਰਿਜ਼ਨੋ ਦਾ ਸਿੱਖ ਭਾਈਚਾਰਾ ਫਰਿਜ਼ਨੋ ਸਿਟੀ ਕੌਂਸਲ ਅਧਿਕਾਰੀਆਂ, ਖ਼ਾਸ ਤੌਰ 'ਤੇ ਓਲੀਵਰ ਬੇਨੀਸ ਨਾਲ ਮਿਲ ਕੇ ਵਿਕਟੋਰੀਆ ਪਾਰਕ (ਕਲਿੰਟਨ ਤੇ ਬਰਾਲੀ ਸਟਰੀਟ ਸਥਿਤ) ਦਾ ਨਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਿਆ ਜਾਵੇਗਾ। ਲਿਵਿੰਗਸਟੋਨ ਤੇ ਐਲਕ ਗਰੋਵ ਵਰਗੇ ਸ਼ਹਿਰਾਂ ਵਿਚ ਜਿਸ ਤਰ੍ਹਾਂ ਪਾਰਕਾਂ ਦੇ ਨਾਂ 'ਸਿੰਘ ਪਾਰਕ' ਹਨ, ਉਸੇ ਤਰ੍ਹਾਂ ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਪਾਰਕ ਦਾ ਨਾਂ ਸਿੱਖ ਭਾਈਚਾਰੇ ਦੇ ਆਗੂ ਦੇ ਸਨਮਾਨ ਵਜੋਂ ਉਸ ਦੇ ਨਾਂ 'ਤੇ ਰੱਖਿਆ ਜਾਵੇਗਾ। ਇਸ ਇਤਿਹਾਸਕ ਮੌਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਕੋਸ਼ਿਸ਼ ਵਿਚ ਸ਼ਾਮਲ ਹੋਣ। ਸਾਰਿਆਂ ਨੂੰ ਫਰਿਜ਼ਨੋ ਸਿਟੀ ਹਾਲ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਸਿਮਰਨਜੀਤ ਸਿੰਘ ਨਾਲ 559-779- 4916 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**We kindly request the entire Fresno Sikh community to join us Thursday at 4:30PM on August 31st at Fresno City Hall as the Fresno City Council will name a park in honor of Shaheed Jaswant Singh Khalra, who shined a candle to the dark and exposed the killing of innocents in Punjab by the Indian Government.**

**ਫਰਿਜ਼ਨੋ ਦੇ ਸਾਰੇ ਸਿੱਖ ਭਾਈਚਾਰੇ ਨੂੰ 31 ਅਗਸਤ ਦਿਨ ਵੀਰਵਾਰ ਨੂੰ ਸ਼ਾਮ 4:30 ਵਜੇ ਫਰਿਜ਼ਨੋ ਸਿਟੀ ਹਾਲ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ ਕਿਉਂਕਿ ਫਰਿਜ਼ਨੋ ਸਿਟੀ ਕੌਂਸਲ ਵਲੋਂ ਸ਼ਹੀਦ ਜਸਵੰਤ ਸਿੰਘ ਖਾਲੜਾ, ਜਿਹਨਾ ਨੇ ਪੰਜਾਬ ਵਿੱਚ ਹਿੰਦੋਸਤਾਨ ਦੀ ਸਰਕਾਰ ਵਲੋ ਬੇਦੋਸ਼ੇ ਲੋਕਾਂ ਦੇ ਕੀਤੇ ਕਤਲਾਂ ਨੂੰ ਨੰਗਾ ਕਰਕੇ ਹਨੇਰੇ ਵਿੱਚ ਇੱਕ ਦੀਪਕ ਦੀ ਤਰਾਂ ਇਨਸਾਫ ਦੀ ਰੌਸ਼ਨੀ ਦਿਖਾਈ, ਦੇ ਸਨਮਾਨ 'ਚ ਪਾਰਕ ਦਾ ਨਾਮ ਰੱਖਿਆ ਜਾ ਰਿਹਾ ਹੈ।**




**31 ਅਗਸਤ ਨੂੰ ਸ਼ਾਮ 4:30 ਵਜੇ ਫਰਿਜ਼ਨੋ ਸਿੱਟੀ ਹਾਲ ਪਹੁੰਚੋ**

**Let's Pack the Fresno City Hall on August 31st**

For more info, please call:
Kamaljit 559.313.4066
Simranjit 559.779.4916

Jakara MOVEMENT

ਵਿਚਾਰ ਆਪੋ ਆਪਣਾ

# ਜੱਟ/ ਕਿਸਾਨ ਆਤਮ ਹੱਤਿਆਵਾਂ- ਕੁਝ ਤੱਥ ਇਹ ਵੀ



ਬਖ਼ਸ਼ੀ ਰਾਮ ਲੁਧਿਆਣਾ
+91 94632-68101

ਹਰ ਪਾਸੇ ਕੂਕ ਪੁਕਾਰ ਸੁਣ ਰਹੇ ਹਾਂ 'ਕਿਸਾਨ ਆਤਮ ਹੱਤਿਆਵਾਂ' ਕਿਸਾਨ ਆਤਮ ਹੱਤਿਆਵਾਂ' ਸਮਾਚਾਰ ਪੱਤਰਾਂ ਵਿਚ ਵੀ ਤੇ ਟੀ ਵੀ ਨਿਊਜ਼ ਵਿਚ ਵੀ 'ਕਿਸਾਨ ਆਤਮ ਹੱਤਿਆਵਾਂ'। ਸਰਕਾਰ ਵਲੋਂ ਵੀ ਸ਼ੋਰ ਹੈ ਕਿ ਕੇਂਦਰ ਦੀ ਗ਼ਲਤ ਖੇਤੀ ਨੀਤੀ ਕਰਕੇ 'ਕਿਸਾਨ ਆਤਮ ਹੱਤਿਆਵਾਂ' ਕਰ ਰਹੇ ਹਨ। ਕਿਸਾਨ ਯੂਨੀਅਨਾਂ ਵੀ 'ਕਿਸਾਨ ਆਤਮ ਹੱਤਿਆਵਾਂ' ਦਾ ਸ਼ੋਰ ਮਚਾ ਰਹੀਆਂ ਹਨ। ਕੀ ਇਹ ਸਚੀ ਮੁੱਚੀ ਹੀ ਕਿਸਾਨ ਆਤਮ ਹੱਤਿਆਵਾਂ ਹਨ? ਕੀ ਖੇਤੀਬਾੜੀ ਦੇ ਕਰਜ਼ੇ ਦੇ ਝੰਬੇ ਹੋਏ ਕਿਸਾਨ ਹੀ ਸੱਚ ਮੁਚ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹੋ ਰਹੇ ਹਨ? ਕੀ ਸਚੀ ਮੁਚੀਂ ਹੀ ਕਰਜ਼ਾ ਖੇਤੀ ਬਾੜੀ ਦੀ ਚੜ੍ਹਤ ਵਾਸਤੇ ਲਿਆ ਸੀ? ਕੀ ਕਰਜ਼ਾ ਜਿਸ ਕੰਮ ਲਈ ਲਿਆ ਸੀ ਉਸੇ ਲਈ ਹੀ ਵਰਤਿਆ ਗਿਆ ਸੀ? ਕੀ ਜਿੰਨਾ ਕਰਜ਼ਾ ਲਿਆ ਸੀ ਉਸ ਹਿਸਾਬ ਲਈ ਜ਼ਮੀਨ ਵੀ ਕਾਫੀ ਸੀ?ਇਨ੍ਹਾਂ ਗੱਲਾਂ ਨੂੰ ਕੋਈ ਵੀ ਪਰਖਦਾ ਪਛਾਣਦਾ ਨਹੀਂ ਹੈ। ਇਕ ਹੀ ਗੱਲ ਬੇ-ਤਹਾਸ਼ਾ ਕਹੀ ਜਾਂਦੀ ਹੈ ਕਿ ਕਰਜ਼ਾ ਨਾ ਉਤਾਰ ਸਕਣ ਕਰ ਕੇ ਕਿਸਾਨ ਨੇ ਆਤਮ ਹੱਤਿਆ ਕਰ ਲਈ। ਕੀ ਉਹ ਆਤਮ ਹੱਤਿਆ ਸੀ ਵੀ ਕਿ ਨਹੀਂ? ਇਹ ਕਿਸਾਨ ਹਨ ਕੌਣ ? ਪੰਜਾਬ ਦੇ ਸਿਰ ਕੱਢ ਜੱਟ ਸਮਾਜ ਦੇ ਲੋਕ ਜਿਹੜੇ ਆਮ ਪ੍ਰਾਈਵੇਟ ਜ਼ਿੰਦਗੀ ਵਿਚ ਆਪਣੇ ਆਪ ਨੂੰ ਜ਼ਿਮੀਂਦਾਰ ਜਗੀਰਦਾਰ ਸਰਦਾਰ ਕਹਾਉਣ ਨੂੰ ਆਪਣਾ ਮਾਣ ਸਮਝਦੇ ਹਨ, ਸਰਕਾਰੀ ਕਰਜ਼ਿਆਂ ਵਿਚ ਸਾਂਝ ਪਾਉਣ ਲਈ ਆਪਣੇ ਆਪ ਨੂੰ 'ਕਿਸਾਨ' ਕਹਿਣ ਲੱਗ ਗਏ ਹਨ। ਇਹ ਕਿਸੇ ਹੋਰ ਨੇ ਨਹੀਂ ਬਲਕਿ ਸਰਕਾਰ ਵਿਚ ਬੈਠੇ ਇਨ੍ਹਾਂ ਦੇ ਆਕਾਵਾਂ ਨੇ ਹੀ ਇਨ੍ਹਾਂ ਨੂੰ ਸਿਖਾਇਆ ਹੈ। ਇਹ ਆਕਾ ਹਮੇਸ਼ਾ ਸਿਖਾਉਂਦੇ ਹਨ ਕਿ 'ਲੁਟੇ ਗਏ ਪੱਟੇ ਗਏ' ਦਾ ਚੀਕ ਚਿਹਾੜਾ ਪਾਈ ਜਾਵੋ ਸਰਕਾਰ ਆਪੇ ਹੀ ਦੇਖ ਲਵੇਗੀ। ਰੋਗ ਦੀ ਸਹੀ ਨਬਜ਼ ਨੂੰ ਕੋਈ ਪਛਾਣਦਾ ਨਹੀਂ ਪਰੰਤੂ ਬੇ-ਤਹਾਸ਼ਾ ਪਿੱਟ ਸਿਆਪਾ ਕੀਤਾ ਜਾ ਰਿਹਾ ਹੈ ਕਿ ਖੇਤੀ ਕਰਜ਼ੇ ਵਿਚ ਡੁੱਬੇ ਕਿਸਾਨ ਆਮ ਹੱਤਿਆਵਾਂ ਕਰ ਰਹੇ ਹਨ। ਵਿਦਵਾਨ ਲੇਖਕ ਵਿਚਾਰਕ ਪ੍ਰੋ: ਹਰਪਾਲ ਸਿੰਘ ਪੰਨੂ ਮਿਤੀ 25 02 2016 ਨੂੰ ਪੰਜਾਬੀ ਟ੍ਰਿਬਿਊਨ ਦੇ ਪੰਨਾ 6 ਤੇ ਆਪਣੇ ਆਰਟੀਕਲ 'ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਸਵਾਲ' ਵਿਚ ਅਸਲ ਰੋਗ ਦੀ ਸਹੀ ਪਛਾਣ ਕਰਦੇ ਹੋਏ ਲਿਖ਼ਦੇ ਹਨ: "ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਵਧਣ ਦਾ ਕਾਰਣ ਬੈਂਕਾਂ ਅਤੇ ਆੜ੍ਹਤੀਆਂ ਤੋਂ ਲਏ ਕਰਜ਼ੇ ਨਾ ਮੁੜਨਾ ਹੈ। ਫਸਲਾਂ ਦੀਆਂ ਲਾਗਤਾਂ ਵੱਧ ਅਤੇ ਆਮਦਨ ਘੱਟ ਵੀ ਕਰਜ਼ਾ ਵਧਦੇ ਜਾਣ ਦਾ ਕਾਰਣ ਹੈ। ਸਭ ਤੋਂ ਵਧੀਕ ਖਰਚਾ ਵਿਆਹ ਅਤੇ ਮਰਨ ਦੇ ਸਮਾਗਮਾਂ ਤੇ ਹੁੰਦਾ ਹੈ। ਇਨ੍ਹਾਂ ਕਾਰਜਾਂ ਤੇ ਜ਼ਿਆਦਾ ਖਰਚਾ ਕਰਨ ਲਈ ਕਿਸਾਨ ਨੂੰ ਕੌਣ ਮਜਬੂਰ ਕਰਦਾ ਹੈ ? ਕੋਈ ਨਹੀਂ। ਫਿਰ ਉਹ ਆਪਣੇ ਖਰਚੇ ਉਪਰ ਕੰਟਰੋਲ ਕਿਉਂ ਨਹੀਂ ਕਰਦਾ? ਕਿਸਾਨ ਕੋਲ ਕੁਝ ਜ਼ਮੀਨ ਤਾਂ ਹੈ ਜਿਨ੍ਹਾਂ ਬੇਜ਼ਮੀਨੇ ਕਿਰਤੀਆਂ, ਮਜ਼ਦੂਰਾਂ ਦਿਹਾੜੀਦਾਰਾਂ ਨੂੰ ਮਸਾਂ ਦੋ ਡੰਗ ਦੀ ਰੋਟੀ ਹੀ ਨਸੀਬ ਹੁੰਦੀ ਹੈ ਉਹ ਕਿਉਂ ਖ਼ੁਦਕੁਸ਼ੀਆਂ ਨਹੀਂ ਕਰਦੇ? ਕਾਰਨ ਸਾਫ ਹੈ, ਉਨ੍ਹਾਂ ਨੇ ਆਪਣੇ ਆਪ ਨੂੰ ਜੀਵਨ ਪੱਧਰ ਅਨੁਸਾਰ ਢਾਲ ਲਿਆ ਹੈ। ਚਾਦਰ ਦੇਖ ਕੇ ਪੈਰ ਪਸਾਰਦੇ ਹਨ ਉਹ। ਕਿਸਾਨ ਦੀ ਮੁੱਛ, ਪੱਗ, ਨੱਕ ਦਾ ਸਵਾਲ ਹੈ। ਇਹ ਸਵਾਲ ਕਿਸਾਨ ਉਪਰ ਕਿਸੇ ਨੇ ਥੋਪੇ ਨਹੀਂ, ਉਸ ਨੇ ਆਪਣੇ ਵਾਸਤੇ ਮਰਨ ਦਾ ਸਮਾਨ ਆਪ ਇਕੱਠਾ ਕੀਤਾ ਹੈ।

ਕਿਸੇ ਸਮੇਂ ਭਾਰਤ ਦਾ ਸਿਰਮੌਰ ਕਿਹਾ ਜਾਣ ਵਾਲਾ ਕਿਸਾਨ ਫਿਰਕਾ ਅੱਜ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਦੀ ਜ਼ਬਰਦਸਤ ਤਾਂਘ ਰੱਖਣ ਲੱਗ ਪਿਆ ਹੈ ਬਲਕਿ ਉਨ੍ਹਾਂ ਦੇ ਹਿਸਾਬ ਆਪਣਾ ਬਣਦਾ ਹੱਕ ਮੰਗਣ ਲਈ ਅੰਦੋਲਨ ਦੇ ਰਾਹ ਪੈ ਗਿਆ ਹੈ। ਥਾਂ ਪਰ ਥਾਂ ਹਰ ਰੋਜ਼ ਹੀ ਰਾਖਵਾਂ ਕਰਨ ਲਈ ਅੰਦੋਲਨ ਕਦੇ ਹਰਿਆਣਾ ਕਦੇ ਉਤਰ ਪ੍ਰਦੇਸ਼, ਕਦੇ ਪੰਜਾਬ ਕਦੇ ਰਾਜਸਥਾਨ ਵਿਚ ਹੋ ਰਹੇ ਹਨ। ਇਹ ਰਾਖਵਾਂ ਕਰਨ ਇਨ੍ਹਾਂ ਨੇ ਹਰਿਆਣਾ ਅਤੇ ਗੁਜਰਾਤ ਵਿਚ ਸਰਕਾਰਾਂ ਨੂੰ ਕਿਸੇ ਹੱਦ ਤੱਕ ਝੁਕਾ ਕੇ ਹਾਸਲ ਕਰ ਹੀ ਲਿਆ ਹੈ। ਕੀ ਸੱਚਮੁਚ ਹੀ ਕਿਸਾਨ ਨੂੰ ਜ਼ਮੀਨ ਵਿਚੋਂ ਇੰਨੀ ਪੈਦਾਇਸ਼ ਨਹੀਂ ਹੁੰਦੀ ਕਿ ਉਸ ਨਾਲ ਉਹ ਇਨੀ ਆਮਦਨ ਕਰ ਸਕੇ ਜਿਸ ਨਾਲ ਉਸ ਦਾ ਜੀਵਨ ਨਿਰਬਾਹ ਸੌਖਾ ਹੋ ਸਕੇ।

ਕਿਸਾਨ ਆਤਮ ਹੱਤਿਆਵਾਂ ਵਿਸ਼ੇ ਤੇ ਅੱਜ ਕੱਲ੍ਹ ਕਾਫੀ ਕੁਝ ਲਿਖਿਆ ਜਾ ਰਿਹਾ ਹੈ। ਮੈਂ ਇਸ ਲੇਖ ਦਾ ਸਿਰਲੇਖ ਇਸ ਦੇ ਵਿਰੁੱਧ ਜਾ ਕੇ ਜੱਟ/ਕਿਸਾਨ ਜ਼ਿਮੀਂਦਾਰ ਆਤਮ ਹੱਤਿਆਵਾਂ ਮੁੱਖ ਸਿਰਲੇਖ ਜਾਣ ਬੁੱਝ ਕੇ ਦਿੱਤਾ ਹੈ। ਇਸ ਦੇ ਕੁਝ ਕਾਰਣ ਹੋ ਸਕਦੇ ਹਨ। ਕਈ ਸਾਲਾਂ ਤੋਂ ਅਜਿਹੀਆਂ ਆਤਮ ਹੱਤਿਆਵਾਂ ਦਾ ਸਿਲਸਿਲਾ ਜਿਉਂ ਹੀ ਚਲਿਆ ਹੈ ਕਿ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ। ਆਮ ਲੇਖਕ ਲੋਕ ਇਸ ਨੂੰ ਕਿਸਾਨ ਖੇਤੀ ਬਾੜੀ ਲਈ ਬੈਂਕ ਜਾਂ ਆੜ੍ਹਤੀਏ ਤੋਂ ਚੁੱਕੇ ਹੋਏ ਕਰਜ਼ੇ ਨੂੰ ਨਾ ਮੋੜ ਸਕਣ ਨੂੰ ਮੁੱਖ ਕਾਰਣ ਗਰਦਾਨ ਰਹੇ ਹਨ। ਕਿਸਾਨ ਲੋਕਾਂ ਨੂੰ ਵੱਖ ਵੱਖ ਸਟੇਟਾਂ ਵਿਚ ਜੁਦੇ ਜੁਦੇ ਜਾਤੀ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪੰਜਾਬ ਵਿਚ ਆਮ ਤੌਰ ਤੇ ਜੱਟ ਸਿਖ ਜ਼ਿਮੀਂਦਾਰ ਵਾਸਤੇ ਹੁਣ ਕਿਸਾਨ ਨਾਮ ਸਮੇਂ ਸਮੇਂ ਤੇ ਪੰਜਾਬ ਵਿਚ ਆਈਆਂ ਅਕਾਲੀ ਸਰਕਾਰਾਂ ਦੀ ਮਿਲੀ ਭੁਗਤ ਨਾਲ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਇਹ ਅਕਾਲੀ ਦਲ ਸਰਕਾਰ ਹੀ ਸੀ, ਜਿਸ ਨੇ ਜੱਟ ਸਿੱਖ ਜ਼ਿਮੀਂਦਾਰਾਂ ਦੇ ਕੰਨੀ ਪਾ ਦਿਤਾ ਕਿ ਉਹ ਗਿੱਬ-ਗਿੱਬ ਕੇ ਜ਼ਿਮੀਂਦਾਰ ਕਹਿਣਾ ਬੰਦ ਕਰਨ ਤੇ ਜੇਕਰ ਸਰਕਾਰ ਤੋਂ ਕੁਝ ਹਾਸਲ ਕਰਨਾ ਹੀ ਹੈ ਤਾਂ ਆਪਣੇ ਆਪ ਨੂੰ ਕਿਸਾਨ ਕਹਿਣਾ ਸ਼ੁਰੂ ਕਰਨ। ਇਹ ਸਾਰਾ ਕੁਝ ਇਕ ਗਿਣੀ ਮਿਥੀ ਸਾਜ਼ਸ਼ ਅਧੀਨ ਪਹਿਲਾਂ ਵੀ ਤੇ ਹੁਣ ਵੀ ਹੋ ਰਿਹਾ ਹੈ। ਮੇਰਾ ਇਥੇ ਕਲਮ ਚੁੱਕਣ ਦਾ ਮੁੱਖ ਮੁੱਦਾ ਆਮ ਤੌਰ ਤੇ ਪੰਜਾਬ ਦੇ ਜੱਟ ਫਿਰਕੇ ਬਾਬਤ ਗੱਲ ਕਰਨ ਤੋਂ ਹੈ।

ਪੰਜਾਬ ਵਿਚ ਜਿੰਨੀਆਂ ਗਰਾਂਟਾਂ ਸੰਗਤ ਦਰਸ਼ਨਾਂ ਦੌਰਾਨ ਜ਼ਿਮੀਂਦਾਰ, ਜੱਟ ਸਿੱਖ ਸਰਦਾਰਾਂ ਨੂੰ ਦਿੱਤੀਆਂ ਜਾਂਦੀਆਂ ਰਹੀਆਂ ਹਨ ਉਨੀਆਂ ਹੋਰ ਕਿਸੇ ਵੀ ਪੰਜਾਬੀ ਫਿਰਕੇ ਨੂੰ ਨਹੀਂ। ਮੁੱਖ ਮੰਤਰੀ ਸਾਹਿਬ ਤੱਕਦੇ ਰਹਿੰਦੇ ਸਨ ਕਿ ਖ਼ਜ਼ਾਨੇ ਵਿਚ ਕਦੋਂ ਚਾਰ ਪੈਸੇ ਇੱਕੱਠੇ ਹੁੰਦੇ ਹਨ ਤੇ ਕਦੋਂ ਉਹ ਪੈਸੇ ਥੈਲੀ ਵਿਚ ਪਾ ਕੇ ਜੱਟਾਂ ਨੂੰ ਸੰਗਤ ਦਰਸ਼ਨ ਦੇ ਬਹਾਨੇ ਵੰਡਣ ਤੁਰਦੇ ਹਨ। ਕਿਸਾਨ ਪੈਨਸ਼ਨਾਂ ਦੇ ਬਹਾਨੇ ਬਿਰਧ ਕਿਸਾਨਾਂ ਨੂੰ ਚੰਗੀ ਖਾਸੀ ਪੈਨਸ਼ਨ ਦੇਣ ਦੇ ਲਾਲਚ ਵੀ ਮਿਲਣੇ ਅਕਾਲੀ ਬੀ ਜੇ ਪੀ ਸਰਕਾਰ ਸਮੇਂ ਸ਼ੁਰੂ ਹੋ ਗਏ ਸਨ। ਜੇਕਰ ਇਕ ਵਾਰੀ ਗੱਲ ਚੱਲੀ ਹੀ ਹੈ ਤਾਂ ਇਹ ਇਕ ਦਿਨ ਹੋ ਕੇ ਹੀ ਰਹੇਗਾ। ਫਿਰ ਵਾਰੀ ਆਉਂਦੀ ਹੈ ਫਸਲ ਬੀਮਾ ਯੋਜਨਾ ਦੀ । ਕੇਂਦਰ ਸਰਕਾਰ ਹਰੇਕ ਫਸਲ ਦਾ ਬੀਮਾ ਕਰੇਗੀ ਤੇ ਘਾਟਾ ਪੈਣ ਤੇ ਉਸ ਦੀ ਭਰਪਾਈ ਕੀਤੀ ਜਾਵੇਗੀ । ਪੰਜਾਬ ਵਿਚ ਅਨਾਜ ਦੇ ਮੁਫਤ ਵਿਤਰਣ ਵਿਚ ਵੀ 2 ਕਿੱਲੇ ਤੋਂ ਘੱਟ ਜ਼ਮੀਨ ਵਾਲਾ ਕਿਸਾਨ ਸਰਕਾਰੀ ਡਿਪੂ ਤੋਂ ਮੁਫਤ ਵਰਗਾ ਸਸਤਾ ਅਨਾਜ, ਦਾਲਾਂ ਤੇ ਮਿੱਟੀ ਦਾ ਤੇਲ ਲੈਣ ਦਾ ਹੱਕ ਰੱਖਦਾ ਹੈ । ਜਾਣੀ ਕਿ ਦੋ ਕਿੱਲੇ ਜ਼ਮੀਨ ਵਾਲੇ ਜੱਟ ਪਰਿਵਾਰ ਨੂੰ ਗ਼ਰੀਬੀ ਰੇਖਾ ਤੋਂ ਥੱਲੇ ਵਾਲਿਆਂ ਨਾਲ ਮਿਲਾ ਦਿੱਤਾ ਗਿਆ ਹੈ।

ਪੰਜਾਬੀ ਜੱਟ ਪਾਣੀ ਦੀ ਸਹੂਲਤ ਮੁਫਤ ਲੈਂਦਾ ਹੈ ।ਬਿਜਲੀ ਪਾਵਰ ਉਤੇ ਚੱਲਣ ਵਾਲੇ ਟਿਊਬਵੈਲ ਦੇ ਖਰਚੇ ਵਜੋਂ ਉਸ ਤੋਂ ਬਿਜਲੀ ਬਿੱਲ ਦੇ ਤੌਰ ਤੇ ਇਕ ਪੈਸਾ ਵੀ ਨਹੀਂ ਉਗਰਾਹਿਆ ਜਾਂਦਾ ।ਸਗੋਂ ਸੁਣਦੇ ਹਾਂ ਕਿ ਇਨ੍ਹਾਂ ਜੱਟਾਂ ਨੇ ਆਪਣੀਆਂ ਰਿਹਾਇਸ਼ਾਂ ਬਾਹਰ ਟਿਊਬਵੈਲਾਂ ਦੇ ਨਾਲ ਬਾਹਰ ਕੋਠੀਆਂ ਪਾ ਰੱਖੀਆਂ ਹੋਈਆਂ ਹਨ ਅਤੇ ਆਪਣੇ ਘਰਾਂ ਲਈ ਬਿਜਲੀ ਵੀ ਇਨ੍ਹਾਂ ਟਿਊਬਵੈਲ ਕਨੈਕਸ਼ਨਾਂ ਤੋਂ ਸਿੱਧੀਆਂ ਤਾਰਾਂ ਪਾ ਕੇ ਇਸਤੇਮਾਲ ਕਰਦੇ ਹਨ ਤੇ ਇਸ ਤਰਾਂ ਘਰ ਇਸਤੇਮਾਲ ਹੋ ਰਹੀ ਬਿਜਲੀ ਦਾ ਵੀ ਇਕ ਧੇਲਾ ਤੱਕ ਨਹੀ ਦਿੰਦੇ। ਨਹਿਰੀ ਪਾਣੀ ਉਤੇ ਵੀ ਉਸ ਨੂੰ ਕੋਈ ਪੈਸਾ ਨਹੀਂ ਦੇਣਾ ਪੈਂਦਾ। ਖਾਦ, ਕੀੜੇ ਮਾਰ ਦਵਾਈਆਂ ਸਰਕਾਰੀ ਆਦਿ ਸਸਤੇ ਦਰਾਂ ਤੇ ਦੇ ਕੇ ਖੇਤੀ ਬਾੜੀ ਖਰਚੇ ਘੱਟ ਤੋਂ ਘੱਟ ਕਰਨ ਦਾ ਯਤਨ ਸਰਕਾਰ ਵਲੋਂ ਕੀਤਾ ਜਾਂਦਾ ਹੈ।

ਜੱਟ ਆਪਣੀ ਫਸਲ ਮੰਡੀ ਵਿਚ ਲਿਆਉਂਦੇ ਹਨ। ਇਹ ਸਬਜ਼ੀਆਂ ਸਦਾ ਹੀ ਜੜ੍ਹਾਂ ਤੋਂ ਖਿਚੀਆਂ ਹੋਈਆ ਹੁੰਦੀਆਂ ਹਨ। ਜੜ੍ਹਾਂ ਸਦਾ ਹੀ ਸਬਜ਼ੀ ਤੋਲਣ ਸਮੇਂ ਸਬਜ਼ੀ ਦੇ ਨਾਲ ਹੀ ਤੋਲ ਦਿੱਤੀਆਂ ਜਾਂਦੀਆਂ ਹਨ ਤੇ ਉਸ ਦੇ ਵੀ ਪੈਸੇ ਗਾਹਕ ਨੂੰ ਦੇਣੇ ਪੈਂਦੇ ਹਨ। ਗੋਭੀ ਦੇ ਛੇ ਛੇ ਇੰਚ ਲੰਮੇ ਜੜ੍ਹ ਤੇ ਹਰੇ ਡੰਡਲਾਂ ਸਣੇ ਵੱਢ ਕੇ ਸਬਜ਼ੀ ਮੰਡੀ ਵਿਚ ਲਿਆਉਂਦੇ ਹਨ ਜਿਸ ਵਿਚ ਗੋਭੀ ਦਾ ਖਾਣ ਯੋਗ ਹਿੱਸਾ ਮਸਾਂ ਇਕ ਕਿਲੋ ਭਾਰ ਵਿਚੋਂ ਅੱਧਾ ਹਿਸਾ ਹੁੰਦਾ ਹੈ। ਹਰੇ ਛੋਲੀਏ ਲਈ ਛੋਲਿਆਂ ਦੇ ਬੂਟੇ ਜੜ੍ਹਾਂ ਤੋਂ ਖਿਚ ਕੇ ਸਾਰੇ ਦਾ ਸਾਰਾ ਤੱਕੜੀ ਵਿਚ ਪਾਕੇ ਤੋਲਿਆ ਜਾਂਦਾ ਹੈ। ਆਲੂ ਬਗ਼ੈਰ ਧੋਤੇ ਸਮੇਤ ਮਿੱਟੀ ਦੇ ਮੰਡੀ ਵਿਚ ਲਿਆਂਦੇ ਜਾਂਦੇ ਹਨ ਤੇ ਇਸੇ ਤਰ੍ਹਾਂ ਹੀ ਗਾਹਕ ਨੂੰ ਵੇਚੇ ਜਾਂਦੇ ਹਨ। ਸਾਗ ਵੇਚਣ ਲਈ ਮੰਡੀ ਵਿਚ ਲਿਜਾਇਆ ਜਾਂਦਾ ਹੈ ਤਾਂ ਉਹ ਸਾਰੇ ਦਾ ਸਾਰਾ ਜੜ੍ਹਾਂ ਤੋਂ ਵੱਢ ਕੇ ਲਿਆ ਕੇ ਵੇਚਿਆ ਜਾਂਦਾ ਹੈ। ਇਹੀ ਹਾਲ ਪਾਲਕ ਦਾ ਹੈ। ਮਹਿੰਗੇ ਭਾਅ ਸਬਜ਼ੀ ਲੈ ਕੇ ਵੀ ਗਾਹਕ ਦੇ ਹੱਥ ਅੱਧ ਪਚੱਧ ਹੀ ਲੱਗਦਾ ਹੈ ਫਿਰ ਵੀ ਜੱਟ ਨੂੰ ਘਾਟਾ ਹੀ ਪੈਂਦਾ ਹੈ। ਘੀਏ, ਅੱਲਾਂ ਲੌਕੀਆਂ, ਮਤੀਰਿਆਂ (ਤਰਬੂਜ਼ਾਂ) ਸਭ ਨੂੰ ਟੀਕੇ ਲਾ ਕੇ ਪਹਿਲਾਂ ਇਕੋ ਰਾਤ ਵਿਚ ਵੱਡੇ ਵੱਡੇ ਕੀਤਾ ਜਾਂਦਾ ਹੈ ਤੇ ਫਿਰ ਲਾਲ ਟੀਕੇ ਲਾ ਕੇ ਮਤੀਰਿਆਂ ਨੂੰ ਪੱਕੇ ਸਰ੍ਹਦੇ ਵਰਗੇ ਦਿਖਾ ਕੇ ਮਹਿੰਗੇ ਭਾਅ ਵਿਕਵਾ ਕੇ ਲੁਟ ਮਚਾਈ ਜਾਂਦੀ ਹੈ।ਫਿਰ ਵੀ ਜੱਟ ਨੂੰ ਘਾਟਾ ਕਿੱਥੇ ਪੈਂਦਾ ਹੈ ਸਮਝ ਨਹੀਂ ਪੈਂਦੀ।



ਪੰਜਾਬ ਦਾ ਜੱਟ ਪੂਰੇ ਦੇ ਪੂਰੇ ਪੰਜਾਬੀ ਸਮਾਜ ਉਤੇ ਪੂਰੇ ਰੋਅਬ ਦਾਬ ਨਾਲ ਠਾਣੇਦਾਰੀ ਕਰ ਰਿਹਾ ਹੈ, ਮੁੱਛ ਉਚੀ ਰੱਖ ਰਿਹਾ ਹੈ ਪੱਲੇ ਭਾਵੇਂ ਧੇਲਾ ਵੀ ਨਾ ਹੋਵੇ। ਜੱਟ ਵਾਲਾ ਰੋਅਬ ਕਦੇ ਛੱਡਣ ਨੂੰ ਤਿਆਰ ਨਹੀਂ। ਆਪਣੀ ਜੱਟ ਹੈਂਕੜ ਹੰਕਾਰ ਨੂੰ ਕਾਇਮ ਰੱਖਣ ਲਈ ਭਾਵੇਂ ਕੋਈ ਜੁਰਮ ਵੀ ਕਿਉਂ ਨਾ ਕਰਨਾ ਪੈ ਜਾਵੇ ਇਸ ਤੋਂ ਵੀ ਇਹ ਕਦੇ ਪਿਛੇ ਨਹੀਂ ਹਟਦਾ। ਫਿਰ ਭਾਵੇਂ ਇਕ ਕਿਲੱਾ ਲੱਗ ਜਾਵੇ ਤੇ ਭਾਵੇਂ ਦੋ। ਬਿਨਾਂ ਗੱਲ ਤੋਂ ਚੌਧਰੀ ਬਣਨ ਦਾ ਚਾਅ ਸਦਾ ਇਨ੍ਹਾਂ ਦੇ ਸਿਰ ਤੇ ਸਵਾਰ ਰਹਿੰਦਾ ਹੈ। ਸਾਧਨ ਸੰਪੰਨ ਇਹ ਲੋਕ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਚੰਗੀ ਪੁੱਛ ਪ੍ਰਤੀਤ ਹੈ ਬਾਕੀ ਦੀਆਂ ਜਾਤੀਆਂ ਨੂੰ ਜ਼ਲੀਲ ਕਰਨ ਦਾ ਕਦੇ ਵੀ ਮੌਕਾ ਹੱਥੋਂ ਖੁੰਝਣ ਨਹੀਂ ਦਿੰਦੇ ।

ਪੰਜਾਬ ਦੇ ਸੰਗਰੂਰ ਜ਼ਿਲੇ ਦੇ ਬਾਲਦ ਕਲਾਂ ਪਿੰਡ ਵਿਚ ਦਲਿਤ ਬਨਾਮ ਜੱਟ ਸਿੱਖ ਸਰਦਾਰ ਜ਼ਿਮੀਂਦਾਰ ਸੰਘਰਸ਼ ਇਨ੍ਹਾਂ ਦਾ ਅਕਾਰਣ ਪੈਦਾ ਕੀਤਾ ਹੋਇਆ ਹੈ। ਇਨ੍ਹਾਂ ਦਾ ਹਰ ਹੀਲੇ ਇਹ ਯਤਨ ਰਹਿੰਦਾ ਹੈ ਕਿ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਵੀ ਵਾਹ ਲੱਗਦੀ ਇਨ੍ਹਾਂ ਨੂੰ ਹੀ ਮਿਲ ਜਾਵੇ ।ਸਰਕਾਰ ਤੇ ਸਰਕਾਰੀ ਸਾਧਨ ਮਸ਼ੀਨਰੀ ਇਨ੍ਹਾਂ ਦੀ ਪਿੱਠ ਤੇ ਹੈ ।ਇਹ ਕਹਾਣੀ ਕੇਵਲ ਬਾਲਦ ਕਲਾਂ ਦੀ ਹੀ ਨਹੀਂ ਹੈ । ਪੰਜਾਬ ਦੇ ਲਗ ਭਗ ਹਰੇਕ ਪਿੰਡ ਦਾ ਹੀ ਇਹੀ ਹਾਲ ਹੈ। ਪੰਜਾਬ ਦੇ ਪਿੰਡਾਂ ਵਿਚ ਵਾਹ ਲੱਗਦੀ ਕਿਸੇ ਵੀ ਲੋੜਵੰਦ ਕੰਮੀ ਕਮੀਣ ਨੂੰ ਵੱਟ ਵੰਨੇ ਘਾਹ ਖੋਤਦਾ ਦੇਖ਼ਕੇ ਝੱਟ ਉਸ ਘਾਹ ਖੋਤਣ ਵਾਲੇ ਦੀ ਮਾਂ ਦੀ ਭੈਣ ਦੀ ਇਕ ਕਰਨੋ ਜ਼ਰਾ ਰੁਕਦੇ ਨਹੀਂ ਹਨ। ਘਾਹ ਪੱਤਾ ਲਿਆਉਣ ਵਾਲੀਆਂ ਜੇਕਰ ਲੜਕੀਆਂ ਤਰੀਮਤਾਂ ਹੋਣ ਤਾਂ ਉਨ੍ਹਾਂ ਦੇ ਰੰਬੇ, ਟੱਲੇ ਖੋਹ ਕੇ ਬੇ-ਇਜ਼ੱਤ ਕਰ ਕੇ ਖੇਤੋਂ ਬਾਹਰ ਕੱਢਿਆ ਜਾਂਦਾ ਹੈ। ਹਰ ਨਿੱਕੀ ਵੱਡੀ ਗੱਲ ਤੇ ਦਲਿਤ ਪਿਛੜੇ ਕੰਮੀ ਮਜ਼ਦੂਰਾਂ ਦਾ ਸਮਾਜਿਕ ਨਾ ਮਿਲਵਰਤਣ ਸ਼ੁਰੂ ਕਰ ਦਿੰਦੇ ਹਨ।ਕੰਮੀਆਂ ਨੂੰ ਹਰ ਤਰ੍ਹਾਂ ਨਾਲ ਜ਼ਲੀਲ ਕਰਨਾ, ਜਿੱਚ ਕਰਨਾ ਜਿਸ ਤਰ੍ਹਾਂ ਇਨ੍ਹਾਂ ਦੀ ਆਦਤ ਹੀ ਬਣ ਚੁਕੀ ਹੋਵੇ।ਇਨ੍ਹਾਂ ਦੇ ਇਸ ਸਖ਼ਤ ਕਿਸਮ ਦੇ ਸ਼ਤਰੁਤਾ ਪੂਰਨ ਵਤੀਰੇ ਕਾਰਣ ਇਹ ਲੋਕ ਬਾਕੀ ਦੀਆਂ ਜਾਤਾਂ ਦਾ ਪਿਆਰ ਤੇ ਹਮਦਰਦੀ ਵੀ ਆਪਣੀ ਫੋਕੀ ਹੈਂਕੜ ਵਿਚ ਗੁਆ ਬੈਠੇ ਹਨ।

ਪੰਜਾਬ ਦੀ ਜ਼ਮੀਨ ਸੋਨਾ ਉਗਲਦੀ ਹੈ ਪਰ ਕੋਈ ਲੈਣ ਵਾਲਾ ਹੋਵੇ ਸਹੀ। ਦੇਖਣ ਵਿਚ ਆਇਆ ਹੈ ਕਿ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਘਰ ਦੇ ਨਾਲ ਥੋੜ੍ਹੀ ਜਿਹੀ ਖਾਲੀ ਛੱਡੀ ਹੋਈ ਜਗਹ ਵਿਚ ਵੀ ਲੋਕਾਂ ਨੇ ਸਬਜ਼ੀਆਂ ਬੀਜੀਆਂ ਤੇ ਉਸ ਦੋ ਮੰਜਿਆਂ ਦੀ ਥਾਂ ਵਿਚੋਂ ਹੀ ਗੁਜ਼ਾਰੇ ਜੋਗੀ ਸਬਜ਼ੀ ਕੱਢ ਲੈਂਦੇ ਹਨ। ਪਰ ਇਥੇ ਜੱਟ ਮੁੰਡੇ ਹਥੀਂ ਕੰਮ ਕਰਨ ਤੋਂ ਕੰਨੀ ਕਤਰਾਉਂਦੇ ਹਨ। ਨਸ਼ੇ ਦੇ ਮਾਰੇ ਹੋਏ ਹਨ। 'ਚਿੱਟੇ' ਦਾ ਜੀਅ ਭਰ ਕੇ ਪ੍ਰਯੋਗ ਕਰਦੇ ਹਨ। ਖੇਤਾਂ ਵਿਚ ਜਾਣਾ ਪਸੰਦ ਨਹੀਂ ਕਰਦੇ। ਹੱਥੀਂ ਕੰਮ ਕਰਨ ਨੂੰ ਵੀ ਤਿਆਰ ਨਹੀਂ ਹਨ। ਬਿਨਾਂ ਕੰਮ ਸ਼ਹਿਨਸ਼ਾਹ ਬਣੇ ਰਹਿਣਾ ਪਸੰਦ ਕਰਦੇ ਹਨ। ਪੂਰੀ ਦੀ ਪੂਰੀ ਖੇਤੀ ਬਾੜੀ ਉਤਰ ਪ੍ਰਦੇਸ਼ ਜਾਂ ਬਿਹਾਰੀ ਪੂਰਬੀਆਂ ਦੇ ਹੱਥ ਵਿਚ ਹੈ। ਜੱਟ ਆਪ ਤਾਂ ਉਨ੍ਹਾਂ ਵਲੋਂ ਕੀਤੀ ਜਾਂਦੀ ਖੇਤੀ ਦੇਖਣ ਤੱਕ ਨਹੀਂ ਜਾਣਾ ਪਸੰਦ ਕਰਦੇ। ਪੂਰਬੀਏ ਲੋਕ ਇਨ੍ਹਾਂ ਦੇ ਸਿਰ ਤੇ ਆਪਹੁਦਰੀਆਂ ਕਰਦੇ ਹਨ। ਆਪਣੀਆਂ ਜੇਬਾਂ ਭਰਦੇ ਹਨ। ਇਨ੍ਹਾਂ ਦੇ ਪੱਲੇ ਮਰਜ਼ੀ ਨਾਲ ਹੀ ਕੁਝ ਪਾਉਂਦੇ ਹਨ। ਆਖ਼ਰ ਖੇਤੀ ਖਸਮਾਂ ਸੇਤੀ।

ਜ਼ਮੀਨਾਂ ਦੇ ਸਿਰ ਤੇ ਜੱਟਾਂ ਨੂੰ ਸ਼ਾਹੂਕਾਰਾਂ ਤੋਂ ਵੀ ਤੇ ਬੈਂਕਾਂ ਵਲੋਂ ਵੀ ਕਰਜ਼ਾ ਬੜਾ ਸੌਖਾ ਹੀ ਬਿਨਾਂ ਕੋਈ ਬਹੁਤਾ ਤਰੱਦਦ ਕੀਤਿਆਂ ਜਾਂ ਬਹੁਤੇ ਗੇੜੇ ਮਾਰਿਆਂ ਮਿਲ ਜਾਂਦਾ ਹੈ। ਕਈਆਂ ਦੀਆਂ ਤਾਂ ਜ਼ਮੀਨਾਂ ਦੇ ਸਿਰ ਤੇ ਲਿਮਟਾਂ ਬੱਝੀਆਂ ਹੋਈਆਂ ਹਨ। ਕਰਜ਼ਾ ਕਿਸ ਕੰਮ ਲਈ ਲਿਆ ਸੀ ਤੇ ਕਿਸ ਕੰਮ ਤੇ ਖਰਚ ਕਰ ਦਿੱਤਾ ਗਿਆ ਹੈ, ਇਸ ਚੀਜ਼ ਨੂੰ ਪੜਤਾਲਣ ਲਈ ਕੋਈ ਮਹਿਕਮਾ ਨਿਯਤ ਨਹੀਂ ਕੀਤਾ ਗਿਆ। ਜੱਟ ਲੋਕ ਆਮ ਤੌਰ ਤੇ ਖੇਤੀ ਦੇ ਵਿਕਾਸ ਵਾਸਤੇ ਕਰਜ਼ਾ ਲੈਂਦੇ ਹਨ। ਪਰ ਆਪਣੀ ਹੈਂਕੜਬਾਜ਼ੀ ਨਾਲ ਪ੍ਰਾਪਤ ਕੀਤੀ ਝੂਠੀ ਸ਼ਾਨੋ ਸ਼ੌਕਤ ਕਾਇਮ ਰੱਖਣ ਲਈ ਜਾਂ ਤਾਂ ਮਹਿੰਗੇ ਮਹਿੰਗੇ ਪੈਲਸਾਂ ਵਿਚ ਧੀਆਂ ਦੇ ਵਿਆਹ ਰਚਾ ਕੇ ਵਿਤੋਂ ਵਧ ਖਰਚ ਕਰਕੇ ਤੇ ਵਿਤੋਂ ਵੱਧ ਦਾਜ ਦਹੇਜ ਦੇ ਕੇ ਧੀ ਦਾ ਵਿਆਹ ਕਰ ਦਿੰਦਾ ਹੈ ਜਾਂ ਫਿਰ ਮਹਿਲ ਨੁਮਾਂ ਕੋਠੀ ਖੜੀ ਕਰ ਲੈਂਦਾ ਹੈ । ਦੋ ਦੋ, ਚਾਰ ਚਾਰ ਕਿੱਲੇ ਜ਼ਮੀਨ ਵਾਲੇ ਜੱਟ ਵੀ ਟਰੈਕਟਰ ਟਰਾਲੀ ਤੇ ਹੋਰ ਹੋਰ ਖੇਤੀ ਬਾੜੀ ਦਾ ਸਮਾਨ ਇਸ ਲਈ ਲੈ ਕੇ ਰੱਖਦੇ ਹਨ ਤਾਂ ਜੋ ਵੱਡੇ ਜ਼ਿਮੀਂਦਾਰਾਂ ਵਿਚ ਉਨ੍ਹਾਂ ਦਾ ਨਾਮ ਬਣਿਆਂ ਰਹੇ। ਖੇਤੀ ਵਿਚੋਂ ਵਾਜਬ ਆਮਦਨ ਨਹੀਂ ਹੁੰਦੀ ਕਰਜ਼ਾ ਚੁੱਕਾ ਨਹੀਂ ਹੁੰਦਾ। ਸ਼ਾਹੂਕਾਰ ਤੇ ਬੈਂਕ ਬਾਰ ਬਾਰ ਘਰ ਗੇੜੇ ਮਾਰਦੇ ਹਨ। ਝੂਠੇ ਨਾਮ ਹੰਢਾਏ ਤੇ ਇਜ਼ਤ ਬਣਾਈ ਦਾ ਧਿਆਨ ਕਰਦਾ ਹੋਇਆ ਟੌਹਰ ਖਰਾਬ ਹੋ ਗਈ ਜਾਣ ਕੇ ਸੌਖਾ ਰਾਹ ਆਤਮ ਹੱਤਿਆ ਦਾ ਫੜਦਾ ਹੈ। ਵੈਸੇ ਵਿਦਵਾਨ ਲੇਖਕ ਪ੍ਰੋ: ਹਰਪਾਲ ਸਿੰਘ ਪੰਨੂੰ ਜੀ ਵਲੋਂ ਉਪਰ ਵਰਣਿਤ ਪੈਰੇ ਵਿਚ ਦੱਸਿਆ ਗਿਆ ਸੱਚ ਸੋਲਾਂ ਆਨੇ ਸਹੀ ਹੈ।

ਵੈਸੇ ਆਮ ਆਦਮੀ ਦੀ ਖੇਤੀ ਬਾੜੀ ਦਾ ਇਹ ਹਾਲ ਹੈ ਕਿ ਜਿਸ ਕਿਸੇ ਕੋਲ ਵੀ ਕੋਈ ਖਾਲੀ ਪਲਾਟ ਪਿਆ ਹੋਇਆ ਹੈ ਜਾਂ ਵੈਸੇ ਹੀ ਖੁਲ੍ਹਾ ਵਿਹੜਾ ਹੈ, ਉਹ ਦੋ ਦੋ ਮੰਜਿਆਂ ਦੀ ਥਾਂ ਵਿਚ 150,200 ਬੂਟੇ ਭਿੰਡੀ ਦੇ ਲਾ ਕੇ ਹਰ ਤੀਜੇ ਦਿਨ ਇਕ ਕਿਲੋ ਭਿੰਡੀ ਸਬਜ਼ੀ ਜੋਗੀ ਤੋੜਨ ਲੱਗਾ ਹੈ। ਉਸੇ ਵਿਚੋਂ ਹੀ ਇਕ ਸਿਰੇ ਦੋ ਵੇਲਾਂ ਘੀਏ ਦੀਆਂ ਲਾ ਕੇ ,ਦੋ ਵੇਲਾਂ ਕਰੇਲਿਆਂ ਦੀਆਂ ਲਾ ਕੇ, ਦੋ ਵੇਲਾਂ ਰਾਮ ਤੋਰੀਆਂ ਆਦਿ ਦੀਆਂ ਲਾ ਕੇ ਹਰ ਰੋਜ਼ ਵੰਨ ਸੁਵੰਨੀਆਂ ਘਰਦੀਆਂ ਸਬਜ਼ੀਆਂ ਨਲਕੇ ਤੋਂ ਪਾਣੀ ਪਾ ਕੇ ਪਾਲਣ ਲੱਗਾ ਹੈ। ਸਮਝ ਨਹੀਂ ਪੈਂਦੀ ਕਿ ਦੋ ਦੋ ਚਾਰ ਚਾਰ ਕਿੱਲਿਆ ਦੇ ਮਾਲਕ ਖੁਦਕੁਸ਼ੀਆਂ ਕਿਉਂ ਕਰਦੇ ਹਨ।ਅਸਲ ਵਿਚ ਪੰਜਾਬੀ ਜੱਟ ਸਹੀ ਸ਼ਬਦਾਂ ਵਿਚ 'ਧਰਤੀ ਪੁੱਤਰ' ਕਿਸਾਨ ਬਣਨਾ ਪਸੰਦ ਹੀ ਨਹੀਂ ਕਰਦਾ। ਜਿਸ ਜ਼ਮਾਨੇ ਵਿਚ ਜੱਟ ਅਸਲ ਵਿਚ ਹੀ 'ਧਰਤੀ ਪੁੱਤਰ' ਤੇ ਕਿਸਾਨ ਸੀ ਜਦ ਹਾਲੇ ਖੇਤੀ ਬਾੜੀ ਦਾ ਮਸ਼ੀਨੀ ਕਰਨ ਵੀ ਨਹੀਂ ਹੋਇਆ ਸੀ ਪੈਦਾਇਸ਼ਾਂ ਵੀ ਘੱਟ ਸਨ ਉਸ ਸਮੇਂ ਕਿਸਾਨ ਵਲੋਂ ਕਦੇ ਆਤਮ ਹੱਤਿਆ ਨਹੀ ਕੀਤੀ ਜਾਂਦੀ ਸੀ।

ਖੇਤ ਮਜ਼ਦੂਰ ਜਿਨ੍ਹਾਂ ਨੇ ਹੀਆ ਕਰ ਕੇ ਕਿਸੇ ਜੱਟ ਤੋਂ ਵਟਾਈ ਤੇ ਜਾਂ ਠੇਕੇ ਤੇ ਦੋ ਕਿੱਲੇ ਲੈ ਕੇ ਖੇਤੀ ਕਰਨ ਦਾ ਹੀਆ ਕੀਤਾ ਉਹ ਉਨੇ ਵਿਚੋਂ ਹੀ ਰੱਜ ਕੇ ਰੋਟੀ ਖਾਂਦੇ ਦੇਖੇ ਗਏ ਹਨ ਕਦੇ ਕਿਸੇ ਨੂੰ ਖੁਦਕੁਸ਼ੀ ਦੀ ਨੌਬਤ ਨਹੀਂ ਆਈ। ਇਸੇ ਤਰ੍ਹਾਂ ਹੀ ਕੁਝ ਦਲਿਤ ਲੋਕ ਹਿੰਮਤਾਂ ਕਰ ਕੇ 4,6 ਕਨਾਲਾਂ ਜਾਂ ਹੱਦ ਕਿੱਲਾ, ਦੋ ਕਿੱਲੇ ਜ਼ਮੀਨ ਮੁਲ ਲੈ ਕੇ ਉਸ ਵਿਚੋਂ ਹੀ ਆਪਣਾ ਜੀਵਨ ਨਿਰਵਾਹ ਕਰਦੇ ਦੇਖੇ ਗਏ ਹਨ।ਉਨ੍ਹਾਂ ਕੋਲ ਨਾ ਵਹਾਈ ਦੇ ਆਪਣੇ ਸਾਧਨ ਹਨ ਤੇ ਨਾ ਪਾਣੀ ਦੇ ।ਉਹ ਫਿਰ ਵੀ ਉਸ ਸੀਮਤ ਖੇਤੀ ਵਿਚੋਂ ਹੀ ਆਪਣਾ ਡੰਗ ਟਪਾਈ ਕਰ ਰਹੇ ਹਨ ਤੇ ਕਦੇ ਖ਼ੁਦ ਕੁਸ਼ੀ ਦਾ ਮੌਕਾ ਨਹੀਂ ਆਇਆ।ਕੁਝ ਦਲਿਤ ਘਰਾਂ ਵਿਚ ਦੇਖਿਆ ਗਿਆ ਹੈ ਕਿ ਚਾਰ ਚਾਰ ਪੰਜ ਪੰਜ ਮੁਰਗੀਆਂ ਰਖ ਕੇ ਹੀ ਆਪਣੀ ਅੰਡਿਆਂ ਦੀ ਲੋੜ ਪੂਰੀ ਕਰ ਲਈ ਜਾਂਦੀ ਹੈ।

ਮੌਕਾ ਮਿਲਣ ਤੇ ਮੀਟ ਦੀ ਲੋੜ ਵੀ ਇਨ੍ਹਾਂ ਵਿਚੋਂ ਹੀ ਪੂਰੀ ਕਰ ਲੈਂਦੇ ਹਨ ਇਹ ਲੋਕ। ਪਰ ਜਾਤ ਹੰਕਾਰੀ ਜੱਟ ਕਦੇ ਅਜਿਹਾ ਨਹੀਂ ਕਰਦੇ ਹਾਲਾਂ ਕਿ ਇਨ੍ਹਾਂ ਪਾਸ ਥਾਂ ਦੀ ਵੀ ਕੋਈ ਕਮੀਂ ਨਹੀਂ ਹੁੰਦੀ।

ਪੰਜਾਬ ਵਿਚ ਜੱਟ ਮੁੰਡਿਆਂ ਨੂੰ ਕਦੇ ਕਿਸੇ ਨੇ ਹੱਥੀਂ ਕੰਮ ਕਰਦੇ ਨਹੀਂ ਦੇਖਿਆ ਇਹ ਲੋਕ ਹੱਥੀਂ ਕੰਮ ਕਰਨ ਨੂੰ ਹੇਠੀ ਸਮਝਣ ਲੱਗ ਪਏ ਹਨ। ਪਰ ਯੂਰਪੀਨ ਅਮਰੀਕਣ ਮੁਲਕਾਂ ਵਿਚ ਇਹੀ ਲੋਕ ਕਿੱਲਾ ਕਿੱਲਾ ਜ਼ਮੀਨ ਵੇਚ ਵੱਟ ਕੇ ਜਾ ਕੇ ਨੀਵੇਂ ਤੋਂ ਨੀਵੇਂ ਦਰਜੇ ਦੀ ਸਮਝੀ ਜਾਂਦੀ ਮਿਹਨਤ ਮਜ਼ਦੂਰੀ ਕਰਦੇ ਦੇਖੇ ਗਏ ਹਨ। ਪੰਜਾਬ ਵਿਚ ਇਨ੍ਹਾਂ ਦੀ ਹਾਲਤ ਦੇ ਨਿਘਾਰ ਦਾ ਇਕ ਕਾਰਨ ਇਹ ਵੀ ਹੈ।

ਧਾਨਾਂ ਦੀ ਪਰਾਲੀ, ਕਮਾਦ ਦੀ ਖੋਰੀ, ਕਪਾਹ ਨਰਮੇ ਦੀਆਂ ਛਿਟੀਆਂ ਜੋ ਕਿਸੇ ਸਮੇਂ ਮਜ਼ਦੂਰ ਲੋਕ ਮੁਫਤ ਵਿਚ ਖੇਤਾਂ ਵਿਚੋਂ ਲੈ ਜਾਂਦੇ ਸਨ, ਅੱਜ ਮੁੱਲ ਵਿਕਣ ਲੱਗੇ ਹਨ।ਕਣਕ ਦੀ ਤੂੜੀ ਦਿਨੋਂ ਦਿਨ ਮਹਿੰਗੀ ਹੁੰਦੀ ਜਾ ਰਹੀ ਹੈ। ਗੱਲ ਕੀ ਖੇਤੀ ਚੁੱਕਣ ਉਪਰੰਤ ਵੀ ਬਚੀ ਹੋਈ ਖੇਤੀ ਦੀ ਰਹਿੰਦ ਖੂੰਹਦ ਵੀ ਜੱਟ ਜ਼ਿਮੀਂਦਾਰ ਨੂੰ ਪੈਸੇ ਦਿੰਦੀ ਹੈ। ਅਜਿਹਾ ਕੋਈ ਜੱਟ ਪਰਿਵਾਰ ਨਹੀਂ ਹੈ ਜਿਸ ਨੇ ਪੰਜ ਸੱਤ ਮੱਝਾਂ ਨਾ ਰੱਖੀਆਂ ਹੋਣ। ਦੁੱਧ ਦਹੀਂ ਦੀਆਂ ਆਪਣੀਆਂ ਰੱਜਵੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਪਸ਼ੂਆਂ ਦਾ ਸਾਰਾ ਦੁਧ ਡੈਰੀਆਂ ਵਿਚ ਪਾ ਕੇ ਚੰਗੀ ਆਮਦਾਨ ਕਰ ਲਈ ਜਾਂਦੀ ਹੈ। ਪਸ਼ੂਆਂ ਦਾ ਗੋਹਾ ਜਾਂ ਤਾਂ ਪਾਥੀਆਂ ਬਣਵਾ ਕੇ ਵੇਚ ਦਿਤਾ ਜਾਂਦਾ ਹੈ ਜਾਂ ਆਮ ਜੱਟ ਘਰਾਂ ਵਿਚ ਗੋਬਰ ਗੈਸ ਪਲਾਂਟ ਲਗਵਾ ਕੇ ਗੈਸ ਦੇ ਰੂਪ ਵਿਚ ਵਰਤ ਕੇ ਬਾਕੀ ਬਚਿਆ ਫੋਕ ਫਿਰ ਵੀ ਦੇਸੀ ਰੇਹ ਦੇ ਕੰਮ ਆਉਂਦਾ ਹੈ। ਫਿਰ ਵੀ ਜੱਟ ਦੇ ਟੁੱਟੇ ਰਹਿਣ ਦੇ ਕਾਰਣ ਸਮਝ ਨਹੀਂ ਆਉਂਦੇ।

ਜੱਟ ਜ਼ਿਮੀਂਦਾਰ ਨੂੰ ਖਾਦ ਸਬਸਿਡੀ ਤੇ ਦਿੱਤੀ ਜਾਂਦੀ ਹੈ।ਫਸਲ ਚੁੱਕਣ ਦੀ ਗਰੰਟੀ ਸਰਕਾਰ ਦਿੰਦੀ ਹੈ। ਫਸਲ ਦਾ ਕੁਦਰਤੀ ਕਾਰਨਾ ਕਰ ਕੇ ਖਰਾਬਾ ਹੋ ਜਾਣ ਤੇ ਸਰਕਾਰ ਵਲੋਂ ਨੁਕਸਾਨ ਪੂਰਤੀ ਕੀਤੀ ਜਾਂਦੀ ਹੈ। ਟਿਊਬਵੈਲਾਂ ਵਾਸਤੇ ਬਿਜਲੀ ਮੁਫਤ ਦਿਤੀ ਜਾਂਦੀ ਹੈ। ਪਾਣੀ ਮੁਫਤ ਹੋਣ ਕਰ ਕੇ ਜੱਟ ਰੱਜ ਰਜ ਕੇ ਧਾਨ ਪਾਲਦਾ ਹੈ । ਇਕ ਸਮਾਂ ਸੀ ਕਿ ਇਕ ਖੇਤ ਵਿਚੋਂ ਜੱਟ ਸਾਲ ਭਰ ਵਿਚ ਕੇਵਲ ਇਕ ਹੀ ਫਸਲ ਲਿਆ ਕਰਦਾ ਸੀ । ਫਸਲ ਲੈ ਕੇ ਛੇ ਮਹੀਨੇ ਲਈ ਖੇਤ ਨੂੰ ਖਾਲੀ ਛੱਡ ਦੇਣਾ ਤਾਂ ਜੋ ਅੱਗੇ ਨੂੰ ਜ਼ਮੀਨ ਆਪਣੀ ਤਾਕਤ ਮੁੜ ਪੈਦਾ ਕਰ ਲਵੇ ਤੇ ਚੰਗੀ ਭਰਵੀਂ ਫਸਲ ਦੇ ਸਕੇ। ਅੱਜ ਉੱਨਤ ਕਿਸਮ ਦੇ ਬੀਜ, ਨਦੀਨ ਨਾਸ਼ਕ ਤੇ ਖੇਤੀ ਲਾਹੇਵੰਦੇ ਹੋਰ ਢੰਗ ਤਰੀਕੇ ਆ ਜਾਣ ਨਾਲ ਜੱਟ ਇਕ ਖੇਤ ਵਿਚੋਂ ਹੀ ਇਕੋ ਹੀ ਸਮੇਂ ਤਿੰਨ ਤਿੰਨ ਸਬਜ਼ੀਆਂ ਉਗਾਉਂਦਾ ਹੈ ਤੇ ਭਰਪੂਰ ਲਾਹਾ ਲੈਂਦਾ ਦੇਖਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਇਕ ਇਕ ਖੇਤ ਵਿਚੋਂ ਸੌਖੀਆਂ ਹੀ ਤਿੰਨ ਤਿੰਨ ਫਸਲਾਂ ਲੈ ਲੈਂਦਾ ਹੈ। ਕਣਕ ਮਗਰੋ ਝੋਨਾ ਤੇ ਝੋਨੇ ਮਗਰੋਂ ਮੱਕੀ। ਗੱਲ ਕੀ ਖੇਤ ਕਦੇ ਖਾਲੀ ਨਹੀਂ ਰੱਖੇ ਜਾਂਦੇ। ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਣ ਲਈ ਸਰਕਾਰ ਵਲੋਂ ਫਾਰਮੀ ਖਾਦ ਦੇ ਨਾਲ ਨਾਲ ਹੋਰ ਸੌ ਕਿਸਮ ਦੀਆਂ ਦਵਾਈਆਂ ਦੀ ਕਾਢ ਕਢੀ ਹੋਈ ਹੈ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਭੋਰਾ ਵੀ ਖੁਰਨ ਨਹੀਂ ਦਿੱਤਾ ਜਾਂਦਾ।

ਹੋਰ ਤਾਂ ਹੋਰ ਜੱਟਾਂ ਦੇ ਪੜ੍ਹੇ ਲਿਖੇ ਮੁੰਡੇ ਜ਼ਿਮੀਂਦਾਰੀ ਖੇਤੀ ਬਾੜੀ ਦੇ ਨਾਲ ਨਾਲ ਸਰਕਾਰੀ ਨੌਕਰੀਆਂ ਕਰਦੇ ਵੀ ਦੇਖੇ ਗਏ ਹਨ। ਇਸ ਤਰ੍ਹਾਂ ਦੁਹਰੀਆਂ ਤੇਹਰੀਆਂ ਕਮਾਈਆਂ ਕਰ ਲੈਂਦੇ ਹਨ। ਫਿਰ ਇਨ੍ਹਾਂ ਦੀ ਕਮਾਈ ਉਤੇ ਟੈਕਸ ਕੋਈ ਨਹੀਂ।ਇਸ ਤੋਂ ਵੀ ਉਲਟ ਹੋਰ ਇਹ ਕਿ ਸਰਕਾਰੀ ਨੌਕਰੀ ਕਰਦਾ ਜੱਟ ਪੁੱਤ ਕਦੇ ਆਮਦਨ ਟੈਕਸ ਦਿੰਦਾ ਨਹੀ ਦੇਖਿਆ ਗਿਆ।ਖੇਤੀ ਬਾੜੀ ਦੀ ਆਮਦਨ ਵਿਚੋਂ ਉਸ ਪਾਸ ਢੇਰ ਸਾਰੀ ਕਮਾਈ ਹੁੰਦੀ ਹੈ।

ਸਾਧਨ ਸੰਪੰਨ ਹੋਣ ਕਰ ਕੇ ਵੱਧ ਤੋਂ ਵੱਧ ਰਕਮ ਖੇਤੀ ਆਮਦਨ ਵਿਚੋਂ ਸਰਕਾਰੀ ਬੱਚਤ ਖਾਤੇ ਲਾ ਕੇ ਨੌਕਰੀ ਦੀ ਆਮਦਾਨ ਤੇ ਆਮਦਨ ਟੈਕਸ ਛੋਟ ਪ੍ਰਾਪਤ ਕਰਦੇ ਜੱਟ ਪੁੱਤ ਆਮ ਦੇਖੇ ਗਏ ਹਨ। ਫਿਰ ਵੀ ਜੱਟ ਕਿਸਾਨ ਖੁਦ ਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ ਤਾਂ ਸਰਕਾਰ ਨੂੰ ਈਮਾਨਦਾਰੀ ਨਾਲ ਕਾਰਣ ਜਾਨਣੇ ਚਾਹੀਦੇ ਹਨ। ਇਹ ਨਹੀ ਕਿ ਬੰਦਾ ਖ਼ੁਦਕੁਸ਼ੀ ਕਰ ਗਿਆ ਹੈ ਤੇ ਅਗਲੇ ਦਿਨ ਦੋ ਲੱਖ ਦੀ ਥੈਲੀ ਲੈ ਕੇ ਵੱਡਾ ਸਾਰਾ ਲਾਮ ਲਸ਼ਕਰ ਲੈ ਕੇ ਸਰਕਾਰ ਉਸ ਦੇ ਘਰ ਪਹੁੰਚ ਜਾਵੇ ਤਾਂ ਜੋ ਉਸ ਪਿੰਡ ਦਾ ਵੋਟ ਬੈਂਕ ਤਾਂ ਇਸ ਹੀਲੇ ਪੱਕਾ ਹੋ ਹੀ ਜਾਵੇ।

ਬਜਾਏ ਇਸ ਗੱਲ ਦੇ ਕਿ ਇਨ੍ਹਾਂ ਖੁਦਕੁਸ਼ੀਆਂ ਪਿਛੇ ਵਰਤ ਰਹੇ ਅਸਲੀ ਕਾਰਣਾ ਦਾ ਪਤਾ ਲਾ ਕੇ ਯੋਗ ਹੱਲ ਕੀਤਾ ਜਾਵੇ ਸਰਕਾਰ ਖੁਦਕੁਸ਼ੀ ਕਰ ਚੁੱਕੇ ਜੱਟ ਦੇ ਘਰ ਮੁਆਵਜ਼ੇ ਦਾ ਪੈਸਾ ਪਹੁੰਚਾਉਣ ਵਿਚ ਜ਼ਿਆਦਾ ਤੱਤਪਰ ਲਗਦੀ ਹੈ ਕਿਉਂਕਿ ਇਸ ਨਾਲ ਪਾਰਟੀ ਦਾ ਵੋਟ ਬੈਂਕ ਪੱਕਾ ਹੁੰਦਾ ਹੈ। ਨਾਲੇ ਪੁੰਨ ਨਾਲੇ ਫਲੀਆਂ। ਪੈਸਾ ਸਰਕਾਰ ਦਾ ਮੁਨਾਫਾ ਆਪਣਾ।



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈਂਡਜ਼ ਇੰਨਕਲੇਵ, ਹੁਸ਼ਿਆਰਪੁਰ
singhdarshan1362@gmail.com

# ਦੇਸ਼ ਦੁਆਬਾ ਦੇ ਕੰਧ ਚਿੱਤਰ -3 / ਰਾਧਾ ਕ੍ਰਿਸ਼ਨ ਮੰਦਿਰ ਦੇ ਕੰਧ-ਚਿੱਤਰ

**ਸਥਿਤੀ :**-ਇਹ ਮੰਦਿਰ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਿਸ਼ਨ ਕੋਟ ਵਿੱਚ ਹੈ ਜੋ ਸ਼੍ਰੀ ਹਰਗੋਬਿੰਦਪੁਰ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ਨੂੰ ਜਾਂਦੀ ਸੜਕ ਉੱਤੇ ਸਥਿਤ ਹੈ।ਇਹ ਪਿੰਡ ਮੁੱਖ ਸੜਕ ਤੋਂ ਸੱਜੇ ਪਾਸੇ ਨੂੰ ਜਾਂਦੀ ਲਿੰਕ ਰੋੜ 'ਤੇ ਕੋਈ ਦੋ ਕਿਲੋ ਮੀਟਰ ਦੀ ਦੂਰੀ 'ਤੇ ਹੈ।ਇਹ ਮੰਦਿਰ ਪੂਰਨ ਤੌਰ 'ਤੇ ਕੰਧ-ਚਿੱਤਰਾਂ ਅਤੇ ਡਿਜ਼ਾਇਨਾਂ ਨਾਲ ਸੱਜਿਆ ਹੋਇਆ ਹੈ ਵਿਸ਼ੇ :-ਇਹਨਾਂ ਚਿੱਤਰਾਂ ਦੇ ਵਿਸ਼ੇ ਹਿੰਦੂ ਇਤਿਹਾਸ-ਮਿਥਹਾਸ, ਸਿੱਖ ਗੁਰੂ ਸਾਹਿਬਾਨਾਂ, ਰਾਜਿਆਂ, ਸਾਧੂਆਂ, ਜੰਗਾਂ- ਜੁੱਧਾਂ ਭਜਨ ਮੰਡਲੀਆਂ, ਸੰਗੀਤਕਾਰਾਂ, ਦਵਾਰਪਾਲ ਰੱਖਵਾਲਿਆਂ, ਪਰੀਆਂ, ਰਾਗ-ਰਾਗਨੀਆਂ ਆਦਿ ਦੇ ਹੈ।ਇਨ੍ਹਾਂ ਚਿੱਤਰਾਂ ਵਿੱਚ ਡਿਜ਼ਾਇਨ, ਪੋਰਟਰੇਟ, ਲਘੂ, ਵੱਡ- ਆਕਾਰੀ ਚਿੱਤਰ ਆਦਿ ਦੇਖਣ ਨੂੰ ਮਿਲਦੇ ਹਨ।

**ਇਮਾਰਤ ਅਤੇ ਚਿੱਤਰਕਲਾ :**-ਇਸ ਮੰਦਿਰ ਦੀ ਇਮਾਰਤ ਬੜੀ ਮਜਬੂਤ ਅਤੇ ਚੰਗੀ ਹਾਲਤ ਦੀ ਹੈ ਅਤੇ ਇਸ ਦੇ ਅੱਗੇ ਲਗਪਗ ਸੱਤ ਫੁੱਟ ਚੌੜਾ ਬਰਾਂਮਦਾ ਵੀ ਕੰਧ-ਚਿੱਤਰਾਂ ਨਾਲ ਸਜਾਇਆ ਹੋਇਆ ਹੈ।।ਜਿਸ ਦਾ ਮੁੱਖ ਦੁਵਾਰ ਪੱਛਮ ਵੱਲ ਨੂੰ ਹੈ। ਇਹ ਮੰਦਿਰ ਚਾਰਦਵਾਰੀ ਵਿੱਚ ਹੈ ਜਿਸ ਦਾ ਆਮ ਪ੍ਰਵੇਸ਼ ਦਵਾਰ ਉੱਤਰ ਵਾਲੇ ਪਾਸੇ ਖੁੱਲਦਾ ਹੈ।

ਵੱਡੇ ਕਮਰੇ ਵਿੱਚ ਇੱਕ ਛੋਟਾ ਕਮਰਾ ਹੈ ਜਿਸ ਵਿੱਚ ਸ਼੍ਰੀ ਕ੍ਰਿਸ਼ਨ ਜੀ ਅਤੇ ਰਾਧਾ ਜੀ ਦੀਆਂ ਮੂਰਤੀਆਂ ਸੁਸ਼ੋਬਤ ਹਨ।ਇਸ ਕਮਰੇ ਵਿੱਚ ਸਫ਼ੈਦੀ ਕੀਤੀ ਹੋਈ ਹੈ। ਇੱਕ ਅਨੁਮਾਨ ਅਨੁਸਾਰ ਕਿ ਇਸ ਵਿੱਚ ਵੀ ਕੰਧ-ਚਿੱਤਰ ਜਰੂਰ ਹੋਣਗੇ ਹ ਸਕਦਾ ਹੈ ਕਿ ਮੰਦਿਰ ਦੀ ਰੈਨੋਵੇਸ਼ਨ ਕਰਨ ਸਮੇਂ ਇਨ੍ਹਾਂ ਉੱਤੇ ਸਫ਼ੈਦੀ ਕਰ ਦਿੱਤੀ ਹੋਵੇਗੀ। ਇਸ ਮੰਦਿਰ ਦੀਆਂ ਕੰਧਾਂ ਉੱਤੇ ਸੌ ਤੇ ਵੀ ਵੱਧ ਚਿੱਤਰ ਦੇਖਣ ਨੂੰ ਮਿਲਦੇ ਹਨ। ਇਹ ਮੰਦਿਰ ਜਲੰਧਰ ਸ਼ਹਿਰ ਦੇ ਇਕ ਰਈਸ ਨੇ ਬੜੀ ਸ਼ਰਧਾ ਭਾਵਨਾ ਨਾਲ਼ ਬਣਾਇਆ ਸੀ। ਉਹ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵਿੱਤ ਵਿਭਾਗ ਵਿੱਚ ਚੰਗੇ ਅਹੁਦੇ 'ਤੇ ਕੰਮ ਕਰਦਾ ਸੀ। ਅੱਜ ਕੱਲ ਇਸ ਮੰਦਿਰ ਦੀ ਦੇਖ-ਭਾਲ਼, ਇਥੋਂ ਦਾ ਇੱਕ ਪਰਿਵਾਰ ਕਰਦਾ ਹੈ।

ਜਿਵੇਂ ਕਿ ਇਸ ਮੰਦਿਰ ਦਾ ਨਾਮ 'ਰਾਧਾ ਕ੍ਰਿਸ਼ਨ ਮੰਦਿਰ' ਹੈ। ਇਸ ਵਾਸਤੇ ਇਸ ਮੰਦਿਰ ਵਿੱਚ ਇਨ੍ਹਾਂ ਦੇ ਜਿਆਦਾਤਰ ਚਿੱਤਰ ਹਨ ਜੋ ਜੀਵਨ ਦੇ ਹਰ ਪਹਿਲੂ ਨੂੰ ਦਰਾਉਂਦੇ ਹਨ।ਇਸ ਮੰਦਿਰ ਦੀ ਪੱਛਮੀ ਦਿਸ਼ਾ ਵਿੱਚ ਇੱਕ ਬਰਾਂਡਾ ਹੈ। ਜਿਸ ਦੀਆਂ ਤਿੰਨੋਂ ਕੰਧਾਂ ਉੱਤੇ ਹਿੰਦੂ ਮਿੱਥ ਅਨੁਸਾਰ ਚਿੱਤਰ ਬਣੇ ਹੋਏ ਹਨ; ਇਸ ਬਰਾਂਮਦੇ ਦੀ ਉੱਤਰੀ ਕੰਧ ਉੱਪਰ ਰਾਧਾ ਕ੍ਰਿਸ਼ਨ ਜੀ ਦਾ ਵੱਡ-ਆਕਾਰ ਚਿੱਤਰ ਪੂਰੀ ਕੰਧ ਉੱਪਰ ਸਚਿੱਤਰਿਤ ਕੀਤਾ ਹੋਈਆਂ ਹੈ। ਇਸ ਕੰਧਾਂ ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਜੀ ਬੜੀ ਮਧੁਰ ਆਵਾਜ਼ ਵਿੱਚ ਬਾਂਸੁਰੀ ਬਜਾ ਰਹੇ ਹਨ ਅਤੇ ਰਾਧਾ ਜੀ ਉਨ੍ਹਾਂ ਦੇ ਪ੍ਰੇਮ ਰਸ ਵਿੱਚ ਰੰਗੇ, ਸੁਣ ਰਹੇ ਹਨ।ਇਸ ਚਿੱਤਰ ਦੀ ਪਿੱਠ- ਭੂਮੀ ਵਿੱਚ ਕਲਾਕਾਰ ਨੇ ਮਨਮੋਹਕ ਭੂ-ਦ੍ਰਿਸ਼ ਚਿੱਤਰਿਆ ਹੈ।

ਘਮਾਸਾਣ ਲੜਾਈ ਨੂੰ ਦਰਸਾਉਂਦਾ ਇਹ ਕੰਧ-ਚਿੱਤਰ ਦਾ ਵਿਸ਼ਾ ਮੰਦਿਰ ਨਾ਼ਲ ਸਬੰਧ ਵਿਸ਼ਿਆਂ ਤੋਂ ਵੱਖਰਾ ਪਾਇਆ ਗਿਆ। ਲੜਾਈ ਨੂੰ ਦਰਸਾਓਂਦੇ ਦੋ ਚਿੱਤਰ ਇੱਥੋਂ ਪ੍ਰਾਪਤ ਹੋਏ ਹਨ। ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਸਿੱਖ ਕਾਲ ਸਮੇਂ ਹੋਈਆਂ ਲੜਾਈਆਂ ਨਾਲ ਤਾਲੁਕ ਰੱਖਦੇ ਹਨ। ਜਿਸ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਾਸ਼ਨ ਕਾਲ ਨਾਲ ਜਾ ਮਿਲਦਾ ਹੈ। ਇਸ ਚਿੱਤਰ ਵਿੱਚ ਅੰਗਰੇਜੀ ਸਿਪਾਹੀਆਂ, ਜਿਵੇਂ ਕਿ ਉਨ੍ਹਾਂ ਦੀ ਲੜਾਕੂ ਵਰਦੀ ਤੋਂ ਹੀ ਪਤਾ ਲੱਗਦਾ ਹੈ, ਨੂੰ ਪੈਦਲ ਅਤੇ ਘੋੜਿਆਂ ਉੱਤੇ ਦੁਸ਼ਮਣ ਦੀ ਫੌਜ਼ 'ਤੇ ਹਮਲਾ ਕਰਨ ਲਈ ਦੌੜੇ ਜਾਂਦੇ ਦਿਖਾਇਆ ਹੈ। ਚਿੱਤਰ ਦੀ ਅਗਲੀ ਭੂਮੀ ਵਿੱਚ ਤਿੰਨ ਆਰੀਤੀਆਂ ਬਾਰੂਦੀ ਤੋਪ ਨੂੰ ਪੂਰੇ ਜੋਰ ਨਾਲ ਅੱਗੇ ਧੱਕੇਲਦੇ ਹੋਏ ਦਿਖਾਇਆ ਹੈ ਤੇ ਇੱਕ ਸਿਪਾਹੀ ਉਨ੍ਹਾਂ ਦੀ ਆਗਵਾਈ ਕਰ ਰਿਹਾ ਪਿੱਛਾ ਵੱਲ ਨੂੰ ਮੂੰਹ ਕਰੇ ਉਨ੍ਹਾਂ ਨੂੰ ਅੱਗੇ ਵੱਧਣ ਲਈ ਹੱਲਾਸ਼ੇਰੀ ਦੇ ਰਿਹਾ ਹੈ।

ਕਲਾਕਾਰ ਨੇ ਇਸ ਸਾਰੇ ਦ੍ਰਿਸ਼ ਨੂੰ ਭੂਮੀ ਉੱਤੇ ਹੀ ਚਿੱਤਰਿਆ ਹੈ।

ਸਿਪਾਹੀਆਂ ਨੇ ਘੋੜਿਆਂ ਨੂ ਪੂਰੀ ਯੁੱਧ ਕਲਾ ਸ਼ਕਤੀ ਨਾਲ ਦੌੜਾਇਆ ਹੋਇਆ ਹੈ। ਵਿਚਕਾਰ ਵਾਲੇ ਘੋੜੇ ਉੱਤੇ ਇੱਕ ਅੰਗਰੇਜ਼ ਅਫ਼ਸਰ ਸਵਾਰ ਹੈ ਜਦਕਿ ਦੂਸਰੇ ਘੋੜੇ ਵੀ ਪੂਰੀ ਹਰਕਤ ਵਿੱਚ ਹਨ ਪਰ ਉਹ ਉੱਪਰਲੀ ਭੂਮੀ ਵਿੱਚ ਚਿਤਰੇ ਹੋਣ ਕਰਕੇ ਉਨ੍ਹਾਂ ਉੱਪਰਲੇ ਸਵਾਰ ਨਹੀਂ ਦਿੱਸਦੇ।ਇਸ ਚਿੱਤਰ ਵਿੱਚ ਆਕਾਸ਼ ਨਹੀਂ ਦਿਖਾਇਆ।

ਜਮੀਨ ਵਿੱਚ ਕਲਾਕਾਰ ਨੇ ਹਰੇ, ਨੀਲੇ, ਗੁਲਾਬੀ ਭੁਰੇ, ਕਾਲੇ ਆਦਿ ਰੰਗਾਂ ਨੂੰ ਮਿਡਲ ਟੋਨ ਵਿੱਚ ਵਰਤਿਆ ਹੈ ਜਦਕਿ ਇਨ੍ਹਾਂ ਹੀ ਰੰਗਾਂ ਨੂੰ ਗੂੜਿਆਂ ਕਰਕੇ ਆਕਰੀਤੀਆਂ ਵਿੱਚ ਅਤੇ ਉਨ੍ਹਾਂ ਦੇ ਕੱਪੜਿਆਂ ਵਿੱਚ ਵਰਤੇ ਹਨ। ਇਸ ਚਿੱਤਰ ਵਿੱਚ ਕਲਾਕਾਰ ਨੇ ਘੋੜਿਆਂ ਅਤੇ ਸੈਨਿਕਾਂ ਵਿੱਚ ਮੂਮੈਂਟ ਅਤੇ ਮੂਵਮੈਂਟ ਨੂੰ ਬੜੀ ਸਿਆਣਪ ਨਾਲ ਚਿੱਤਰਿਆ ਹੈ। ਜਿਸ ਨੂੰ ਰਚਨਾ ਦਾ ਇੱਕ ਪ੍ਰਮੁੱਖ ਗੁਣ ਮੰਨਿਆ ਜਾਂਦਾ ਹੈ।ਇਸ ਰਚਨਾ ਦਾ ਸਮੁੱਚਾ ਪ੍ਰਭਾਵ ਇੱਕਸੁਰਤਾ ਪੈਦਾ ਕਰਦਾ ਹੈ।

ਮੰਦਿਰ ਦੀਆਂ ਕੰਧਾਂ ਉੱਪਰ ਡਿਜ਼ਾਇਨਾਂ ਦੇ ਅਤੀ ਸੁੰਦਰ ਨਮੂਨੇ ਹਨ ਜੋ ਚਿੱਤਰਾਂ ਨੂੰ ਵੱਖੋ-ਵੱਖਰੇ ਕਰਦੇ ਹਨ। ਚਿੱਤਰਾਂ ਦੇ ਬਾਰਡਰ ਅਤੀ ਸੁੰਦਰ ਡਿਜਾਇਨਾਂ ਨਾ਼ਲ ਸੁਸਜਿਤ ਕੀਤੇ ਹੋਏ ਹਨ।ਇਥੇ ਪਰਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਕਲਾਕਾਰਾਂ ਨੇ ਜਿੱਥੇ ਕੰਧਾਂ 'ਤੇ ਬੜੀ ਸ਼ਿੱਦਤ ਨਾਲ ਚਿੱਤਰ ਤਿਅਰ ਕੀਤੇ ਹਨ ਉੱਥੇ ਇਨ੍ਹਾਂ ਦੇ ਦੁਆਲੇ ਡਿਜ਼ਾਇਨਾਂ ਨਾਲ ਤਿਆਰ ਕੀਤੇ ਬਾਰਡਰ ਵੀ ਬੜੀ ਮਿਹਨਤ ਨਾ਼ਲ ਅਤੀ ਸੁੰਦਰ ਤਿਆਰ ਕੀਤੇ ਗਏ ਹਨ ।

ਜਿਵੇਂ ਇਸ ਰਾਗ ਰਾਗਣੀ ਚਿੱਤਰ ਦੇ ਦੁਆਲੇ ਸਫ਼ੈਦ ਪਿੱਠ ਭੂਮੀ ਉੱਤੇ ਲਾਲ ਫੁਲਾਂ ਅਤੇ ਹਰੀਆਂ ਪੱਤੀਆਂ ਨੂੰ ਬੜੀਆਂ ਸੁੰਦਰ ਗੁਲਾਈਦਾਰ ਪਤਲੀਆਂ ਡੰਡੀਅ ਬਾਰਡਰ ਤਿਆਰ ਕੀਤਾ ਗਿਆ ਹੈ। ਇਸ ਦੇ ਅੰਦਰ ਨੀਲੀਆਂ ਅਤੇ ਗੂੜੇ ਲਾਲ ਰੰਗ ਦੀਆਂ ਸਿੱਧੀਆਂ ਰੇਖਾਵਾਂ ਨਾਲ, ਵਿਚਕਾਰ ਵਾ਼ਲੀ ਆਕਰੀਤੀ ਨੂੰ ਬਾਰਡਰ ਕੀਤਾ ਗਿਆ ਜਿਸ ਦੇ ਉੱਪਰ ਮਹਿਰਾਵ ਰੂਪੀ ਸ਼ਕਲ ਦਾ ਬਾਰਡਰ ਬਣਾ ਕੇ ਉਸ ਵਿਚਲੀ ਥਾਂ ਨੂੰ ਗੂੜੀ ਪਿੱਠ ਭੂਮੀ ਉੱਤੇ ਸਫੈਦ ਫੁੱਲਾਂ ਨਾਲ ਬੜੇ ਸੁੰਦਰ ਢੰਗ ਨਾ਼ਲ ਡਿਜ਼ਾਇਨ ਤਿਆਰ ਕੀਤਾ ਹੋਇਆ ਹੈ।

ਆਰਕੀਟੈਚਰਲ ਕੰਪੋਜੀਸ਼ਨ ਦੀ ਪਿੱਠ ਭੂਮੀ ਵਿੱਚ ਦੂਰ ਤੱਕ ਭੂ-ਦ੍ਰਿਸ਼ ਦਿਖਾਇਆ ਗਿਆ ਹੈ।ਮੂਹਰਲੀ ਭੂਮੀ ਵਿੱਚ ਅਤੀ ਸੁੰਦਰ ਡਿਜਾਇਨਦਾਰ ਕਾਲੀਨ ਉੱਤੇ ਸਫ਼ੇਦ ਚੌਕੀ ਹੈ ਜਿਸ ਨੂੰ ਫਿਰ ਡਿਜ਼ਾਇਨ ਨਾਲ ਸਜਾਇਆ ਗਿਆ ਹੈ ਓਤੇ ਇਸ ਉੱਤੇ ਰਾਗਣੀ ਨੂੰ ਪ੍ਰਗਟ ਕਰਦੀ ਇੱਕ ਜਵਾਨ ਇਸਤਰੀ ਸਿਤਾਰ ਬਜਾਉਂਦੀ ਹੋਈ ਬੜੀ ਗੰਭੀਰ ਮੁਦਰਾ ਵਿੱਚ ਚਿਤਰੀ ਹੋਈ ਹੈ।ਇਸ ਦੇ ਇੱਕ ਪਾਸੜ ਚਿਹਰੇ ਉੱਤੇ ਸੁਨਹਿਰੀ ਜੜਤ ਵਾਲਾ ਤਾਜ ਹੈ। ਵਾ਼ਲ ਲੰਬੇ ਅਤੇ ਘਣੇ ਕਾਲੇ ਹਨ।ਇਸ ਦੇ ਬਸਤਰ ਫਿਰੋਜੀ, ਗੂੜੇ ਲਾਲ,ਪੀ਼ਲੇ ਆਦਿ ਰੰਗਾਂ ਵਿੱਚ ਤਿਆਰ ਕੀਤੇ ਗਏ ਹਨ। ਜਿਨ੍ਹਾਂ ਦੇ ਪੱਲਿਆ ਨੂੰ ਸੁੰਦਰ ਡਿਜਾਇਨਾਂ ਨਾਲ ਸਜਾਇਆ ਹੋਇਆ ਹੈ। ਗੰਭੀਰ ਮੁਦਰਾ ਵਿੱਚ ਇੱਕ ਇਸਤਰੀ ਸਿਤਾਰ ਵਾਦਨ ਕਰ ਰਹੀ ਹੈ।

ਇਸ ਦੇ ਹੱਥਾਂ, ਪੈਰਾਂ, ਕੰਨਾਂ ਆਦਿ ਵਿੱਚ ਵੀ ਗਹਿਣੇ ਪਾਏ ਹੋਏ ਹਨ।ਇਸ ਪ੍ਰਕਾਰ ਕਲਾਕਾਰ ਨੇ ਸਾਰੇ ਚਿੱਤਰ ਵਿੱਚ ਬਰਾਬਰਤਾ ਦੇ ਗੁਣ ਨਾਲ ਇਕਸੁਰਤਾ ਅਤੇ ਇਕਸਾਰਤਾ ਪੂਰਨ ਤੌਰ 'ਤੇ ਪੈਦਾ ਕੀਤੀ ਹੋਈ ਹੈ।

**ਕਲਾ ਸ਼ੈਲੀ:**-ਇਹ ਚਿੱਤਰ ਇੱਕ ਖ਼ਾਸ ਪਰਪੱਖ ਕੰਧ-ਚਿੱਤਰ ਰੂਪ ਵਿੱਚ ਸਚਿਤਰਤ ਕੀਤੇ ਹੋਏ ਹਨ; ਜਿਨ੍ਹਾਂ ਵਿੱਚ ਉੱਚ-ਕੋਟੀ ਦੀ ਰੇਖਾ ਅਤੇ ਰੰਗਾਂ ਦਾ ਕਲਾਕਾਰ ਨੇ ਬੜੀ ਸੂਝ-ਬੂਝ ਨਾਲ ਇਸਤੇਮਾਲ ਕੀਤਾ ਹੈ।ਉਸ ਨੇ ਲਾਲ, ਪੀਲੇ, ਨੀਲੇ, ਭੂਰੇ, ਹਰੇ ਆਦਿ ਰੰਗਾਂ ਦਾ ਇਸਤੇਮਾਲ ਕੀਤਾ ਹੈ।ਮਨੁੱਖੇ ਸਰੀਰ ਦੇ ਅੰਗਾਂ ਜਿਵੇਂ ਹੱਥ, ਪੈਰ, ਨੈਣ-ਨਕਸ਼, ਸਰੀਰ ਦੀ ਗੋਲਾਈ, ਮੋਟਾਈ, ਲੰਬਾਈ ਆਦਿ ਬੜੀ ਸਿਆਣਪ ਨਾਲ ਚਿੱਤਰੇ ਹਨ।ਲੱਗਪਗ ਸਾਰੇ ਵਿਸ਼ਿਆਂ ਦੇ ਚਿੱਤਰਾਂ ਵਿੱਚ( ਖਾਸ ਤੌਰ 'ਤੇ ਜੰਗਾਂ ਯੁਧਾਂ ਦੇ ਚਿੱਤਰ) ਗਤੀ ਨੂੰ ਪ੍ਰਧਾਨਤਾ ਦਿੱਤੀ ਗਈ ਹੈ।

ਅੰਤ ਵਿੱਚ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਸ ਮੰਦਿਰ ਵਿੱਚ ਕਲਾ ਦਾ ਵੱਡਾ ਭੰਡਾਰ ਹੈ। ਵੱਖ ਵੱਖ ਵਿਸ਼ਿਆਂ ਉੱਤੇ ਕਲਾਕਾਰਾਂ ਨੇ ਬੜੀ ਨਿਸ਼ਠਾ ਨਾਲ ਚਿੱਤਰ ਬਣਾਏ ਜੋ ਰੰਗ ਰੂਪ ਅਤੇ ਆਕਾਰਾਂ ਵਿੱਚ ਆਪਣੀ ਪਹਿਚਾਣ ਆਪ ਕਰਾਉਂਦੇ ਹਨ।



ਮੰਦਿਰ ਦਾ ਦ੍ਰਿਸ਼



ਮੰਦਿਰ ਵਿੱਚ ਸਸ਼ੋਬਤ ਸ਼੍ਰੀ ਰਾਧਾ ਕ੍ਰਿਸ਼ਨ ਜੀ ਦੀਆਂ ਮੂਰਤੀਆਂ



ਪੰਡ ਕਿਸ਼ਨ ਕੋਟ ਵਿਖੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਿਰ ਦੇ ਅੱਗੇ ਖੜੇ ਲੇਖਕ ਅਤੇ ਲੇਖਿਕਾ (ਪਤਨੀ)



ਲੜਾਈ ਨੂੰ ਦਰਸਾਉਦਾ ਕੰਧ-ਚਿੱਤਰ



ਚਿੱਤਰ ਦੇ ਦੁਆਲੇ ਬਣਿਆ ਡਿਜ਼ਾਇਨਦਾਰ ਬਾਰਡਰ

# ਸਾਹਿਤ ਦੀ ਸਰਬ ਕਲਾ ਸਮਰੱਥ 'ਅੰਮ੍ਰਿਤਾ ਪ੍ਰੀਤਮ'

ਅੰਮ੍ਰਿਤਾ ਪ੍ਰੀਤਮ ਦਾ ਨਾਂ ਪੂਰੀ ਦੁਨੀਆ ਚ' ਮਸ਼ਹੂਰ ਕਵਿਤਰੀਆਂ ਚ ਲਿਆ ਜਾਂਦਾ ਹੈ, ਪਰ ਉਹ ਇੱਕ ਸਫ਼ਲ ਕਵਿਤਰੀ ਹੀ ਨਹੀਂ ਬਲਕਿ ਇੱਕ ਸਫਲ ਨਾਵਲਕਾਰ, ਕਹਾਣੀਕਾਰ, ਸਵੈ-ਜੀਵਨੀਕਾਰ, ਨਿਬੰਧਕਾਰ ਅਤੇ ਸਫ਼ਰਨਾਮਾ ਲੇਖਕਾਂ ਵੀ ਸੀ।ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 'ਚ ਗੁਜਰਾਂਵਾਲਾ (ਅੱਜ ਕੱਲ ਪਾਕਿਸਤਾਨ ਚ') ਵਿਖੇ ਪਿਤਾ ਸ: ਕਰਤਾਰ ਸਿੰਘ ਹਿਤਕਾਰੀ ਅਤੇ ਮਾਤਾ ਰਾਜ ਕੌਰ ਦੀ ਕੁੱਖੋਂ ਹੋਇਆ ।ਗਿਆਰਾਂ ਸਾਲ ਦੀ ਉਮਰ ਵਿੱਚ ਹੀ ਉਹਨਾਂ ਦੀ ਮਾਤਾ ਦਾ ਦਿਹਾਤ ਹੋ ਗਿਆ। ਉਸ ਤੋ ਬਾਅਦ ਉਹ ਆਪਣੇ ਪਿਤਾ ਨਾਲ ਲਹੌਰ ਚ' ਰਹਿਣ ਲੱਗੀ। ਅੰਮ੍ਰਿਤ ਨੇ 1933 ਚ' ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਤੇ ਇਸੇ ਉਮਰ ਵਿੱਚ ਉਸ ਨੇ ਆਪਣਾ ਨਾਤਾ ਸਾਹਿਤ ਨਾਲ ਜੋ ਜੋੜ ਲਿਆ ਅੰਮ੍ਰਿਤਾ ਨੂੰ ਪੰਜਾਬੀ ਸਾਹਿਤ ਦੀ ਚੇਟਕ ਘਰ ਚ' ਹੀ ਲੱਗੀ, ਕਿਉਂਕਿ ਉਸ ਦੇ ਪਿਤਾ ਸ: ਕਰਤਾਰ ਸਿੰਘ ਹਿਤਕਾਰੀ (ਰਣਜੀਤ ਨਗਾਰਾ) ਨਾਂ ਦਾ ਰਸਾਲਾ ਕੱਢਦੇ ਸਨ। ਅੰਮ੍ਰਿਤਾ ਨੂੰ ਫੋਟੋਗ੍ਰਾਫੀ, ਨ੍ਰਿਤ, ਸੰਗੀਤ ਨਾਲ ਵੀ ਬੇਹੱਦ ਲਗਾਓ ਸੀ।

1935 ਚ' ਠੰਢੀਆਂ ਕਿਰਨਾਂ, ਪੁਸਤਕ ਨਾਲ ਉਸ ਦਾ ਕਾਵਿਕ 17 ਸਾਲ ਦੀ ਉਮਰ ਵਿੱਚ (1 ਦਸੰਬਰ 1936 ਨੂੰ) ਆਇਆ। ਅੰਮ੍ਰਿਤਾ ਦਾ ਵਿਆਹ ਸ: ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ, ਫਿਰ ਅੰਮ੍ਰਿਤਾ ਦੀ ਕੁੱਖੋਂ ਨਵਰਾਜ (ਬੇਟਾ) ਅਤੇ ਕੰਦਲਾ(ਬੇਟੀ) ਨੇ ਜਨਮ ਲਿਆ । ਵਿਆਹ ਤੋ 2 ਸਾਲ ਬਾਅਦ ਅੰਮ੍ਰਿਤਾ ਨੇ ਆਪਣੇ ਨਾਂ ਨਾਲ ਆਪਣੇ ਪਤੀ ਪ੍ਰੀਤਮ ਦਾ ਨਾਂ ਜੋੜ ਲਿਆ ਤੇ ਉਸ ਦਾ ਨਾਂ ਅੰਮ੍ਰਿਤਾ ਪ੍ਰੀਤਮ ਪੈ ਗਿਆ। ਇਸ ਨਾਂ ਨਾਲ ਅਜ ਉਹ ਸਮੁੱਚੇ ਸਾਹਿਤ ਜਗਤ ਵਿੱਚ ਜਾਣੀ ਜਾਂਦੀ ਹੈ।ਅੰਮ੍ਰਿਤਾ ਪ੍ਰੀਤਮ ਸ਼ਿਰੋਮਣੀ, ਸਿਰਮੌਰ ਕਵਿੱਤਰੀ ਤੇ ਸਾਹਿਤ ਖੇਤਰ ਵਿੱਚ ਸਿਖਰ ਤੇ ਰਹੀ। ਉਸ ਨੇ ਸਾਹਿਤ ਦੇ ਵਿਭਿੰਨ ਰੂਪਾਂ ਤੇ ਅੰਗਰੇਜ਼ੀ, ਹਿੰਦੀ, ਰੂਸੀ, ਅਲਬਾਨੀਅਨ, ਉਰਦੂ, ਮਰਾਠੀ, ਸਿੰਧੀ, ਬੰਗਾਲੀ, ਗੁਜਰਾਤੀ, ਬੁਲਗਾਰੀਅਨ,



ਕੰਨੜ ਆਦਿ ਭਾਸ਼ਾਵਾਂ ਚ' ਲਿਖਿਆ ।

ਅੰਮ੍ਰਿਤਾ ਨੇ ਜਲਿਆ ਵਾਲਾ ਕਾਂਡ, ਅਜ਼ਾਦੀ ਦੀ ਜੰਗ, 1947 ਦੀ ਵੰਡ, ਸਮਾਜਿਕ, ਸੱਭਿਆਚਾਰਕ ਤਬਦੀਲੀਆਂ, ਜੁਝਾਰਵਾਦ, ਪ੍ਰਯੋਗਵਾਦ, ਨਵ-ਸਾਮਰਾਜਵਾਦ ਆਦਿ ਲਹਿਰਾ ਨੂੰ ਬੜਾ ਨੇੜੇ ਤੋ ਤੱਕਿਆ ਤੇ ਆਪਣੀਆਂ ਕਵਿਤਾਵਾਂ 'ਚ ਉਤਾਰਿਆ।ਉਹ ਲੋਕ ਭਲਾਈ ਕੰਮਾਂ ਚ' ਵੀ ਜੁਟੀ ਰਹੀ।ਅੰਮ੍ਰਿਤਾ ਨੂੰ ਪਦਮਸ੍ਰੀ, ਪਦਮ ਵਿਭੂਸ਼ਣ, ਪੰਜਾਬ ਰਤਨ ਐਵਾਰਡ, ਸਾਹਿਤ ਅਕੈਡਮੀ ਐਵਾਰਡ, ਸਾਹਿਤ ਅਕੈਡਮੀ ਫੈਲੋਸ਼ਿੱਪ, ਡੀ-ਲਿਟ, ਵਿਦੇਸ਼ 'ਚ ਵਤਸਰੋਵ, ਵਾਰਿਸ ਸ਼ਾਹ, ਬੁੱਲ੍ਹੇਸ਼ਾਹ, ਸੁਲਤਾਨ ਬਾਹੂ ਵਰਗੇ ਸਨਮਾਨ ਪਾਕਿਸਤਾਨ ਵੱਲੋਂ ਵੀ ਮਿਲੇ। ਉਸ ਨੇ ਇਸਤਰੀ ਮਨ ਨੂੰ ਸ਼ਬਦਾਂ ਦਾ ਰੂਪ ਦਿੱਤਾ ਹੈ ਜੋ ਉਨ੍ਹਾਂ ਦੇ ਨਿੱਜੀ ਅਨੁਭਵ ਦਾ ਪ੍ਰਗਟਾਵਾ ਹਨ।ਅੰਮ੍ਰਿਤਾ ਨੇ ਲਗਭਗ 100 ਕਿਤਾਬਾਂ ਲਿਖੀਆਂ ਜਿਨ੍ਹਾਂ 'ਚ ਉਨ੍ਹਾਂ ਦੀ ਆਤਮਕਥਾ 'ਰਸੀਦੀ' ਟਿਕਟ ਵੀ ਸ਼ਾਮਲ ਹੈ।ਉਹ ਖੁਦ ਵੀ ਇੱਕ ਸ਼ਕਤੀਸ਼ਾਲੀ ਸ਼ਖਸੀਅਤ ਦੀ ਮਾਲਕ ਸੀ।

ਨਾਵਲ ਖੇਤਰ 'ਚ ਪਿੰਜਰ ਨਾਵਲ ਤੇ 2003 ਚ' ਚੰਦਰ ਪ੍ਰਕਾਸ਼ ਤ੍ਰਿਵੇਦੀ ਨੇ ਫੀਚਰ ਫਿਲਮ ਬਣਾਈ। ਪੰਜਾਬੀ-ਭਾਸਾ ਤੇ ਪੰਜਾਬੀ ਸਾਹਿਤ ਖੇਤਰ 'ਚ ਲਿਖਣ ਤੇ ਅੰਮ੍ਰਿਤਾ ਪ੍ਰੀਤਮ ਨੂੰ 'ਭਾਸ਼ਾ ਵਿਭਾਗ ਪੰਜਾਬ' ਵੱਲੋਂ 1957 ਚ' ਸ਼ਿਰੋਮਣੀ ਪੰਜਾਬ ਸਾਹਿਤਕਾਰ ਦਾ ਇਨਾਮ ਦਿੱਤਾ ਗਿਆ। ਸਾਹਿਤਕ ਤੇ ਹੋਰ ਦੁਰਲੱਭ ਪ੍ਰਾਪਤੀਆਂ ਸਦਕਾ 1986 ਚ' ਉਸ ਨੂੰ ਰਾਜ ਸਭਾ ਦਾ ਮੈਂਬਰ ਵੀ ਬਣਾਇਆ ਗਿਆ। 2002 ਵਿੱਚ ਪੰਜਾਬ ਸਰਕਾਰ ਵੱਲੋਂ ਆਪ ਜੀ ਨੂੰ 'ਲਾਈਫ਼ ਟਾਈਮ ਅਚੀਵਮੈਂਟ' ਵਜੋਂ 15 ਲੱਖ ਰੁਪੈ ਭੇਟ ਕੀਤੇ।ਇਸ ਤੋ ਇਲਾਵਾ ਭਾਰਤ ਦੀਆਂ ਛੇ ਯੂਨੀਵਰਸਿਟੀਆਂ ਨੇ ਉਸ ਨੂੰ ਡੀ.ਲਿਟ, ਦੀ ਉਪਾਧੀ ਵੀ ਪ੍ਰਦਾਨ ਕੀਤੀ। ਜਿੰਦਗੀ ਦੇ ਆਖਰੀ ਦਿਨਾਂ ਚ' ਇਹਨਾਂ ਨੂੰ 'ਪਦਮ ਵਿਭੂਸਣ' ਨਾਲ ਸਨਮਾਨਿਤ ਕੀਤਾ ਗਿਆ। ਅੰਤ ਅੰਮ੍ਰਿਤਾ ਪ੍ਰੀਤਮ ਆਪਣੀ ਜਿੰਦਗੀ ਦੇ 86 ਵਰ੍ਹੇ ਪੂਰੇ ਕਰਦੇ ਹੋਏ ਸਾਹ ਦੀ ਬਿਮਾਰੀ ਕਾਰਣ 31 ਅਕਤੂਬਰ 2005 ਨੂੰ ਹਮੇਸ਼ਾ ਲਈ ਸਾਡੇ ਤੋ ਦੂਰ ਚਲੇ ਗਏ।ਪਰ ਅੱਜ ਵੀ ਪੂਰੀ ਦੁਨੀਆ ਤੇ ਉਹਨਾਂ ਨੂੰ ਸਰਧਾ ਨਾਲ ਯਾਦ ਕੀਤਾ ਜਾਂਦਾ ਹੈ ਤੇ ਉਹਨਾਂ ਦੁਆਰਾ ਲਿਖੀਆਂ ਲਿਖਤਾਂ ਹਮੇਸ਼ਾ ਹਨੇਰੀ ਜਿੰਦਗੀ ਵਿੱਚ ਚਾਨਣ ਦਾ ਛਿੱਟਾ ਦਿੰਦੀਆਂ ਰਹਿਣਗੀਆਂ।



ਨਵਜੋਂਤ ਬਜਾਜ (ਗੱਗੂ)
91-98721-02614

# ਆਦਿ ਧਰਮ: ਛੂਤਛਾਤ ਵਿਰੋਧੀ ਅੰਦੋਲਨ -ਪੰਜਾਬ ਦੇ ਵਿਸ਼ੇਸ਼ ਸੰਦਰਭ ਵਿਚ

ਡਾ. ਜੈ ਨਰਾਇਣ ਯਾਦਵ
98766-58364

ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਨਵਜਾਗਰਣ ਤੋਂ ਪ੍ਰਭਾਵਿਤ ਸਮਾਜਿਕ ਸੁਧਾਰਾਂ ਦੇ ਪ੍ਰਤੀ ਗੈਰ ਸੰਸਥਾਵਾਨ ਪ੍ਰਗਤੀਸ਼ੀਲ ਬੁੱਧੀਜੀਵੀਆਂ ਦਾ ਇਕ ਵਰਗ ਸਾਹਮਣੇ ਆਇਆ। ਉਹ ਆਪਣੇ ਜਾਤੀ ਸੰਗਠਨ ਬਣਾਉਣ ਅਤੇ ਉਹਨਾਂ ਦੇ ਸ਼ੁੱਧੀਕਰਨ ਵਿਚ ਲੱਗੇ ਸਨ। ਆਪਣੀ-ਆਪਣੀ ਜਾਤੀ ਸੰਸਕ੍ਰਿਤੀ ਅਤੇ ਇਤਿਹਾਸ ਜਾਨਣ ਦੀ ਲਲਕ ਉੱਚੀ ਅਤੇ ਸਮਾਜ ਵਿਚ ਸਥਾਨ ਪ੍ਰਾਪਤ ਕਰਨ ਦੀ ਲਲਕ ਪੈਦਾ ਹੋਈ। ਉਹ ਆਪਣੀ ਪਛਾਣ ਦੇ ਲਈ ਜਾਗਰੂਕ ਹੋ ਗਏ। ਇਸ ਨਾਲ ਜਾਤੀਵਾਦੀ ਚੇਤਨਾ ਅਤੇ ਦਲਿਤ ਅੰਦੋਲਨ ਦੇ ਸਹੀ ਰੰਗ ਨਿਖਰੇ। ਇਹਨਾਂ ਵਿਚ ਉਤਰ ਭਾਰਤ ਦੇ ਦਲਿਤ ਅੰਦੋਲਨ ਵਿਚ ਜਾਟ ਫਿਰਕੇ ਦਾ ਅੰਦੋਲਨ, ਅਛੂਤਾਨੰਦ ਦਾ ਅੰਦੋਲਨ, ਭਾਰਤੀ ਪੱਧਰੀ ਕੋਲੀ ਸੁਧਾਰ ਸਭਾ ਆਦਿ ਹੋਏ। ਇਸੇ ਲੜੀ ਵਿਚ ਪੰਜਾਬ ਵਿਚ ਛੂਤਛਾਤ ਵਿਰੋਧੀ ਕਈ ਅੰਦੋਲਨ ਹੋਏ, ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

### ਆਦਿ ਧਰਮ ਅੰਦੋਲਨ

ਆਦਿ ਧਰਮ ਅੰਦੋਲਨ ਸੰਨ 1926 ਈਸਵੀ ਵਿਚ ਪੰਜਾਬ ਵਿਚ ਆਰੰਭ ਹੋਇਆ। ਪੰਜਾਬ ਵਿਚ ਅਛੂਤ ਜਾਤੀਆਂ ਵਿਚ ਆਦਿ ਧਰਮ ਜਾਂ ਆਦਿ ਧਰਮ ਅੰਦੋਲਨ ਸਮਾਜਿਕ ਅਤੇ ਧਾਰਮਿਕ ਤੌਰ ਤੇ ਹੋਇਆ ਸੀ। ਵੀਹਵੀਂ ਸਦੀ ਦੇ ਦੂਜੇ-ਤੀਜੇ ਦਹਾਕੇ ਵਿਚ ਇਹ ਅੰਦੋਲਨ ਪੰਜਾਬ ਦੇ ਪਿੰਡ-ਪਿੰਡ ਤੱਕ ਪਹੁੰਚ ਚੁੱਕਾ ਸੀ। ਇਸ ਅੰਦੋਲਨ ਨੇ ਦਲਿਤ ਵਰਗਾਂ ਨੂੰ ਸਮਾਜ ਵਿਚ ਮਾਣ ਅਤੇ ਸਤਿਕਾਰਯੋਗ ਸਥਾਨ ਦਿਵਾਇਆ। ਇਸ ਅੰਦੋਲਨ ਦੇ ਨਤੀਜੇ ਵਜੋਂ ਦਲਿਤ ਵਰਗ ਸੰਗਠਿਤ ਹੋਣ ਲਈ ਪ੍ਰੇਰਿਤ ਹੋਇਆ। ਪੰਜਾਬ ਵਿਚ ਪਹਿਲਾਂ ਤੋਂ ਚੱਲੇ ਆ ਰਹੇ ਸਮਾਜ ਸੁਧਾਰ ਅੰਦੋਲਨ ਤੋਂ ਇਹ ਬਿਲਕੁਲ ਵੱਖਰਾ ਸੀ।

ਪੰਜਾਬ ਦੇ ਆਦਿ ਧਰਮ ਅੰਦੋਲਨ ਤੋਂ ਪਹਿਲਾਂ 1924 ਵਿਚ ਮਦਰਾਸ ਵਿਚ ਆਦਿ ਦ੍ਰਵਿੜ ਮਹਾਜਨ ਸਭਾ ਦੁਆਰਾ ਅੰਦੋਲਨ ਚਲਾਇਆ ਗਿਆ ਸੀ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਵਿਚ ਆਦਿ ਆਂਧਰ ਅੰਦੋਲਨ ਚਲਾਇਆ ਗਿਆ। ਇਸ ਦੇ ਨਤੀਜੇ ਵਜੋਂ ਦੱਖਣੀ ਭਾਰਤ ਦੇ ਅਛੂਤ ਵਰਗ ਦੀ ਸਥਿਤੀ ਵਿਚ ਕਾਫੀ ਸੁਧਾਰ ਆਇਆ ਸੀ। ਇਸੇ ਤੋਂ ਸਿੱਖਿਆ ਲੈ ਕੇ ਪੰਜਾਬ ਵਿਚ ਆਦਿ ਧਰਮ ਅੰਦੋਲਨ 1926 ਈਸਵੀ ਵਿਚ ਇਕ ਸੰਗਠਿਤ ਰੂਪ ਵਿਚ ਸਾਹਮਣੇ ਆਇਆ। ਇਸ ਅੰਦੋਲਨ ਵਿਚ ਪੰਜਾਬ ਦੀਆਂ ਦੋ ਜਾਤੀਆਂ ਚਮਾਰ ਅਤੇ ਬਾਲਮੀਕ (ਸਫਾਈ ਕਰਮ-ਚਾਰੀ) ਪ੍ਰਮੁੱਖ ਤੌਰ ਤੇ ਸ਼ਾਮਲ ਸਨ। ਇਹਨਾਂ ਦੀ ਪੰਜਾਬ ਵਿਚ ਆਬਾਦੀ ਜ਼ਿਆਦਾ ਸੀ। ਇਸ ਅੰਦੋਲਨ ਦੇ ਸੰਚਾਲਕਾਂ ਨੇ ਇਹ ਪ੍ਰਚਾਰ ਕਰਨਾ ਆਰੰਭ ਕੀਤਾ ਕਿ ਅਸੀਂ ਹੀ ਭਾਰਤ ਦੇ ਆਦਿ ਨਿਵਾਸੀ ਹਾਂ। ਸਾਡੀ ਆਪਣੀਆਂ ਧਾਰਮਿਕ ਮਾਨਤਾਵਾਂ ਹਨ। ਬ੍ਰਾਹਮਣ ਵਰਗ ਦੁਆਰਾ ਉਹਨਾਂ ਤੇ ਜਬਰੀ ਹਿੰਦੂ ਧਰਮ ਥੋਪਿਆ ਗਿਆ ਹੈ।

ਆਦਿ ਧਰਮ ਅੰਦੋਲਨ ਚਲਾਉਣ ਵਾਲੇ ਨੇਤਾ ਪਹਿਲਾਂ ਆਰੀਆ ਸਮਾਜੀ ਹੋਇਆ ਕਰਦੇ ਸਨ ਪਰ ਬਾਅਦ ਵਿਚ ਉਹਨਾਂ ਨੇ ਸਮਾਜ ਨਾਲੋਂ ਰਿਸ਼ਤਾ ਤੋੜ ਲਿਆ। ਇਹ ਲੋਕ ਦੱਖਣੀ ਭਾਰਤ ਵਿਚ ਆਤਮ ਸਨਮਾਨ ਚਲਾਉਣ ਵਾਲੇ ਪੇਰੀ-ਆਰ ਤੋਂ ਪ੍ਰਭਾਵਿਤ ਹੋਏ ਅਤੇ ਪੰਜਾਬ ਅਤੇ ਉੱਤਰੀ ਭਾਰਤ ਵਿਚ ਉਸੇ ਕਿਸਮ ਦਾ ਅੰਦੋਲਨ ਚਲਾਉਣ ਬਾਰੇ ਸੋਚਣ ਲੱਗੇ। ਆਰੀਆ ਸਮਾਜ ਦੇ ਸਬੰਧ ਵਿਚ ਉਹਨਾਂ ਦਾ ਮੰਨਣਾ ਸੀ ਕਿ ਕੇਵਲ ਸ਼ੁੱਧੀ ਅੰਦੋਲਨ ਦੁਆਰਾ ਹਿੰਦੂਆਂ ਦੀ ਗਿਣਤੀ ਵੱਧ ਰਹੀ ਹੈ। ਜੋ ਅੰਦੋਲਨ ਦੁਆਰਾ ਹੇਠਲੇ ਵਰਗੀ ਲੋਕ ਹਿੰਦੂ ਬਣਦੇ ਹਨ, ਉਹਨਾਂ ਨੇ ਇਹ ਅਹਿਸਾਸ ਦਿਵਾਉਂਦੇ ਹਨ ਕਿ ਉਹ ਉਹਨਾਂ ਤੋਂ ਛੋਟੇ ਹਨ। ਆਦਿ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਮੰਨਣਾ ਸੀ ਕਿ ਉਹਨਾਂ ਨੇ ਸਮਾਨ ਅਧਿਕਾਰ ਪ੍ਰਾਪਤ ਕਰਨ ਦੇ ਲਈ ਸੰਘਰਸ਼ ਕਰਨਾ ਹੈ। ਆਦਿ ਧਰਮ ਅੰਦੋਲਨ ਚਲਾਉਣ ਵਾਲੇ ਆਦਿ ਹਿੰਦੂ ਸਮਾਜੀ ਲੋਕ ਸੰਮੇਲਨ ਅਤੇ ਬੈਠਕ ਤੋਂ ਬਾਅਦ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਤਲਾਬ, ਖੂਹਾਂ ਤੇ ਜਾ ਕੇ ਇਸ਼ਨਾਨ ਕਰਦੇ ਅਤੇ ਪਾਣੀ ਭਰ ਕੇ ਪੀਂਦੇ ਸਨ। ਇਸ ਤਰ੍ਹਾਂ ਉਹ ਉੱਚ ਹਿੰਦੂਆਂ ਤੇ ਲਗਾਏ ਰਵਾਇਤੀ ਪਾਬੰਦੀਆਂ ਨੂੰ ਤੋੜਦੇ ਸਨ ਕਿ ਅਛੂਤ ਉਥੇ ਪਾਣੀ ਨਹੀਂ ਭਰ ਸਕਦੇ। ਆਦਿ ਸਮਾਜ ਵਾਲਿਆਂ ਨੂੰ ਛੂਤਛਾਤ ਦੇ ਵਿਰੁੱਧ ਇਹ ਇਕ ਠੋਸ ਕਦਮ ਸੀ।

ਇਸ ਤਰ੍ਹਾਂ ਅਛੂਤਾਂ ਵਿਚ ਜਾਤੀ ਏਕਤਾ ਨੂੰ ਹੱਲਾਸ਼ੇਰੀ ਮਿਲੀ। ਅਛੂਤਾਂ ਦੀ ਰਵਾਇਤੀ ਵਖਰੇਵੇਂ ਦੀ ਉਹ ਪ੍ਰਵਿਰਤੀ ਦੂਰ ਹੋਈ ਜੋ ਸਵਰਣ ਹਿੰਦੂਆਂ ਦੁਆਰਾ ਉਹਨਾਂ ਤੇ ਲੱਦੀ ਗਈ ਸੀ। ਪੰਜਾਬ ਦੇ ਆਦਿ ਧਰਮ ਵਾਲਿਆਂ ਨੇ ਵੀ ਇਹ ਮੰਗ ਕੀਤੀ ਸੀ, ਆਗਾਮੀ ਜਨਗਣਨਾ (1931) ਵਿਚ ਉਹਨਾਂ ਨੂੰ ਹਿੰਦੂ ਦੀ ਬਜਾਏ ਆਦਿ ਧਰਮੀ ਲਿਖਿਆ ਜਾਣ ਲੱਗਿਆ। ਉਹਨਾਂ ਨੇ ਮੰਗ ਕੀਤੀ ਕਿ ਉਹਨਾਂ ਨੂੰ ਜਨਤਕ ਖੂਹਾਂ ਅਤੇ ਤਲਾਬਾਂ ਤੋਂ ਪਾਣੀ ਭਰਨ ਦਿੱਤਾ ਜਾਵੇ। ਉਹਨਾਂ ਨੂੰ ਹਿੰਦੂ ਜ਼ਿੰ-ਮੀਦਾਰਾਂ ਵਾਂਗ ਬਰਾਬਰ ਭੂਮੀ ਅਧਿਕਾਰ ਦਿੱਤੇ ਜਾਣ। ਉਹਨਾਂ ਨੂੰ ਹਿੰਦੂ ਜ਼ਿਮੀਦਾਰਾਂ ਵਾਂਗ ਬਰਾਬਰ ਭੂਮੀ ਅਧਿਕਾਰ ਦਿੱਤੇ ਜਾਣ। ਉਹਨਾਂ ਨੂੰ ਜਨਤਕ ਜਾਤੀ ਸੰਪਤੀਆਂ ਦੀ ਵਰਤੋਂ ਕਰਨ ਦੀ ਛੋਟ ਦਿੱਤੀ ਜਾਵੇ। ਉਹਨਾਂ ਨੂੰ ਉੱਚੀਆਂ ਜਾਤੀਆਂ ਦੇ ਅੱ-ਤਿਆਚਾਰਾਂ ਤੋਂ ਬਚਾਇਆ ਜਾਵੇ ਅਤੇ ਨਾਲ ਹੀ ਉਹਨਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਾਪਤ ਕਰਨ ਦੀਆਂ ਸਹੂਲਤਾਂ ਅਤੇ ਅਧਿਕਾਰ ਦਿੱਤੇ ਜਾਣ।

ਇਸ ਪ੍ਰਕਾਰ ਆਦਿ ਧਰਮੀ ਅੰਦੋਲਨ ਜ਼ੋਰਾਂ ਨਾਲ ਤਰੱਕੀ ’ਤੇ ਸੀ। ਇਸ ਸਮਾਜ ਦੇ ਲੋਕ ਆਪਣੇ ਆਪ ਨੂੰ ਆਦਿ ਧਰਮੀ ਮੰਨਣ ਲੱਗੇ ਸਨ ਅਤੇ ਜਨਗਣਨਾ ਵਿਚ ਵੀ ਉਹਨਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਲਿਖਿਆ, ਜਿਸ ਨਾਲ ਪੰਜਾਬ ਵਿਚ ਅਛੂਤਾਂ ਦੀ ਗਿਣਤੀ ਵਿਚ ਕਮੀ ਆ ਗਈ। ਇਸੇ ਦੌਰਾਨ ਜਦੋਂ ਡਾ. ਅੰਬੇਡਕਰ ’ਲੋਥੀਆਨ ਕਮੇਟੀ’ ਦੇ ਲਈ ਜਨ ਸੰਖਿਆ ਸਬੰਧੀ ਤੱਥ ਇਕੱਠੇ ਕਰ ਰਹੇ ਸਨ ਤਾਂ ਉਹਨਾਂ ਨੇ ਸਰਕਾਰ ਦਾ ਧਿਆਨ ਇਸੇ ਵੱਲ ਆਕਰਸ਼ਿਤ ਕੀਤਾ ਕਿ ਸੰਨ 1931 ਵਿਚ ਪੰਜਾਬ ਦੇ ਅਛੂਤਾਂ ਦੀ ਜਨ ਸੰਖਿਆ ਵਿਚ ਸੰਨ 1911 ਈਸਵੀ ਦੇ ਮੁਕਾਬਲੇ ਕਮੀ ਆਈ ਹੈ। ਇਸ ਸਬੰਧ ਵਿਚ ਡਾ. ਅੰਬੇਡਕਰ ਨੇ ਕਿਹਾ ਸੀ ਕਿ ਇਸਦੀ ਵਜ੍ਹਾ ਆਦਿ ਧਰਮ ਅੰਦੋਲਨ ਹੈ। ਸੰਨ 1931 ਈਸਵੀ ਦੀ ਜਨਗਣਨਾ ਵਿਚ ਭਾਗ ਲੈਣ ਵਾਲੇ ਅੰਦੋਲਨ ਦੇ ਵਰਕਰਾਂ ਨੇ ਆਪਣੇ ਲੋਕਾਂ ਅਤੇ ਖੁਦ ਨੂੰ ਆਦਿ ਧਰਮੀ ਲਿਖਵਾਇਆ ਸੀ, ਹਿੰਦੂ ਨਹੀਂ ਜਿਵੇਂ ਕਿ ਪਹਿਲਾਂ ਹੁੰਦਾ ਆਇਆ ਸੀ। ਅੰਬੇਡਕਰ ਨੇ ਲਿਖਿਆ ਕਿ ਸਰਕਾਰ ਨੇ ਉਹਨਾਂ ਦੀ ਗੱਲ ਮੰਨ ਲਈ ਹੈ ਅਤੇ ਆਦੇਸ਼ ਜਾਰੀ ਕਰ ਦਿੱਤੇ ਹਨ ਜੋ ਜਨਗਣਨਾ ਕਰਮਚਾਰੀ ਹਨ ਉਹ ਉਹਨਾਂ ਲੋਕਾਂ ਨੂੰ ਇਕ ਨਵੇਂ ਟਾਈਟਲ ਵਿਚ ਆਦਿ ਧਰਮੀ ਲਿਖਣ ਜੋ ਕਿ ਅਜਿਹਾ ਲਿਖਵਾਉਣਾ ਚਾਹੁੰਦੇ ਹਨ। ਇਸ ਤੋਂ ਅਛੂਤ ਜਾਤੀ ਪੰਜਾਬ ਦੇ ਕਈ ਹਿੱਸਿਆਂ ਵਿਚ ਵੰਡੇ ਗਏ।

ਇਸ ਨਾਲ ਸਵਰਣ ਹਿੰਦੂਆਂ ਅਤੇ ਅਛੂਤਾਂ ਵਿਚ ਕਈ ਥਾਂਵਾਂ ਤੇ ਸੰਘਰਸ਼ ਹੋਇਆ। ਕਿਉਂਕਿ ਉੱਚੀ ਜਾਤੀ ਦੇ ਹਿੰਦੂ ਇਸ ਵਿਵਸਥਾ ਤੋਂ ਖਫ਼ਾ ਸਨ। ਫਲਸਰੂਪ ਕੁਝ ਸਥਾਨਾਂ ’ਤੇ ਅਛੂਤਾਂ ’ਤੇ ਦਬਾਅ ਪਾਇਆ ਗਿਆ ਕਿ ਉਹ ਆਪਣੀ ਪੁਰਾਣੀ ਜਾਤੀ ਤੇ ਆਉਣ ਅਤੇ ਉਸ ਨੂੰ ਹੀ ਲਿਖਵਾਉਣ। ਹਾਲਾਂਕਿ ਬਹੁਤ ਸਾਰੇ ਸਥਾਨਾਂ ’ਤੇ ਉਹਨਾਂ ਨੂੰ ਆਦਿ ਧਰਮ ਲਿਖਿਆ ਗਿਆ ਅਤੇ ਜਾਤੀ ਨਹੀਂ ਲਿਖੀ ਗਈ।

ਇਸ ਤਰ੍ਹਾਂ ਪੰਜਾਬ ਦਾ ਆਦਿ ਧਰਮ ਆਰਥਿਕ, ਸਿੱਖਿਆ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਅਧਿਕਾਰਾਂ ਦਾ ਬਹੁਪੱਧਰੀ ਅੰਦੋਲਨ ਬਣਿਆ। ਇਸ ਅੰਦੋਲਨ ਨਾਲ ਉਤਰ ਪੱਛਮੀ ਭਾਰਤ ਦੇ ਸਾਰੇ ਅਛੂਤਾਂ ਵਿਚ ਜੋਸ਼ ਦੀ ਇਕ ਲਹਿਰ ਦੌੜ ਗਈ ਅਤੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਦੇ ਲਈ ਇਹ ਲੋਕ ਚੌਕਸ ਹੋਣ ਲੱਗੇ। ਅੱਗੇ ਆਉਣ ਵਾਲੇ ਸਮੇਂ ਵਿਚ ਆਦਿ ਧਰਮੀ ਲੋਕਾਂ ਨੇ ਕਾਫੀ ਤਰੱਕੀ ਕੀਤੀ ਅਤੇ ਉਸਦੀਆਂ ਸੰਤਾਨਾਂ ਸਮਾਜ ਦੇ ਸਾਰੇ ਵਰਗਾਂ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਲੱਗੀ। ਇਸ ਤੋਂ ਪ੍ਰੇਰਨਾ ਲੈ ਕੇ ਕਈ ਅਛੂਤਾਂ ਨੇ ਆਪਣੇ ਸੁਧਾਰ ਦੇ ਲਈ ਯਤਨ ਕੀਤੇ, ਜਿਸ ਨਾਲ ਇਸ ਅੰਦੋਲਨ ਦੀ ਸਾਰਥਕਤਾ ਸਿੱਧ ਹੋਈ।

# ਅੰਬਰ ਵੱਲ ਨੂੰ ਉਡਾਣਾਂ ਭਰ ਰਿਹਾ ਸੁਰੀਲਾ ਗਾਇਕ - ਜੱਸੀ ਹਰਗਣਾ



ਪ੍ਰੀਤਮ ਲੁਧਿਆਣਵੀ
9876428641

ਗਾਇਕੀ ਖੇਤਰ ਵਿਚ ਜੱਸੀ ਹਰਗਣਾ ਨਾਂਓਂ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀ। ਸਵ: ਅਮਰ ਸਿੰਘ ਚਮਕੀਲਾ ਜੀ ਨੂੰ ਆਪਣਾ ਉਸਤਾਦ ਮੰਨਣ ਵਾਲਾ ਇਹ ਗਾਇਕ ਹੁਣ ਤੱਕ ਕਰਨਪਰਿੰਸ, ਸੱਗੂ ਪਰਿੰਸ ਤੇ ਜਸਵਿੰਦਰ ਸੋਹੀ, ਸੋਹੀ ਮਿਊਜ਼ਕ ਖਮਾਣੋ ਆਦਿ ਸੰਗੀਤਕਾਰਾਂ ਦੇ ਸੰਗੀਤ ਹੇਠ, ਗੀਤਕਾਰ ਰਾਜੂ ਨਾਹਰ ਬਾਸੀਆਂ ਬੈਦਵਾਣ, ਗਾਮੀ ਸੰਗਤ ਪੁਰੀਆ, ਜੱਸੀ ਸਾਇਆ ਵਾਲਾ, ਅਜੈਬ ਸਿੰਘ, ਜਿੰਦਰ ਬਰਵਾਲੀ, ਜਲਦੇਵ, ਪੰਮੀ ਖੇੜੀ ਨੌਧ ਸਿੰਘ, ਗੋਪੀ ਖੇੜੀ ਨੌਧ ਸਿੰਘ, ਰਾਜੂ ਮਾਛੀਵਾੜਾ, ਨਿੰਮਾ ਕੋਡਰੇ ਵਾਲਾ, ਜਗਸੀਰ, ਦਵਿੰਦਰ ਸੰਘੋਲ ਤੇ ਦਰਦੀ ਚੂੰਘੋਂ ਵਾਲੀਆ ਆਦਿ ਦਰਜਨ ਤੋਂ ਵੱਧ ਗੀਤਕਾਰਾਂ ਦੇ ਲਿਖੇ, ਚਾਰ ਦਰਜਨ ਦੇ ਕਰੀਬ ਗੀਤਾਂ ਨੂੰ ਰਿਕਾਰਡਿੰਗ ਦਾ ਜਾਮਾ ਪਹਿਨਾਕੇ ਸਰਤਿਆਂ ਦੀ ਕਚਿਹਰੀ ਵਿਚ ਪੇਸ਼ ਕਰ ਚੁੱਕਾ ਹੈ । ਜੱਸੀ ਦੱਸਦਾ ਹੈ ਕਿ ਭਾਂਵੇ ਉਸਦੇ ਇਨ੍ਹਾਂ ਸਾਰੇ ਹੀ ਗੀਤਾਂ ਨੇ ਆਪੋ-ਆਪਣੀ ਜਗਾ ਖੂਬ ਪਿਆਰ-ਸਤਿਕਾਰ ਖੱਟਿਆ ਹੈ, ਪਰ, ਉਸਦੇ ਗੀਤ,'ਹੁਸਨ' (ਸੰਘੋਲ ਰਿਕਾਰਡਜ਼ ਤੋਂ ਰਿਲੀਜ਼), ਜਿਸ ਨੂੰ ਕਲਮਬਧ ਕੀਤਾ ਹੈ, ਗੀਤਕਾਰ ਰਾਜੂ ਨਾਹਰ ਬਾਸੀਆਂ ਬੈਦਵਾਣ ਨੇ , ਤੋਂ ਇਲਾਵਾ ਗੀਤ, 'ਗੇੜੇ ਮਾਰਦਾ', ਜਿਸ ਨੂੰ ਸਿਰਜਿਆ ਹੈ, ਗੀਤਕਾਰ ਗਾਮੀ ਸੰਗਤ ਪੁਰੀਆ ਨੇ, 'ਰੰਗਿਆ ਜੋਰ ਲਗਾ ਲੈ ਤੂੰ' (ਜਿੰਦਰ ਬਰਵਾਲੀ) ਅਤੇ 'ਪੈਂਦਾ ਗਿੱਧਾ' (ਦਰਦੀ ਚੂੰਘੋਂ ਵਾਲੀਆ) ਕਾਫੀ ਚਰਚਾ ਵਿਚ ਰਹੇ ਹਨ, ਜਿਨ੍ਹਾਂ ਨੇ ਉਸ ਦਾ ਨਾਂਓ ਦੂਰ-ਦੁਰਾਡੇ ਤੱਕ ਪਹੁੰਚਾਇਆ। ਹਰਗਣਾ ਨੇ ਜਿੱਥੇ ਸੋਲ੍ਹੋ ਗੀਤ ਗਾਏ, ਉਥੇ ਮਿਸ ਮੰਜੂ ਮਾਨ, ਮਿਸ ਜਸ਼ਨਦੀਪ ਸਵੀਟੀ, ਮਿਸ ਸਨਦੀਪ ਸੋਮਲ ਅਤੇ ਮਿਸ ਅਮਨਦੀਪ ਕੌਰ ਆਦਿ ਸੁਪਰ ਹਿਟ ਗਾਇਕਾਵਾਂ ਨੇ ਡਿਊਟਰ ਦੇ ਤੌਰ ਤੇ ਉਸ ਨਾਲ ਖੂਬ ਸਟੇਜਾਂ ਲਾਉਣ ਦੇ ਨਾਲ-ਨਾਲ ਰਿਕਾਰਡਿੰਗ ਵਿਚ ਵੀ ਹਿੱਸਾ ਲਿਆ ਹੈ ।





ਜਿਲ੍ਹਾ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਖਮਾਣੋ ਦੇ ਪਿੰਡ ਹਰਗਣਾ ਵਿੱਚ, ਸ੍ਰ: ਕਰਨੈਲ ਸਿੰਘ (ਪਿਤਾ) ਦੇ ਗ੍ਰਹਿ ਵਿਖੇ ਜਸਪਾਲ ਕੌਰ (ਮਾਤਾ) ਦੀ ਪਾਕਿ ਕੁੱਖੋਂ 1984 ਨੂੰ ਜਨਮੇ, ਚਮਕੀਲਾ ਦੇ ਗੀਤਾਂ ਦੇ ਫੈਨ ਜੱਸੀ ਨੇ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਖੇੜੀ ਨੌਧ ਸਿੰਘ ਤੋਂ ਹਾਸਲ ਕੀਤੀ । ਸਕੂਲ ਟਾਇਮ 2001 ਤੋਂ ਹੀ ਉਸ ਨੇ ਚਮਕੀਲਾ ਦੀ ਬਰਸੀ ਤੇ ਲੱਗਦੇ ਮੇਲਿਆਂ ’ਤੇ ਜਾਣਾ ਸ਼ੁਰੂ ਕਰ ਦਿਤਾ ਸੀ। ਫਿਰ, ਜੱਸੀ ਦੇ ਬਹੁਤ ਹੀ ਕਰੀਬੀ ਦੋਸਤ ਸਪਿੰਦਰ ਸਿੰਘ ਸ਼ਾਹੀ ਨੇ ਹੱਲਾ-ਸ਼ੇਰੀ ਦਿੱਤੀ ਤੇ ਜੱਸੀ ਨੂੰ ਗਾਇਕੀ ਵਾਲੇ ਖੇਤਰ ਵੱਲ ਲੈ ਆਂਦਾ। ਜੱਸੀ ਦੱਸਦਾ ਹੈ ਕਿ ਉਸ ਨੂੰ ਸ਼ਮਸ਼ੇਰ ਸਿੰਘ, ਸੁਰਿੰਦਰ ਬੱਬੂ, ਸੁਪਰ ਹਿੱਟ ਬੈਂਜੋ ਮਾਸਟਰ ਜੱਸੀ ਸਾਇਆ ਵਾਲਾ ਤੇ ਬਾਵਾ ਸਿਕੰਦਰ ਜੀ ਕੋਲੋਂ ਬਹੁਤ ਕੁਝ ਸਿੱਖਿਆ ਨੂੰ ਮਿਲਿਆ। ਉਹ ਚਮਕੀਲਾ ਦੀ ਬਰਸੀ ਤੇ ਲੱਗਦੇ ਮੇਲੇ ਤੇ ਗਾਇਕੀ ਦੀ ਹਾਜ਼ਰੀ ਵੀ ਲਗਾਤਾਰ ਲਾਉਦਾ ਆ ਰਿਹਾ ਹੈ । ਉਸ ਨੇ, 'ਮੈਂ ਚਾਹੁੰਦਾਂ ਅਮਰ ਸਿੰਘ ਨੂੰ ਜਿਹੜਾ ਗੱਲ ਸਹੀ ਸੀ ਕਰਦਾ', ਗੀਤ ਆਪ ਲਿਖਕੇ ਅਤੇ ਆਪਣੀ ਹੀ ਅਵਾਜ਼ ਵਿੱਚ ਰਿਕਾਰਡ ਕਰਵਾ ਕੇ ਆਪਣੇ ਉਸਤਾਦ ਚਮਕੀਲਾ ਜੀ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਹੈ। ਜੱਸੀ ਤਹਿ ਦਿਲੋਂ ਧੰਨਵਾਦ ਕਰਦਾ ਹੈ, ਸਪਿੰਦਰ ਸਿੰਘ ਸ਼ਾਹੀ, ਦਲਜੀਤ ਸਿੰਘ ਖੇੜੀ ਨੌਧ ਸਿੰਘ ਅਤੇ ਬਾਕੀ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ ਅਤੇ ਰੱਬ ਵਰਗੇ ਸਰੋਤਿਆਂ ਦਾ, ਜੋ ਉਸ ਦੇ ਗੀਤਾਂ ਨੂੰ ਮਣਾਂ ਮੂੰਹੀ ਪਿਆਰ ਬਖਸ਼ਦੇ ਹਨ।

ਰੱਬ ਕਰੇ ! ਹਸੂੰ-ਹਸੂੰ ਕਰਦੇ ਚਿਹਰੇ ਵਾਲਾ ਨੌਜਵਾਨ ਗਾਇਕ ਜੱਸੀ ਹਰਗਣਾ, ਆਪਣੀ ਸੁਰੀਲੀ, ਟਣਕਵੀ ਅਤੇ ਦਮਦਾਰ ਅਵਾਜ ਦੇ ਬੱਲਬੂਤੇ ਅੰਬਰਾਂ ਨੂੰ ਛੂੰਹਦੀਆਂ ਉਡਾਣਾਂ ਦਾ ਹਾਣੀ ਬਣ ਕੇ ਆਪਣਾ, ਆਪਣੇ ਖਾਨਦਾਨ ਅਤੇ ਪੰਜਾਬ ਸੂਬੇ ਦਾ ਗੌਰਵ ਬਣਨ ਦਾ ਮਾਣ ਹਾਸਲ ਕਰੇ ! ਆਉਣ ਵਾਲੀ ਕੱਲ੍ਹ ਉਸ ਦੇ ਨਾਂਓਂ ਹੋ ਜਾਵੇ ! ਆਮੀਨ !

# ਸਿੱਖਿਆ ਵਿਭਾਗ ਦੀ ਲੀਹੋਂ ਲੱਥੀ ਗੱਡੀ ਦੇ ਮੁੜ ਪਟੜੀ ਤੇ ਆਉਣ ਦੇ ਆਸਾਰ



ਚਮਨਦੀਪ ਸ਼ਰਮਾ
91-94633-77709

ਸਿੱਖਿਆ ਮਹਿਕਮਾ ਆਪਣੀਆਂ ਨਾਕਾਮੀਆਂ ਸਦਕਾ ਬਹੁਤ ਸਾਰੇ ਮੌਕਿਆਂ ਤੇ ਮਜ਼ਾਕ ਦਾ ਪਾਤਰ ਬਣਦਾ ਰਿਹਾ ਹੈ। ਆਪਣੇ ਕੰਮਾਂ ਨੂੰ ਸੁਹਿਰਦਤਾ ਨਾਲ ਨੇਪਰੇ ਨਾ ਚੜ੍ਹਾਉਣ ਕਰਕੇ ਵਿਭਾਗ ਨੂੰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪਿਆ ਹੈ। ਅਦਾਰੇ ਵੱਲੋਂ ਵਿਦਿਆਰਥੀਆਂ ਦੇ ਰੋਲ ਨੰਬਰ, ਸਰਟੀਫਿਕੇਟ ਜਾਰੀ ਕਰਨ ਵੇਲੇ ਗਲਤੀਆਂ ਕਰਨਾ, ਸਕੂਲਾਂ ਵਿੱਚ ਅਧਿਆਪਕ ਵਿਦਿਆਰਥੀ ਅਨੁਪਾਤ, ਸਕੂਲਾਂ ਵਿੱਚ ਸਾਜ਼ੋ-ਸਮਾਨ ਦੀ ਕਮੀ, ਬੱਚਿਆਂ ਦੇ ਦਾਖ਼ਲਿਆਂ ਵਿੱਚ ਆਈ ਗਿਰਾਵਟ, ਅਧਿਆਪਕਾਂ ਦੀਆਂ ਬਦਲੀਆਂ ਦੀ ਠੋਸ ਨੀਤੀ ਦਾ ਨਾ ਹੋਣਾ, ਪਾਠ ਪੁਸਤਕਾਂ ਦਾ ਸਕੂਲਾਂ ਵਿੱਚ ਸਮੇਂ ਸਿਰ ਸਪਲਾਈ ਨਾ ਹੋਣਾ, ਵਿਭਾਗ ਦੇ ਮੰਤਰੀ ਦਾ ਅਫ਼ਸਰਸ਼ਾਹੀ ਨਾਲ ਤਾਲਮੇਲ ਨਾ ਹੋਣਾ, ਖੇਡਾਂ ਦੇ ਸਬੰਧੀ ਯੋਜਨਾਬੱਧ ਨੀਤੀ ਦੀ ਘਾਟ, ਅਧਿਆਪਕਾਂ ਤੋਂ ਗੈਰ-ਵਿਦਿਅਕ ਕੰਮਾਂ ਦਾ ਲੈਣਾ, ਰੈਸ਼ਨੇਲਾਈਜੇ ਪਾਲਿਸੀ, ਮਾੜੇ ਨਤੀਜਿਆਂ ਦਾ ਆਉਣਾ ਆਦਿ ਮੁੱਦਿਆਂ ਤੋਂ ਇਲਾਵਾ ਅਨੇਕਾਂ ਅਸਫਲਤਾਵਾਂ ਦੀ ਸਮੁੱਚੇ ਮੀਡੀਆ ਦੁਆਰਾ ਆਲੋਚਨਾ ਕੀਤੀ ਜਾਂਦੀ ਰਹੀ ਹੈ।ਜਿਸ ਨਾਲ ਇਸਦਾ ਅਕਸ ਖਰਾਬ ਹੋਇਆ ਹੈ।

ਪਰ ਜੇਕਰ ਹੁਣ ਦੇ ਹਾਲਾਤਾਂ ਉੱਪਰ ਝਾਤ ਮਾਰੀ ਜਾਵੇ ਤਾਂ ਅਦਾਰੇ ਅੰਦਰ ਕਾਫ਼ੀ ਬਦਲਾਅ ਦੇਖਣ ਨੂੰ ਮਿਲ ਰਹੇ ਹਨ।ਇਹਨਾਂ ਪਰਿਵਰਤਨਾਂ ਦਾ ਮੁੱਖ ਕਾਰਨ ਪੰਜਾਬ ਸਰਕਾਰ ਦੁਆਰਾ ਸਿੱਖਿਆ ਵਿਭਾਗ ਦੀ ਵਾਂਗ ਡੋਰ ਇਮਾਨਦਾਰ ਅਫ਼ਸਰ ਸ੍ਰੀ ਕ੍ਰਿਸ਼ਨ ਕੁਮਾਰ ਆਈ ਏ ਐਸ ਨੂੰ ਸਕੱਤਰ ਲਗਾ ਕੇ ਦੇਣਾ ਹੈ। ਹੁਣ ਸਿੱਖਿਆ ਵਿਭਾਗ ਦੀ ਲੀਹੋਂ ਲੱਥੀ ਗੱਡੀ ਦੇ ਮੁੜ ਪਟੜੀ ਤੇ ਪਰਤਣ ਦੀ ਆਸ ਬੱਝੀ ਹੈ ਕਿਉਂਕਿ ਉਹਨਾਂ ਦੇ ਵਾਪਿਸ ਪਰਤਣ ਨਾਲ ਸਿੱਖਿਆ ਵਿਭਾਗ ਵਿੱਚ ਕ੍ਰਾਂਤੀਕਾਰੀ ਦੌਰ ਦੇ ਦੌਰ ਦਾ ਆਗਮਨ ਹੋ ਚੁੱਕਾ ਹੈ। ਜਿਨ੍ਹਾਂ ਦਾ ਲਾਭ ਸਮੁੱਚੇ ਅਧਿਆਪਕ ਵਰਗ, ਵਿਦਿਆਰਥੀਆਂ ਅਤੇ ਸਮਾਜ ਨੂੰ ਹੋਵੇਗਾ। ਇੱਥੇ ਉਹਨਾਂ ਦੁਆਰਾ ਚੁੱਕੇ ਗਏ ਕੁੱਝ ਕੁ ਕਦਮਾਂ ਦੇ ਬਾਰੇ ਜਾਣਕਾਰੀ ਨੂੰ ਲੋਕਾਂ ਤੱਕ ਪਹੁੰਚਾਉਣੀ ਬਣਦੀ ਹੈ ਤਾਂ ਜੋ ਜਨਤਾ ਦੀ ਵਿਭਾਗ ਸਬੰਧੀ ਨਾਕਾਰਅਤਮਕ ਸੋਚ ਨੂੰ ਬਦਲਿਆ ਜਾ ਸਕੇ।

ਅਦਾਰੇ ਨੇ ਅਧਿਆਪਕ ਵਰਗ ਦੇ ਲਈ 4-9-14 ਦੀ ਸਕੀਮ ਨੂੰ ਮੁੜ ਸੁਰਜੀਤ ਕੀਤਾ ਹੈ। ਜਿਸਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਅਧਿਆਪਕਾਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਕੇਸ ਬਣਾ ਕੇ ਜਿਲ੍ਹਾ ਹੈਡਕੁਆਰਟਰ ਤੇ ਜਾਣ ਦੀ ਲੋੜ ਨਹੀਂ ਹੈ।ਇਹ ਕੇਸ ਕਲੀਅਰ ਕਰਨ ਦੇ ਲਈ ਪਾਵਰਾਂ ਡੀ ਪੱਧਰ 'ਤੇ ਹੀ ਦਿੱਤੀਆਂ ਜਾ ਚੁੱਕੀਆਂ ਹਨ ਜੋ ਕਿ ਸ਼ਲਾਘਾਯੋਗ ਕਦਮ ਹੈ। ਸਕੀਮ ਦਾ ਲਾਭ ਲੈਣ ਦੇ ਲਈ ਲੱਗਣ ਵਾਲੇ ਕਾਗ਼ਜ਼ ਵੀ ਨਾ ਮਾਤਰ ਹੀ ਹਨ। ਕਰਮਚਾਰੀਆਂ ਦਾ ਪਰਖ ਸਮਾਂ ਪਾਰ ਕਰਨਾ ਅਤੇ ਕਨਫ਼ਰਮ ਕਰਨ ਦੇ ਅਧਿਕਾਰ ਵੀ ਡੀ ਡੀ ਓ ਪੱਧਰ ਤੇ ਹੀ ਦਿੱਤੇ ਗਏ ਹਨ।

ਇਸ ਤਰ੍ਹਾਂ ਕਰਮਚਾਰੀਆਂ ਨੂੰ ਆਪਣਾ ਕੰਮ ਕਰਵਾਉਣ ਦੀ ਖ਼ਾਤਰ ਦਫ਼ਤਰਾਂ ਦੀਆਂ ਠੋਕਰਾਂ ਨਹੀਂ ਖਾਣੀਆਂ ਪੈਣਗੀਆਂ। ਵਿਦਿਆਰਥੀਆਂ ਦੇ ਦਾਖ਼ਲਿਆਂ ਨਾਲ ਸਬੰਧਿਤ ਵੇਰਵਿਆਂ ਵਿੱਚ ਨਾਮ ਦੀ ਦਰੁਸਤੀ ਕਰਨ ਦੀ ਸ਼ਕਤੀ ਹੇਠਲੇ ਪੱਧਰ ਨੂੰ ਸੌਂਪ ਦਿੱਤੀ ਗਈ ਹੈ।ਇਸ ਤਰ੍ਹਾਂ ਹੁਣ ਮਾਪਿਆਂ ਨੂੰ ਬੱਚੇ ਦਾ ਨਾਮ ਠੀਕ ਕਰਵਾਉਣ ਲਈ ਜਿਲ੍ਹਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਜਾਣ ਦੀ ਜਰੂਰਤ ਨਹੀਂ ਹੈ।

ਵਿਭਾਗ ਵੱਲੋਂ ਸਕੂਲ ਮੁਖੀਆਂ ਨੂੰ ਅਧਿਆਪਕਾਂ ਨੂੰ ਦਿੱਤੇ ਗਏ ਕਿਸੇ ਵੀ ਪ੍ਰਕਾਰ ਦੇ ਫੰਡ ਨੂੰ ਵਾਪਸ ਲੈ ਕੇ ਕਲਰਕਾਂ ਨੂੰ ਦੇਣ ਲਈ ਕਿਹਾ ਗਿਆ ਹੈ ਤਾਂ ਜੋ ਅਧਿਆਪਕ ਵਰਗ ਨੂੰ ਪੜ੍ਹਾਉਣ ਦੀ ਪ੍ਰਕਿਰਿਆ ਨਾਲ ਨਿਰਵਿਘਨ ਜੋੜਿਆ ਜਾ ਸਕੇ।ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਅਨੁਪਾਤ ਨੂੰ ਸਹੀ ਕਰਨ ਦੇ ਲਈ ਰੈਸ਼ਨੇਲਾਈਜੇਸ਼ਨ ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ। ਸਵੇਰ ਦੀ ਸਭਾ ਦਾ ਨਵਾਂ ਸਡਿਊਲ ਜਾਰੀ ਕੀਤਾ ਜਾ ਚੁੱਕਾ ਹੈ ਜਿਸ ਵਿੱਚ ਸਕੂਲ ਮੁਖੀਆਂ ਨੂੰ ਵਿਦਿਆਰਥੀਆਂ ਨੂੰ ਹਰ ਰੋਜ਼ ਗਿਆਨ ਦੀਆਂ ਗੱਲਾਂ ਦੱਸਣੀਆਂ ਜਰੂਰੀ ਕਰ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ ਬੱਚਿਆਂ ਅਤੇ ਅਧਿਆਪਕਾਂ ਦੇ ਸਮਾਨ ਗਿਆਨ ਵਿੱਚ ਇਜ਼ਾਫਾ ਹੋਵੇਗਾ। ਅਪਰ ਪ੍ਰਾਇਮਰੀ ਸਕੂਲਾਂ ਦੇ ਅੰਦਰ ਜੈਨਰੇਟਰ ਅਤੇ ਐਜੂਸੈੱਟ ਨੂੰ ਚਾਲੂ ਹਾਲਤ ਵਿੱਚ ਰੱਖਣ ਦੇ ਆਦੇਸ਼ ਜਾਰੀ ਕੀਤੇ ਹਨ।

ਇਨਸਰਵਿਸ ਟਰੇਨਿੰਗ ਸੈਂਟਰਾਂ ਅਤੇ ਸਰਕਲ ਐਜੂਕੇਸ਼ਨ ਦਫ਼ਤਰਾਂ ਨੂੰ ਖਤਮ ਕਰਕੇ ਉਹਨਾਂ ਵਿਚਲੇ ਸਟਾਫ ਨੂੰ ਲੋੜੀਂਦੇ ਸਥਾਨਾਂ ਤੇ ਸ਼ਿਫ਼ਟ ਕੀਤਾ ਗਿਆ ਹੈ। ਇਸ ਤਰ੍ਹਾਂ ਕਰਮਚਾਰੀਆਂ ਦੇ ਜ਼ਿਆਦਾਤਰ ਕੰਮ ਜਿਲ੍ਹਾ ਪੱਧਰ ਤੇ ਹੀ ਮੁਕੰਮਲ ਹੋ ਜਾਇਆ ਕਰਨਗੇ। ਜੀ ਪੀ ਐੱਫ ਦੀ ਅਦਾਇਗੀ ਦੇ ਅਧਿਕਾਰ ਡੀ ਡੀ ਓ ਲੈਵਲ ਤੇ ਕਰਨ ਸਬੰਧੀ ਚਰਚਾ ਹਾਲੇ ਵਿਚਾਰ ਅਧੀਨ ਹੈ।

ਸਿੱਖਿਆ ਦੀ ਗੁਣਾਤਮਕਤਾ ਬਾਰੇ ਬੱਚਿਆਂ ਦੇ ਲਈ ਸਕੂਲਾਂ ਅੰਦਰ "ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ" ਪ੍ਰੋਜੈਕਟ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਲਈ ਬਕਾਇਦਾ ਅਧਿਆਪਕਾਂ ਨੂੰ ਜਿਲ੍ਹਾ ਪੱਧਰ ਤੇ ਅਤੇ ਬਲਾਕ ਪੱਧਰ ਉੱਪਰ ਟਰੇਨਿੰਗ ਦਿੱਤੀਆਂ ਜਾ ਰਹੀਆਂ ਹਨ। ਜਿਲ੍ਹਾ ਦਫ਼ਤਰ ਨੂੰ ਸਕੂਲਾਂ ਤੋਂ ਬੇਲੋੜੀ ਡਾਕ ਮੰਗਣ ਤੇ ਮਨਾਹੀ ਕੀਤੀ ਗਈ ਹੈ। ਅਧਿਆਪਕਾਂ ਅਤੇ ਸਕੂਲਾਂ ਦੇ ਮੁਖੀਆਂ ਨੂੰ ਸਕੂਲੀ ਸਮੇਂ ਵਿੱਚ ਆਨ ਡਿਊਟੀ ਜਾਣ ਤੇ ਪਾ-ਬੰਦੀ ਲਗਾ ਦਿੱਤੀ ਹੈ।

ਵਿਭਾਗ ਅੰਦਰ ਅਧਿਆਪਕਾਂ ਦੀ ਕੀਤੀ ਜਾਂਦੀ ਲੁੱਟ-ਖਸੁੱਟ ਨੂੰ ਬੰਦ ਕਰਨ ਦੇ ਲਈ ਸਕੂਲ ਦੇ ਮੁਖੀਆਂ ਨੂੰ ਤਨਖਾਹ ਬਣਾਉਣ ਸਬੰਧੀ, ਟੈਕਸ ਸਬੰਧੀ ਰਿਕਾਰਡ ਦੇ ਪ੍ਰਬੰਧ ਬਾਰੇ ਪੱਤਰ ਜਾਰੀ ਕਰਕੇ ਅਧਿਆਪਕਾਂ ਤੋਂ ਲਏ ਜਾਂਦੇ ਪੈਸੇ ਤੇ ਪੂਰਨ ਪਾਬੰਦੀ ਲਗਾਈ ਗਈ ਹੈ।

ਅਧਿਆਪਕਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਆਉਣ ਤੇ ਸਿੱਖਿਆ ਸਕੱਤਰ ਵੱਲੋਂ ਆਪਣਾ ਨਿੱਜੀ ਮੋਬਾਇਲ ਵੀ ਜਨਤਕ ਕੀਤਾ ਜਾ ਚੁੱਕਾ ਹੈ। ਨਿਰਸੰਦੇਹ ਉਕਤ ਲਏ ਗਏ ਫ਼ੈਸਲੇ ਸੱਚਮੁੱਚ ਹੀ ਕਾਬਿਲ ਏ ਤਾਰੀਫ਼ ਹਨ ਜੋ ਕਿ ਵਿਭਾਗ ਨੂੰ ਤਰੱਕੀ ਦੇ ਮਾਰਗ ਤੇ ਲਿਜਾ ਸਕਦੇ ਹਨ। ਹੁਣ ਇਹ ਦੇਖਣਾ ਬਾਕੀ ਹੈ ਕਿ ਇਹਨਾਂ ਫੈਸਲਿਆਂ ਨੂੰ ਲਾਗੂ ਕਰਨ ਵਾਲੇ ਅਫ਼ਸਰ ਕਿੰਨੀ ਕੁ ਦਿਲਚਸਪੀ ਲੈਂਦੇ ਹਨ।

(ਵਿਰਸੇ ਦੀਆਂ ਬਾਤਾਂ)

# ਬਾਬੇ ਗੋਖ ਦਾ ਖੂੰਡਾ



ਗੁਰਲਾਲ ਸਿੰਘ ਬਰਾੜ
91- 84376-81200

ਗਿਆਨੀ ਗੁਰਦਿੱਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਪੜ੍ਹ ਰਿਹਾ ਸਾਂ। 'ਮੇਰੇ ਵੱਡੇ ਵਡੇਰੇ' ਸਿਰਲੇਖ ਵਾਲ਼ਾ ਅਧਿਆਏ ਪੜ੍ਹਦਿਆਂ ਮੇਰੇ ਆਪਣੇ ਪਿੰਡ ਦੇ ਇੱਕ ਪੁਰਾਣੇ ਬਜ਼ੁਰਗ਼ ਬਾਬੇ ਗੋਖ ਦੀ ਇੱਕ ਕਾਲਪਨਿਕ ਤਸਵੀਰ ਮੇਰੇ ਜ਼ਿਹਨ ਵਿੱਚ ਉੱਭਰ ਆਈ। ਬਾਬੇ ਗੋਖ ਦੀ ਗਾਥਾ ਬਚਪਨ ਵਿੱਚ ਸਾਡੇ ਪਿਤਾ ਜੀ ਸੁਣਾਇਆ ਕਰਦੇ ਸਨ।

ਗੱਲ ਉਹਨਾਂ ਵੇਲ਼ਿਆਂ ਦੀ ਹੈ ਜਦੋਂ ਪੰਜਾਬ ਦੇ ਲੋਕ ਦਿਮਾਗ਼ੀ ਤਾਕਤ ਨਾਲ਼ੋਂ ਸਰੀਰਿਕ ਬਲ਼ 'ਤੇ ਜ਼ਿਆਦਾ ਜ਼ੋਰ ਦਿੰਦੇ ਸਨ। ਬੇਹਿਸਾਬੀਆਂ ਖੁਰਾਕਾਂ ਖਾਣੀਆਂ ਤੇ ਜ਼ਿਦ-ਜ਼ਿਦ ਕੇ ਕੰਮ ਕਰਨਾਂ ਲੋਕਾਂ ਦਾ ਸ਼ੌਕ ਹੁੰਦਾ ਸੀ। ਬਾਬਾ ਗੋਖ ਵੀ ਉਹਨਾਂ ਵੇਲ਼ਿਆਂ ਦੀ ਪੈਦਾਇਸ਼ ਸੀ। ਸਰੂ ਵਰਗਾ ਉੱਚਾ ਛੇ ਫ਼ੁੱਟਾ ਕੱਦ ਅਤੇ ਓਨਾਂ ਹੀ ਲੰਮਾਂ ਤੇ ਭਾਰਾ ਖੂੰਡਾ, ਇਉਂ ਲੱਗਦਾ ਜਿਵੇਂ ਦੋ ਬੰਦੇ ਤੁਰੇ ਜਾਂਦੇ ਹੋਣ।

ਇੱਕ ਦਿਨ ਮੇਰੇ ਹੀ ਪਿੰਡ ਦਾ ਇੱਕ ਹੋਰ ਬਾਬਾ ਅਨੋਖ ਸਿਹੁੰ, ਜੋ ਬਾਬੇ ਗੋਖ ਦਾ ਭਤੀਜਾ ਲੱਗਦਾ ਸੀ, ਦਿਨ ਦੇ ਛਿਪਾ ਜਿਹੇ ਨਾਲ਼ ਖੇਤੋਂ ਗੇੜਾ ਮਾਰ ਕੇ ਮੁੜਿਆ ਤਾਂ ਸੱਥ ਵਿੱਚ ਖੁੰਢ 'ਤੇ ਬੈਠਾ ਬਾਬਾ ਗੋਖ ਮਿਲ ਪਿਆ। ਅਨੋਖ ਸਿਹੁੰ ਨੂੰ ਆਉਂਦਾ ਵੇਖ ਬਾਬੇ ਨੇ ਸਰਸਰੀ ਪੁੱਛਿਆ, "ਸੁਣਾ ਭਤੀਜ... ...ਐਸ ਵੇਲ਼ੇ ਕਿੱਧਰੋਂ?" "ਕੀ ਸੁਣਾਵਾਂ ਚਾਚਾ... ਸਹੁਰਾ ਢੱਠਾ ਗਿੱਝ ਗਿਆ ਇੱਕ, ਖੇਤ 'ਚ......ਆਪਣੇ ਪਿੰਡ ਦਾ ਤਾਂ ਹੈ ਨੀ......ਬਾਹਰੋਂ ਆਇਆ ਲੱਗਦੈ...... ਹੈ ਵੀ ਪੂਰਾ ਮਾਰ-ਖੁੰਢ, ਖੇਤ 'ਚੋਂ ਲਲ੍ਹਕਰੀਏ ਤਾਂ ਸਿੱਧਾ ਆਉਂਦੈ ਮਾਰਨ ਨੂੰ। ਓਸੇ ਨੂੰ ਖੇਤ 'ਚੋਂ ਕੱਢ ਕੇ ਆਇਐਂ ...... ਮਸਾਂ।" ਅਨੋਖ ਸਿਹੁੰ ਨੇ ਦੁਖੀ ਹੋ ਕੇ ਦੱਸਿਆ। "ਹੱਛਾ ! ਇਹ ਗੱਲ ਐ ਤਾਂ ਸਵੇਰੇ ਮੈਨੂੰ ਵੀ ਨਾਲ਼ ਲੈ ਚੱਲੀਂ...ਚਾਚਾ-ਭਤੀਜਾ ਦੋਹੇਂ ਰਲ਼ ਕੇ ਮੋੜ ਦਿਆਂਗੇ।" ਬਾਬੇ ਗੋਖ ਨੇ ਸੁਲ੍ਹਾ ਮਾਰੀ।

ਤੇ ਅਗ਼ਲੇ ਦਿਨ ਬਾਬਾ ਗੋਖ ਅਨੋਖ ਸਿਹੁੰ ਦੇ ਨਾਲ਼ ਖੇਤ ਜਾਂਦਾ ਰਿਹਾ। ਢੱਠਾ ਵੀ ਸਵੱਬੀਂ ਖੇਤ 'ਚ ਹੀ ਚਰ ਰਿਹਾ ਸੀ। ਉਹਨਾਂ ਨੂੰ ਦੂਰੋਂ ਹੀ ਆਉਂਦਿਆਂ ਵੇਖ ਕੇ ਢੱਠੇ ਨੇ ਬੜ੍ਹਕ ਮਾਰੀ। "ਵੇਖ ਲੈ ਚਾਚਾ...ਹੰਕਾਰਿਆ ਐ ਪੂਰਾ।" ਅਨੋਖ ਸਿੰਘ ਡਰਦਾ ਜਿਹਾ ਬੋਲਿਆ। "ਕੋਈ ਨਾ ਭਤੀਜ ਹੌਸਲਾ ਰੱਖ।" ਬਾਬੇ ਗੋਖ ਨੇ ਧੀਰਜ ਦਿੱਤਾ ਅਤੇ ਦੋਵੇਂ ਜਣੇ ਹੌਲ਼ੀ-ਹੌਲ਼ੀ ਢੱਠੇ ਦੇ ਨੇੜੇ ਪੁੱਜ ਗਏ। ਬਾਬੇ ਗੋਖ ਨੇ ਨਿਗ੍ਹਾ ਭਰ ਕੇ ਢੱਠੇ ਨੂੰ ਵੇਖਿਆ, ਜਿਵੇਂ ਉਸਦੇ ਜ਼ੋਰ ਨੂੰ ਜਾਂਚ ਰਿਹਾ ਹੋਵੇ। ਫਿਰ ਲਾਂਗੜ ਕੱਢ ਕੇ ਤੇ ਖੂੰਡੇ ਨੂੰ ਫਬਾ ਕੇ ਦੋਹਾਂ ਹੱਥਾਂ ਵਿੱਚ ਫੜ੍ਹ ਕੇ ਬੋਲਿਆ, "ਲੈ ਭਤੀਜ, ਹੁਣ ਤੂੰ ਮੇਰੇ ਮੂਹਰੇ ਖੜ੍ਹ ਜਾ ਤੇ ਢੱਠੇ ਨੂੰ ਲਲ੍ਹਕਰਾ ਮਾਰ।"

ਬਾਬੇ ਦੀ ਗੱਲ ਸੁਣ ਕੇ ਅਨੋਖ ਸਿਹੁੰ ਠਠੰਬਰ ਗਿਆ ਤੇ ਕਹਿਣ ਲੱਗਾ, "ਮਖ਼ੌਲ ਕਰਦੈਂ ਚਾਚਾ ? ਉਹ ਤਾਂ ਤੀਰ ਆਂਗੂੰ ਆਉਂਦੈ...ਮੇਰੀਆਂ ਤਾਂ ਚਕਾ ਦੂ ਛਾਲ਼ਾਂ।" "ਭਤੀਜ ਘਾਬਰ ਨਾ, ਤੂੰ ਮੇਰੇ ਮੂਹਰੇ ਖੜ੍ਹ ਕੇ ਇੱਕ ਵਾਰ ਲਲ੍ਹਕਰਾ ਮਾਰ ਦੇ ਤੇ ਜਦੋਂ ਢੱਠਾ ਨੇੜੇ ਆਵੇ ਤਾਂ ਭੱਜ ਕੇ ਪਾਸੇ ਹੋ ਜੀਂ... ਬਾਕੀ ਮੈਂ ਜਾਣਾ ਤੇ ਮੇਰਾ ਕੰਮ।" ਚਾਚੇ ਨੇ ਭਤੀਜੇ ਦਾ ਮੋਢਾ ਥਾਪੜਿਆ।

ਅਨੋਖ ਸਿਹੁੰ ਨੇ ਬਾਬੇ ਗੋਖ ਦੇ ਅੱਗੇ ਖੜ੍ਹ ਕੇ ਢੱਠੇ ਨੂੰ ਲਲਕਾਰਾ ਮਾਰਿਆ। ਤਾਕਤ ਦੇ ਜ਼ੋਰ ਵਿੱਚ ਅੰਨ੍ਹਾਂ ਹੋਇਆ ਢੱਠਾ ਸਿਰ-ਮੈਦਾਨ ਉਹਨਾਂ ਵੱਲ ਨੂੰ ਭੱਜਿਆ। "ਹੋ ਜਾ ਭਤੀਜ ਪਾਸੇ... ਹੁਣ ਮੈਂ ਵਿਹਨਾਂ ਇਹਨੂੰ।" ਬਾਬਾ ਗੋਖ ਪੂਰੇ ਪੈਂਤੜੇ 'ਚ ਹੋ ਕੇ ਬੋਲਿਆ। ਅਨੋਖ ਸਿੰਘ ਪਾਸੇ ਹਟਿਆ ਤੇ ਠਾਹ ਕਰਦਾ ਖੂੰਡਾ ਢੱਠੇ ਦੇ ਸਿੰਗਾਂ ਦੇ ਵਿਚਾਲ਼ੇ ਠੁੱਕਿਆ। ਸੱਟ ਖਾ ਕੇ ਜਾਨਵਰ ਪਿੱਛੇ ਹਟਿਆ ਤੇ ਹੁੜ੍ਹੀ ਲੈ ਕੇ ਫਿਰ ਬਾਬੇ ਵੱਲ ਨੂੰ ਵਧਿਆ। ਬਾਬੇ ਨੇ ਫਿਰ ਪੱਬਾਂ ਭਾਰ ਹੋ ਕੇ ਖੂੰਡਾ ਦੋਹਾਂ ਸਿੰਗਾਂ 'ਚ ਮਾਰਿਆ। ਢੱਠਾ ਵੀ ਜਿਵੇਂ ਆਈ 'ਤੇ ਆਇਆ ਹੋਇਆ ਸੀ। ਤੀਜੀ ਵਾਰ ਫਿਰ ਖੁਰਾਂ ਨਾਲ਼ ਧਰਤੀ ਪੁੱਟਦਾ ਤੇ ਨਾਸਾਂ ਫੁੰਕਾਰਦਾ ਢੱਠਾ ਹਨੇਰੀ ਵਾਂਗ ਆਇਆ। ਬਾਬੇ ਗੋਖ ਨੇ ਵੀ ਪੂਰਾ ਟਿੱਲ ਲਾ ਕੇ ਖੂੰਡਾ ਮਾਰਿਆ। ਦਰਖ਼ਤ ਦਾ ਟਾਹਣ ਟੁੱਟਣ ਵਰਗੀ ਅਵਾਜ਼ ਆਈ ਤੇ ਖੂੰਡਾ ਅੱਧ-ਵਿਚਾਲ਼ਿਉਂ ਟੁੱਟ ਕੇ ਪਾਸੇ ਜਾ ਡਿੱਗਾ। ਓਧਰ ਢੱਠੇ ਦੀ ਬੂਥ ਵੀ ਧਰਤੀ 'ਤੇ ਲੱਗ ਗਈ।

" ਹੁਣ ਕੀ ਬਣੂੰ ਚਾਚਾ ?" ਖੂੰਡਾ ਟੁੱਟ ਜਾਣ ਕਰਕੇ ਅਨੋਖ ਸਿਹੁੰ ਹੋਰ ਘਬਰਾ ਗਿਆ। ਬਾਬੇ ਗੋਖ ਨੇ ਪਾਸੇ ਨੂੰ ਮੂੰਹ ਕਰਕੇ ਥੁੱਕਿਆ ਤੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ਼ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਬੋਲਿਆ, "ਬਣਨਾ ਕੀ ਐ ਭਤੀਜ... ਪਹਿਲੀ ਗੱਲ ਤਾਂ ਹੁਣ ਇਹ ਉੱਠਦਾ ਨੀ... ਤੇ ਜੇ ਉੱਠ ਖੜ੍ਹਾ... ਫੇਰ ਆਪਣੀ ਕੋਈ ਵਾਹ ਨੀ।" ਜ਼ੋਰ ਦੋਹਾਂ ਧਿਰਾਂ ਦਾ ਹੀ ਬੀਂਡੀ ਵਾਲ਼ਾ ਲੱਗ ਚੁੱਕਾ ਸੀ। ਢੱਠਾ ਸੰਭਲ਼ਿਆ ਪਰ ਬਾਬੇ ਹੋਰਾਂ ਵੱਲ ਆਉਣ ਦੀ ਬਜਾਏ ਪਿਛਲ-ਖੁਰੀ ਨੱਸ ਗਿਆ ਅਤੇ ਫੇਰ ਕਦੇ ਅਨੋਖ ਸਿੰਘ ਦੇ ਖੇਤ ਨਾ ਵੜਿਆ।

ਬਾਬੇ ਗੋਖ ਦਾ ਵਿਆਹ ਹੋਇਆ ਤਾਂ ਉਹ ਪਹਿਲੀ ਵਾਰ ਸਹੁਰੀਂ ਗਿਆ। ਪਿੰਡ ਵੜਦਿਆਂ ਹੀ ਪਿੰਡ ਦਾ ਇੱਕ ਚਾਂਭਲਿਆ ਬਦਮਾਸ਼ ਊਠ ਦੇ ਮੂਹਰੇ ਹੋ ਖਲੋਤਾ। ਬਾਬੇ ਨੇ ਊਠ ਦੀ ਮੁਹਾਰ ਖਿੱਚਦਿਆਂ ਪੁੱਛਿਆ, "ਹਾਂ ਬਾਈ ਜੁਆਨਾ... ਕਾਹਦੀ ਗੱਲ ਐ ?" "ਗੱਲ ਕਾਹਦੀ ਹੋਣੀ ਐਂ... ਮੈਂ ਪਿੰਡ ਦੇ ਜੁਆਈ ਨੂੰ ਨਿਉਂਦਾ ਲਏ ਬਗ਼ੈਰ ਜਾਣ ਨੀ ਦਿੱਤਾ ਕਦੇ।" "ਕਿਹੜਾ ਨਿਉਂਦਾ ?" ਬਾਬਾ ਗੋਖ ਅਜੇ ਪੁੱਛਣ ਹੀ ਲੱਗਾ ਸੀ ਕਿ ਪਿੰਡ ਦੇ ਇੱਕ ਬਜ਼ੁਰਗ਼ ਨੇ ਨੇੜੇ ਹੁੰਦਿਆਂ ਆਖਿਆ, " ਜੁਆਨਾ, ਦਾਰੂ ਦੀ ਇੱਕ ਬੋਤਲ ਦੇ ਕੇ ਮੱਥਾ ਡੰਮ੍ਹ ਦੇ ਇਹਦਾ, ਨਹੀਂ ਤਾਂ ਪਤਾ ਨੀ ਕੀ ਕੁਪੱਤ ਕਰੂ... ਇਹ ਸਾਰਿਆਂ ਨਾਲ਼ ਅਏਂ ਈ ਕਰਦੈ।" ਬਾਬੇ ਨੇ ਦਾੜ੍ਹੀ ਖੁਰਕੀ ਅਤੇ ਮੁੱਛਾਂ 'ਤੇ ਹੱਥ ਜਿਹਾ ਫੇਰ ਕੇ ਆਖਿਆ, "ਬਾਈ ਸਿੰਹਾਂ, ਹੁਣ ਤਾਂ ਬੋਤਲ ਹੈ ਨੀ... ਮੇਰੇ ਕੋਲ਼ੇ... ਪਰ ਤੇਰੇ ਨਾਲ਼ ਵਾਅਦਾ ਰਿਹਾ, ਸਵੇਰੇ ਜਾਣ ਲੱਗਿਆ ਜ਼ਰੂਰ ਦੇ ਕੇ ਜਾਊਂ।" "ਵੇਖ ਲੈ... ਨਹੀਂ ਤਾਂ ਪਿੰਡ ਆਜੂੰ ਤੇਰੇ... ਮੈਂ ਬੋਤਲ ਲੈਣ !" ਬਦਮਾਸ਼ ਜੇਤੂ ਹਾਸਾ ਹੱਸਿਆ। "ਮਖਿਆ ਜਕੀਨ ਮੰਨ... ਕੱਲ੍ਹ ਨੂੰ ਸਾਝਰੇ-ਸਾਝਰੇ ਐਥੇ ਈ ਮਿਲਾਂਗੇ।" ਬਾਬੇ ਦੀ ਗੱਲ ਦਾ ਯਕੀਨ ਕਰ ਕੇ ਬਦਮਾਸ਼ ਪਾਸੇ ਹੋ ਗਿਆ ਤੇ ਬਾਬਾ ਸਹੁਰੇ ਘਰ ਜਾ ਪੁੱਜਾ।

ਅਗ਼ਲੇ ਦਿਨ ਬਾਬਾ ਗੋਖ ਆਪਣੀ ਪਤਨੀ ਨੂੰ ਨਾਲ਼ ਲੈ ਕੇ ਸਵਖ਼ਤੇ ਹੀ ਤੁਰ ਪਿਆ। ਕਰਨੀ ਰੱਬ ਦੀ ਪਿੰਡ ਦੀ ਫ਼ਿਰਨੀ 'ਤੇ ਬਦਮਾਸ਼ ਫਿਰ ਅੱਗੇ ਹੋ ਖੜ੍ਹਾ, ਜਿਵੇਂ ਬਾਬੇ ਨੂੰ ਹੀ ਉਡੀਕ ਰਿਹਾ ਹੋਵੇ। "ਹਾਂ ਬਈ ਜੁਆਨਾ...ਲਿਆ ਫੇਰ ਮੇਰਾ ਨਿਉਂਦਾ।" ਬਦਮਾਸ਼ ਬੋਲਿਆ। "ਬਾਈ ਸਿੰਹਾਂ...ਤੂੰ ਫਿਰ ਟਲ਼ਦਾ ਨੀ ਹੁਣ ਨਿਉਂਦਾ ਲਏ ਬਿਨਾਂ ?" ਬਾਬਾ ਗੁੱਝਾ ਜਿਹਾ ਮੁਸਕਰਾਇਆ। "ਮਖਿਆ ਜਵਾਂ ਈ ਨੀ...ਮੈਂ ਅੱਜ ਤਾਂਈਂ ਪਿੰਡ ਦਾ ਕੋਈ ਜੁਆਈ-ਭਾਈ ਜਾਣ ਈ ਨੀ ਦਿੱਤਾ ਕਦੇ... ਨਿਉਂਦਾ ਲਏ ਬਗ਼ੈਰ।" ਬਦਮਾਸ਼ ਪੂਰਾ ਵੀਰ੍ਹਿਆ ਖੜ੍ਹਾ ਸੀ। ਬਾਬਾ ਗੋਖ ਫੁੱਲਾਂ ਵਾਲ਼ੇ ਝੋਲ਼ੇ 'ਚ ਹੱਥ ਜਿਹਾ ਮਾਰਦਾ ਕਹਿਣ ਲੱਗਾ, " ਚੰਗਾ ਬਾਈ ਸਿੰਹਾਂ...ਨਈਂ ਟਲ਼ਦਾ ਤਾਂ ਸੱਜੇ ਪਾਸੇ ਦੀ ਹੋ ਕੇ ਫੜ੍ਹ ਲੈ ਆਵਦਾ ਨਿਉਂਦਾ।" ਬਦਮਾਸ਼ ਬਾਬੇ ਦੀ ਮਾਰ 'ਚ ਆਇਆ ਤਾਂ ਬਾਬੇ ਨੇ ਇੱਕੋ ਖੂੰਡਾ ਟਿਕਾ ਕੇ ਮਾਰਿਆ ਤੇ ਬੋਤਾ ਤੋਰ ਕੇ ਪਿੰਡ ਨੂੰ ਆ ਗਿਆ। ਵਿਚਾਰਾ ਬਦਮਾਸ਼ ਇੱਕ ਵਾਰ ਥੱਲੇ ਡਿੱਗਿਆ ਮੁੜ ਕੇ ਨਾ ਉੱਠਿਆ।

ਕਹਿੰਦੇ ਸਮਾਂ ਪਾ ਕੇ ਉਸ ਬਦਮਾਸ਼ ਦਾ ਭਰਾ, ਆਪਣੇ ਭਾਈ ਦਾ ਬਦਲਾ ਬਾਬੇ ਗੋਖ ਤੋਂ ਲੈਣ ਵਾਸਤੇ ਸਾਡੇ ਪਿੰਡ ਆਇਆ। ਜਾਣ-ਬੁੱਝ ਕੇ ਦਿਨ ਦੇ ਛਿਪਾ ਜਿਹੇ ਨਾਲ਼ ਬਾਬੇ ਦੇ ਬੂਹੇ ਅੱਗੇ ਖਲੋ ਕੇ 'ਵਾਜ਼ ਮਾਰੀ, "ਬਾਈ ਗੋਖ ਸਿੰਹਾਂ...... ਘਰੇ ਈ ਐਂ ?" ਬਾਬਾ ਬਾਹਰ ਆਇਆ ਤਾਂ ਜਣਾ ਅਧੀਨਗੀ ਜਿਹੀ ਨਾਲ਼ ਬੋਲਿਆ, "ਮੈਂ ਬਾਈ......ਰਾਤ ਕੱਟਣੀ ਸੀ... ਸੱਥ 'ਚੋਂ ਪੁੱਛਿਆ ਤਾਂ ਥੋਡੇ ਪਿੰਡ ਆਲ਼ਿਆਂ ਨੇ ਤੇਰੀ ਦੱਸ ਪਾ 'ਤੀ।" "ਕੋਈ ਗੱਲ ਨੀ ਭਰਾਵਾ... ਤੇਰਾ ਆਵਦਾ ਘਰ ਐ... ਆਜਾ ਲੰਘਿਆ।" ਬਾਬੇ ਨੇ ਨਿਮਰਤਾ ਨਾਲ਼ ਕਿਹਾ। ਰਾਹੀ-ਪਾਂਧੀ ਦੀ ਸੇਵਾ ਉਹਨੀਂ ਦਿਨੀਂ ਲੋਕ ਧਰਮ ਸਮਝ ਕੇ ਕਰਦੇ ਸਨ।

ਰਾਤ ਨੂੰ ਰੋਟੀ-ਪਾਣੀ ਛਕਣ ਤੋਂ ਮਗਰੋਂ ਬਾਬਾ ਗੋਖ ਤੇ ਬਦਮਾਸ਼ ਦਾ ਭਰਾ ਗੱਲੀਂ ਪੈ ਗਏ। "ਬਾਈ ਸੁਣਿਐਂ...ਤੇਰਾ ਖੂੰਡਾ ਬੜਾ ਮਸ਼ਹੂਰ ਐ...'ਲਾਕੇ 'ਚ।" ਜਣੇ ਨੇ ਗੱਲ ਛੇੜੀ। "ਉਹ ਤਾਂ ਬਾਈ ਸਿੰਹਾਂ ਐਵੇਂ ਈ ਲੋਕ ਕਹਿ ਛੱਡਦੇ ਐ...ਐਡੀ ਤਾਂ ਕੋਈ ਗੱਲ ਨੀ।" ਬਾਬੇ ਨੇ ਸੰਖੇਪ ਜਿਹਾ ਜਵਾਬ ਦਿੱਤਾ। "ਮੈਂ ਤਾਂ ਸੁਣਿਐਂ ਬਾਈ ਨੇ ਹੁਸਨਰ ਪਿੰਡ 'ਚ ਬੰਦਾ ਈ ਮਾਰ 'ਤਾ ਸੀ...ਖੂੰਡੇ ਨਾਲ਼।" ਰਾਹੀ ਗੱਲ ਦੀ ਤਹਿ ਤੱਕ ਜਾਣਾ ਚਾਹੁੰਦਾ ਸੀ। "ਉਹ ਤਾਂ ਬਾਈ ਸਿੰਹਾਂ ਐਵੇਂ ਆਵਦੇ ਹੰਕਾਰ 'ਚ ਈ ਮਾਰਿਆ ਗਿਆ...ਹੋਰ ਆਪਣੀ ਕਿਹੜਾ ਲਾਗ-ਡਾਟ ਸੀ ਕੋਈ ਉਹਦੇ ਨਾਲ਼..." ਤੇ ਬਾਬੇ ਨੇ ਸਾਰੀ ਗੱਲ ਸਾਫ਼ਗੋਈ ਨਾਲ਼ ਮੁਸਾਫ਼ਰ ਨੂੰ ਸੁਣਾ ਕੇ ਦੀਵੇ ਨੂੰ ਫ਼ੂਕ ਮਾਰ ਦਿੱਤੀ।

ਅਗ਼ਲੇ ਦਿਨ ਬਾਬਾ ਗੋਖ ਮੁਸਾਫ਼ਰ ਨੂੰ ਰੋਟੀ-ਪਾਣੀ ਖੁਆ ਕੇ ਪਿੰਡ ਦੇ ਬਾਹਰ ਤੱਕ ਛੱਡਣ ਗਿਆ। ਵਿੱਛੜਣ ਲੱਗਿਆਂ ਮੁਸਾਫ਼ਰ ਨੇ ਡੱਬ ਵਿੱਚੋਂ ਪਿਸਤੌਲ਼ ਕੱਢਿਆ ਤੇ ਬਾਬੇ ਗੋਖ ਵੱਲ ਤਾਣ ਕੇ ਬੋਲਿਆ, " ਮੈਂ ਹੁਸਨਰ ਵਾਲ਼ੇ ਬਦਮਾਸ਼ ਦਾ ਭਰਾ ਆਂ, ਬਾਈ ਮੇਰਿਆ......ਤੇ ਮੈਂ ਆਇਆ ਸੀ ਆਵਦੇ ਭਾਈ ਦਾ ਬਦਲ਼ਾ ਲੈਣ ਪਰ ਤੇਰੇ ਰੋਟੀ-ਪਾਣੀ ਤੇ ਸਾਫ਼-ਦਿਲੀ ਨੇ ਮੇਰਾ ਭੁਲੇਖਾ ਕੱਢ ਦਿੱਤੈ...ਵਾਕਿਆ ਈ ਮੇਰੇ ਭਰਾ ਨੂੰ ਉਹਦਾ ਹੰਕਾਰ ਲੈ ਬੈਠਾ...ਤੇਰਾ ਕੋਈ ਕਸੂਰ ਨੀ ਸੀ...ਜਾਹ ਹੁਣ ਨਾ ਡਰੀਂ।" ਇਹ ਆਖ ਕੇ ਰਾਹੀ ਰਾਹ ਪੈ ਗਿਆ।

ਬਾਬੇ ਗੋਖ ਅਤੇ ਹੋਰ ਬਜ਼ੁਰਗ਼ਾਂ ਦੀਆਂ ਅਜਿਹੀਆਂ ਹੋਰ ਵੀ ਅਨੇਕਾਂ ਗਾਥਾਵਾਂ ਪਿੰਡ ਦੀ ਸੱਥ 'ਚ ਬੈਠੀਆਂ ਸਰੋਤਿਆਂ ਨੂੰ ਤਰਸਦੀਆਂ ਰਹਿੰਦੀਆਂ ਹਨ। ਨਵੀਂ ਪੀੜ੍ਹੀ ਵਟਸਐਪ ਜਾਂ ਫ਼ੇਸਬੁੱਕ 'ਤੇ ਨਜ਼ਰਾਂ ਗੱਡੀ ਉਹਨਾਂ ਨੂੰ ਅਣਗੌਲ਼ਿਆਂ ਕਰਕੇ ਲੰਘ ਜਾਂਦੀ ਹੈ।

# ਬੱਬਰ ਅਕਾਲੀ ਲਹਿਰ ਦਾ ਇਤਿਹਾਸ ਅਤੇ ਗਤੀਵਿਧੀਆਂ

* 12 ਅਕਤੂਬਰ 1920 – ਸ਼੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਅਕਾਲੀਆਂ ਦੀ ਨਿਗਰਾਨੀ ਹੇਠ ਆਏ।
* 16 ਨਵੰਬਰ 1920 – ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ।
* 14 ਦਸੰਬਰ 1920 – ਸ਼੍ਰੋਮਣੀ ਅਕਾਲੀ ਦਲ ਬਣਿਆਂ।
* 25 ਜਨਵਰੀ 1921 – ਤੇਜਾ ਸਿੰਘ ਭੁੱਚਰ ਦੀ ਅਗਵਾਈ 'ਚ ਅਕਾਲੀਆਂ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦਾ ਪ੍ਰਬੰਧ ਆਪਣੇ ਕਬਜੇ 'ਚ ਲਿਆ।
* 20 ਫਰਵਰੀ 1921– ਨਨਕਾਣਾ ਸਾਹਿਬ ਸਾਕਾ ਵਾਪਰਿਆ।
* 21 ਫਰਵਰੀ 1921 – ਕਰਮ ਸਿੰਘ ਦੌਲਤਪੁਰ ਨੇ ਮਹਿਤਪੁਰ 'ਚ ਸਿਆਸੀ ਕਾਨਫਰੰਸ ਕੀਤੀ।
* 3 ਮਾਰਚ 1921 – ਮਹਾਤਮਾ ਗਾਂਧੀ ਨੇ ਨਨਕਾਣਾ ਸਾਹਿਬ 'ਚ ਸ਼ਹੀਦੀ ਦੀਵਾਨ 'ਚ ਹਿੱਸਾ ਲਿਆ ਅਤੇ ਸਿੱਖਾਂ ਨੂੰ ਅਸਹਿਯੋਗ ਦਾ ਰਸਤਾ ਅਖਤਿਆਰ ਕਰਨ ਦਾ ਸੱਦਾ ਦਿੱਤਾ।
* 9 ਤੋਂ 11 ਮਾਰਚ 1921 ਮਾਸਟਰ ਮੋਤਾ ਸਿੰਘ ਨੇ ਕੋਟ ਫਤੂਹੀ ਦੀਵਾਨ 'ਚ ਨਨਕਾਣਾ ਸਾਹਿਬ ਕਤਲੇਆਮ ਦੀ ਨਿਖੇਧੀ ਕੀਤੀ ਅਤੇ ਸ਼ਾਂਤਮਈ ਤਰੀਕਿਆਂ 'ਦੀ ਨਿੰਦਿਆ ਕੀਤੀ।
* 18 ਮਾਰਚ 1921 – ਰੁੜਕਾ ਕਲਾਂ 'ਚ ਅਕਾਲੀ ਕਾਨਫਰੰਸ ਹੋਈ। ਮਾਸਟਰ ਮੋਤਾ ਸਿੰਘ ਨੇ ਭਾਸ਼ਨ ਦਿੱਤਾ।
* 21 ਮਾਰਚ 1921 – ਕਰਮ ਸਿੰਘ ਦੌਲਤਪੁਰ ਨੇ ਮਾਹਲਪੁਰ 'ਚ ਕਾਨਫਰੰਸ ਕੀਤੀ।
* 25 ਤੋਂ 27 ਮਾਰਚ 1921 – ਤੇਰਵੀਂ ਸਿੱਖ ਵਿਦਿਅਕ ਕਾਨਫਰੰਸ ਹੁਸ਼ਿਆਰਪੁਰ 'ਚ ਹੋਈ। ਜੁਝਾਰੂ ਅਕਾਲੀਆਂ ਨੇ ਨਨਕਾਣਾ ਸਾਹਿਬ ਕਤਲੇਆਮ ਦੇ ਦੋਸ਼ੀ ਅਫਸਰਾਂ ਨੂੰ ਮਾਰਨ ਦੀ ਵਿਉਂਤ ਬਣਾਈ।
* 4 ਅਪ੍ਰੈਲ 1921 – ਕਿਸ਼ਨ ਸਿੰਘ ਗੜਗੱਜ ਅਕਾਲੀ ਦਲ ਦੇ ਮੋਢੀ ਸਕੱਤਰ ਬਣੇ।
* 9 ਅਪ੍ਰੈਲ 1921 – ਅਕਾਲੀ ਦਲ ਦੇ ਸਕੱਤਰ ਦੇ ਦਫਤਰ ਵਿੱਚ ਜੁਝਾਰੂ ਅਕਾਲੀਆਂ ਨੇ ਮੀਟਿੰਗ ਕੀਤੀ।
* 21 ਮਈ 1921 – ਜੁਝਾਰੂ ਅਕਾਲੀਆਂ ਨੇ ਮੀਟਿੰਗ ਕਰਕੇ ਜੇ ਡਬਲਿਊ ਬੋਇੰਗ ਨੂੰ ਮਾਰਨ ਲਈ ਬੇਲਾ ਸਿੰਘ ਅਤੇ ਗੰਡਾ ਸਿੰਘ ਦੀ ਡਿਊਟੀ ਲਗਾਈ।
* 23 ਮਈ 1921 – ਬੇਲਾ ਸਿੰਘ ਅਤੇ ਗੰਡਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਪਲੈਨ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਫੇਲ੍ਹ ਹੋ ਗਈ।
* 4 ਜੂਨ 1921 – ਕਿਸ਼ਨ ਸਿੰਘ ਗੜਗੱਜ ਭਗੌੜਾ ਹੋਇਆ।
* 7 ਜੂਨ 1921 – ਮਾਸਟਰ ਮੋਤਾ ਸਿੰਘ ਪਤਾਰਾ ਵੱਲੋਂ ਉੱਤਰ ਪੱਛਮੀ ਸਰਹੱਦੀ ਸੂਬੇ ਨੂੰ ਰਵਾਨਗੀ।
* 29 ਅਕਤੂਬਰ 1921 – ਅੰਗਰੇਜੀ ਸਰਕਾਰ ਦੇ ਕਰਿੰਦੇ ਨੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ਾਖਾਨੇ ਦ ੀ ਅ ਾਂ ਚਾਬੀਆਂ ਲੈ ਲਈਆਂ।
* ਅਕਤੂਬਰ 1921 – ਕਰਮ ਸਿੰਘ ਦੌਲਤਪੁਰ ਨੇ ਕੁੱਕੜ ਮਜਾਰੇ ਕਾਨਫਰੰਸ ਕੀਤੀ। ਕਿਸ਼ਨ ਸਿੰਘ ਗੜਗੱਜ ਨੇ ਹਰਦਾਸਪੁਰ, ਪਲਾਹੀ ਅਤੇ ਚਹੇੜੂ 'ਚ ਮੀਟਿੰਗਾਂ 'ਚ ਭਾਸ਼ਣ ਦਿੱਤੇ।



ਡਾ. ਗੁਰਚਰਨ ਸਿੰਘ ਔਲਖ

* 1 ਨਵੰਬਰ 1921 – ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ 'ਤੇ ਹੋਠੀਆਂ ਗੁਰੂਦੁਆਰੇ ਦਾ ਕਬਜਾ ਲੈਣ ਲਈ ਕਰਮ ਸਿੰਘ ਦੌਤਲਪੁਰ ਨੇ 50 ਅਕਾਲੀਆਂ ਦੇ ਜੱਥੇ ਦੀ ਅਗਵਾਈ ਕੀਤੀ।
* 7 ਨਵੰਬਰ 1921 – ਚਾਬੀਆਂ ਦਾ ਮੋਰਚਾ ਸ਼ੁਰੂ ਹੋਇਆ।
* 15 ਨਵੰਬਰ 1921 – ਮਾਸਟਰ ਮੋਤਾ ਸਿੰਘ ਨੇ ਨਨਕਾਣਾ ਸਾਹਿਬ 'ਚ ਗੁਰੂ ਨਾਨਾਕ ਦੇਵ ਜੀ ਦੇ ਗੁਰਪੁਰਬ ਮੌਕੇ ਅਚਾਨਕ ਭਰੇ ਦੀਵਾਨ 'ਚ ਅਚਾਨਕ ਆਕੇ ਬਹੁਤ ਜੁਝਾਰੂ ਭਾਸ਼ਣ ਦਿੱਤਾ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ।
* ਨਵੰਬਰ 1921– ਕਰਮ ਸਿੰਘ ਦੌਲਤਪੁਰ ਨੇ ਚੱਕਰਵਰਤੀ ਜੱਥਾ ਬਣਾਇਆ। ਰੁੜਕਾ ਕਲਾਂ 'ਚ ਕਾਨਫਰੰਸ, ਚਹੇੜੂ, ਫਗਵਾੜਾ, ਜਲੰਧਰ 'ਚ ਮੀਟਿੰਗਾਂ ਅਤੇ ਬਿਣਗਾਂ 'ਚ ਦੀਵਾਨ ਹੋਏ।
* 6 ਦਸੰਬਰ 1921 – ਕਿਸ਼ਨ ਸਿੰਘ ਗੜਗੱਜ ਨੇ ਹਰੀਪੁਰ 'ਚ ਅੰਗਰੇਜ ਸਰਕਾਰ ਵਿਰੋਧੀ ਭਾਸ਼ਣ ਦਿੱਤਾ।
* 12 ਦਸੰਬਰ 1921 – ਮਾਸਟਰ ਦਲੀਪ ਸਿੰਘ ਗੋਸਲ ਨੇ ਰੁੜਕਾ ਕਲਾਂ ਦੀਵਾਨ 'ਚ ਭਾਸ਼ਣ ਦਿੱਤਾ।
* 21 ਦਸੰਬਰ 1921 – ਝਿੰਗੜ ਵਿੱਚ ਦੀਵਾਨ ਲਾਇਆ।
* 24 ਤੋਂ 28 ਦਸੰਬਰ 1921 – ਕਿਸ਼ਨ ਸਿੰਘ ਗੜਗੱਜ ਨੇ ਚਮਕੌਰ ਸਾਹਿਬ ਅਤੇ ਸਰਹੰਦ 'ਚ ਦੀਵਾਨਾਂ 'ਚ ਸ਼ਮਲੀਅਤ ਕੀਤੀ।
* 12 ਜਨਵਰੀ 1922 – ਮੂਲਾ ਸਿੰਘ ਬਾਹੋਵਾਲ ਦੀ ਅਗਵਾਈ 'ਚ ਅਕਾਲੀਆਂ ਨੇ ਸ਼੍ਰੀ ਅਨੰਦਪੁਰ ਸਾਹਿਬ ਗੁਰੂਦੁਆਰੇ ਦਾ ਪ੍ਰਬੰਧ ਕਬਜੇ ਹੇਠ ਲਿਆ। ਕਿਸ਼ਨ ਸਿੰਘ ਗੜਗੱਜ ਦੀ ਅਗਵਾਈ 'ਚ ਜੁਝਾਰੂ ਅਕਾਲੀਆਂ ਨੇ ਸ਼੍ਰੀ ਕੀਰਤਪੁਰ ਸਾਹਿਬ ਦੇ ਗੁਰੂਦੁਆਰੇ ਦੇ ਪ੍ਰਬੰਧ 'ਤੇ ਕਬਜ਼ਾ ਕੀਤਾ।
* 17 ਜਨਵਰੀ 1922 – ਚਾਬੀਆਂ ਦੇ ਮੋਰਚੇ ਵਿੱਚ ਫੜੇ ਅਕਾਲੀ ਰਿਹਾ ਕੀਤੇ।
* 18 ਜਨਵਰੀ 1922 – ਸਰਕਾਰੀ ਨੁਮਾਇੰਦੇ ਨੇ ਬਾਬਾ ਖੜਕ ਸਿੰਘ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਆ ਕੇ ਤੋਸ਼ਾਖਾਨੇ ਦੀਆਂ ਚਾਬੀਆਂ ਸੌਂਪੀਆਂ।
* 25 ਜਨਵਰੀ 1922 – ਕਰਮ ਸਿੰਘ ਦੌਲਤਪੁਰ ਨੇ ਨਵਾਂ ਸ਼ਹਿਰ 'ਚ ਦੀਵਾਨ ਦਾ ਪ੍ਰਬੰਧ ਕੀਤਾ।
* 31 ਜਨਵਰੀ 1922 – ਜਾਡਲੇ ਮੀਟਿੰਗ ਹੋਈ।
* 24 ਤੋਂ 26 ਫਰਵਰੀ 1922 – 101 ਅਖੰਡ ਪਾਠਾਂ ਦੇ ਭੋਗ ਮੌਕੇ ਘੁੜਿਆਲ ਵਿੱਚ ਦੀਵਾਨ ਲਾਇਆ। ਕੋਟ ਫਤੂਹੀ ਵਿੱਚ ਕਾਨਫਰੰਸ ਕੀਤੀ।
* 14 ਮਾਰਚ 1922 – ਕਿਸ਼ਨ ਸਿੰਘ ਗੜਗੱਜ ਨੇ ਹੋਲੇ ਮਹੱਲੇ ਮੌਕੇ ਸ਼੍ਰੀ ਅਨੰਦਪੁਰ ਸਾਹਿਬ 'ਚ ਅੰਗਰੇਜ ਸਰਕਾਰ ਵਿਰੋਧੀ ਭਾਸ਼ਣ ਦਿੱਤਾ।
* ਮਾਰਚ 1922– ਬਹਾਨੀ ਵਿੱਚ ਦੀਵਾਨ ਲਾਇਆ।
* 18 ਮਾਰਚ 1922 – ਸਰਹਾਲੇ ਵਿੱਚ ਦੀਵਾਨ ਲਾਇਆ।
* 19 ਮਾਰਚ 1922 – ਕਿਸ਼ਨ ਸਿੰਘ ਗੜਗੱਜ ਨੇ ਸਰਕਾਰੀ ਝੋਲੀਚੁੱਕਾਂ ਨੂੰ ਲਲਕਾਰ ਕੇ ਸੰਘਵਾਲ ਦੇ ਦੀਵਾਨ 'ਚ ਭਾਸ਼ਣ ਦਿੱਤਾ।
* 20 ਮਾਰਚ 1922 – ਅੱਪਰੇ ਵਿੱਚ ਕਾਨਫਰੰਸ ਕੀਤੀ।
* 24 ਮਾਰਚ 1922 ਕਿਸ਼ਨ ਸਿੰਘ ਗੜਗੱਜ ਗਰੁੱਪ ਵੱਲੋਂ ਟੋਡੀਆਂ ਦਾ ਸੁਧਾਰ ਕਰਨ ਲਈ ਢੰਗ ਤਰੀਕਿਆਂ ਬਾਰੇ ਵਿਚਾਰ ਕਰਨ ਲਈ ਰਾਜੇਵਾਲ ਵਿੱਚ ਮੀਟਿੰਗ ਕੀਤੀ।
* 13 ਅਪ੍ਰੈਲ 1922 ਕਰਮ ਸਿੰਘ ਦੌਲਤਪੁਰ ਗਰੁੱਪ ਵੱਲੋਂ ਸਾਧਰੇ ਵਿੱਚ ਟੋਡੀਆਂ ਦੇ ਸੁਧਾਰ ਦਾ ਮਤਾ ਪਕਾਉਣ ਲਈ ਮੀਟਿੰਗ ਕੀਤੀ।
* 22 ਅਪ੍ਰੈਲ 1922 –ਕਿਸ਼ਨ ਸਿੰਘ ਗੜਗੱਜ ਅਤੇ ਮਾਸਟਰ ਮੋਤਾ ਸਿੰਘ ਨੂੰ ਫੜਨ ਲਈ ਪੁਲਿਸ ਨੇ ਬਿਣਗਾਂ ਵਿਚ ਛਾਪਾ ਮਾਰਿਆ।
* 11 ਮਈ 1922 ਸੁੰਦਰ ਸਿੰਘ ਮਖਸੂਸਪੁਰੀ ਨੂੰ ਸੂੰਢ ਤੋਂ ਗ੍ਰਿਫਤਾਰ ਕੀਤਾ।
* 20 ਮਈ 1922 ਕਿਸ਼ਨ ਸਿੰਘ ਗੜਗੱਜ ਦੇ ਗਰੁੱਪ ਨੇ ਝੋਲੀਚੁੱਕ ਰਹਨਾਮ ਸਿੰਘ ਮਹਿਦੀਪੁਰ ਉੱਤੇ ਕਾਤਲਾਨਾ ਹਮਲਾ ਕੀਤਾ।




* 28 ਮਈ 1922 ਝੋਲੀਚੁੱਕਾਂ ਦੇ ਸੁਧਾਰ ਲਈ ਕਰਮ ਸਿੰਘ ਦੌਲਤਪੁਰ ਗਰੁੱਪ ਨੇ ਕੌਲਗੜ੍ਹ 'ਚ ਮੀਟਿੰਗ ਕੀਤੀ।
* 16 ਜੂਨ 1922 – ਮਾਸਟਰ ਮੋਤਾ ਸਿੰਘ ਨੂੰ ਉਸਦੇ ਪਿੰਡ ਪਤਾਰੇ ਤੋਂ ਗ੍ਰਿਫਤਾਰ ਕਰ ਲਿਆ।
* 3 ਜੁਲਾਈ 1922 ਕਰਮ ਸਿੰਘ ਦੌਲਤਪੁਰ ਦੇ ਗਰੁੱਪ ਨੇ ਬਛੌੜੀ ਦੇ ਲੰਬੜਦਾਰ ਕਾਕੇ ਕੋਲੋਂ 570 ਰੁਪਏ 2 ਆਨੇ ਖੋਹ ਲਏ।
* 9 ਜੁਲਾਈ 1922 ਕਿਸ਼ਨ ਸਿੰਘ ਗੜਗੱਜ ਨੇ ਦੋਵੇਂ ਚੱਕਰਵਰਤੀ ਜਥਿਆਂ ਦੇ ਰਲੇਵੇਂ ਦੀ ਪ੍ਰਵਾਨਗੀ ਦਿੱਤੀ। ਆਸਾ ਸਿੰਘ ਨੂੰ ਨਾਲ ਲੈ ਕੇ ਕਿਸ਼ਨ ਸਿੰਘ ਗੜਗੱਜ ਨੇ ਹਯਾਤਪੁਰ ਵਿੱਚ ਕਰਮ ਸਿੰਘ ਦੌਲਤਪੁਰ ਨਾਲ ਮੁਲਾਕਾਤ ਕੀਤੀ।
* 9 ਅਗਸਤ 1922 –ਗੁਰੂ ਕਾ ਬਾਗ ਵਿੱਚ ਅਕਾਲੀ ਗ੍ਰਿਫਤਾਰ।
* 18 ਅਗਸਤ 1922 ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ ਅਤੇ ਕਿਸ਼ਨ ਸਿੰਘ ਗੜਗੱਜ, ਮਾਸਟਰ ਮੋਤਾ ਸਿੰਘ ਨੂੰ ਮਿੰਟਗੁਮਰੀ ਜੇਲ੍ਹ ਚ ਮਿਲਣ ਗਏ।

**–ਸੀਤਾ ਰਾਮ ਬਾਂਸਲ ਅਤੇ ਗੁਰਲਾਲ ਸਿੰਘ ਬਰਾੜ**

## ਸਾਹਿਤਕ ਪੈੜਾਂ- ਇਸ ਹਫਤੇ ਦੇ ਕੈਲੇਫੋਰਨੀਆਂ ਦੇ ਗੀਤਕਾਰ- ਦੇਵ ਘੋਲੀਆ

# ਮਾਲਵੇ ਨੂੰ ਮਾਣ ਹੈ ਗੀਤਕਾਰ ਤੇ ਗਾਇਕਾਂ 'ਤੇ

## ਉਹਨਾਂ 'ਚੋਂ ਇਕ ਹੈ ਗੀਤਕਾਰ 'ਦੇਵ ਘੋਲੀਆ'



ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨੀ ਰੱਬੀ ਦਾਤ ਕਿਸੇ ਨੂੰ ਗਾ ਕੇ ਜਾਂ ਲਿਖ ਕੇ ਬੜੇ ਸੁਭਾਗਾਂ ਨਾਲ ਮਿਲਦੀ ਹੈ। ਜੇ ਮਿਲੀ ਤਾਂ ਮਾਲਵਾ ਖੇਤਰ ਨੂੰ ਜੋ ਅੱਜ ਵੀ ਕਈ ਦਹਾਕਿਆਂ ਤੋਂ ਸਾਰੇ ਪੰਜਾਬ ਵਿਚ ਛਾਇਆ ਹੋਇਆ ਹੈ। ਭਾਵੇਂ ਕਈ ਹਾਲਾਤਾਂ ਤੋਂ ਮਜਬੂਰ ਹੋ ਕੇ ਥੋੜ੍ਹੀ ਤਾਲੀਮ ਹੋਣ ਦੇ ਬਾਵਜੂਦ ਵੀ ਨੰਬਰ ਵੰਨ ਲਿਖਾਰੀ ਸਾਬਤ ਹੋਏ ਜਿਵੇਂ ਕਰਨੈਲ ਸਿੰਘ ਪਾਰਸ, ਅਮਰ ਸਿੰਘ ਚਮਕੀਲਾ, ਦੀਦਾਰ ਸੰਧੂ।

ਇਹਨਾਂ ਰੋਜ਼ੀ-ਰੋਟੀ ਖਾਤਰ ਕਲਾ ਦੇ ਜੌਹਰ ਦਿਖਾਏ। ਜਿਹੜੇ ਪੰਜਾਬ ਵਿਚ ਗੀਤਕਾਰੀ ਦਾ ਰੰਗ ਬੰਨ੍ਹਣ ਲਈ ਮੀਲ ਪੱਥਰ ਸਾਬਤ ਹੋਏ। ਇਹੋ ਜਿਹੀ ਕਿਸੇ ਨੂੰ ਕੋਈ ਚੇਟਕ ਲੱਗੇ, ਉਹ ਵੀ ਇਕ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ। ਮੇਰੇ ਲਈ ਵੀ ਇਕ ਗੀਤ ਗੁਰਦੀਪ ਘੋਲੀਏ ਦਾ ਲਿਖਿਆ ਗੁਰਪਾਲ ਤਾਰਬਾਬੂ ਦਾ ਗਾਇਆ,ਜਿਸ ਦੀਆਂ ਅਖੀਰਲੀਆਂ ਸੱਤਰਾਂ:

ਬੋਲੀ ਘੋਲੀਏ ਨੇ ਚੱਕੀ ਪਾਲੀ ਗਿੱਧੇ ਵਿਚ ਨੱਚੀ
ਉਹਦੀ ਮੁੜਕੇ ਨਾ ਚਿਉਂਦੀ ਕੁੜਤੀ ਨੱਚਣੋਂ ਬੱਸ ਨਾ ਕਰੇ।
ਪੋਲੀ ਪਾਣੀ ਖੂਹ ਤੋਂ ਭਰੇ।

ਜਦੋਂ ਘੋਲੀਏ ਦਾ ਨਾਂ ਸਾਰੇ ਪੰਜਾਬ 'ਚ ਗੂੰਜਿਆ ਤੇ ਮੈਨੂੰ ਝੰਜੋੜ ਕੇ ਚੇਟਕ ਲੱਗਿਆ, ਅਖੀਰ ਗੀਤਕਾਰ ਬਣਨ ਦੀ ਤਮੰਨਾ ਦਿਲ ਵਿਚ ਹੋਈ ਪਰ ਮੇਰੀ ਖੁਸ਼ਕਿਸਮਤੀ ਪੰਜਾਬ ਦੇ ਉਤੇ ਗੀਤਕਾਰ ਬਾਬੂ ਸਿੰਘ ਮਾਨ ਨਾਲ ਫਰੀਦਕੋਟ ਪੜ੍ਹਦੇ ਸਮੇਂ ਹੋਈ, ਜਿਹਨਾਂ ਨੇ ਚੇਲਾ ਬਾਲਕਾ ਤਿਆਰ ਕਰਨ ਵਿਚ ਕੋਈ ਕਸਰ ਨਾ ਛੱਡੀ।

ਪਰ ਮੇਰੀ ਤਮੰਨਾ ਰੋਜ਼ੀ-ਰੋਟੀ ਦੀ ਖਾਤਰ ਵਿਦੇਸ਼ਾਂ ਵਿਚ ਸੈਟਲ ਹੋਣ ਲਈ ਕੁਝ ਲੇਟ ਤਾਂ ਹੋਈ। ਇਸ ਕਸਰ ਨੂੰ ਦੂਰ ਕਰਨ ਲਈ ਪੰਜਾਬ ਦੇ ਪ੍ਰਸਿੱਧ ਕਾਲਮ ਨਵੀਸ ਜਗਤਾਰ ਗਿੱਲ ਦੀ ਮੁਲਾਕਾਤ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਇਸੇ ਕਰਕੇ ਮੇਰੀ ਕਲਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ, ਜਲਦੀ ਹੀ ਦੂਜੀ ਕਿਤਾਬ (ਛਣਕਾਟਾ) ਪਾਠਕਾਂ ਦੇ ਹੱਥਾਂ ਵਿਚ ਹੋਵੇਗੀ। ਸਾਰੇ ਦੋਸਤਾਂ ਦੀ ਹੱਲਾਸ਼ੇਰੀ ਲਈ ਸਦਾ ਰਿਣੀ ਰਹਾਂਗਾ।

**- ਦੇਵ ਘੋਲੀਆ ਖੁਰਦ ਫਰਿਜ਼ਨੋ**
559-232-7764

## ਇਸ਼ਕ

ਗੁੜ ਨਾਲੋਂ ਕਹਿੰਦੇ ਇਸ਼ਕ ਮਿਠਾ ਪਰ ਲੱਗ ਨਾ ਕਿਸੇ ਨੂੰ ਜਾਵੇ
ਕੋਈ ਨਾ ਲਾਉਂਦਾ ਆਪੇ ਲੱਗਦਾ ਜਿਹੜਾ ਮੱਛੀ ਵਾਂਗ ਤੜਫਾਵੇ
ਤਾਹੀਉਂ ਸੱਸੀ ਸੜ ਗਈ ਵਿਚ ਥਲਾਂ ਦੇ ਪੁੰਨੂ ਪਈ ਕੁਰਲਾਉਂਦੀ
ਇਸ਼ਕ ਜਿਹਨਾਂ ਦੇ ਹੱਡੀਂ ਰਚਿਆ ਨੀਂਦ ਕਦੋਂ ਦੱਸ ਆਉਂਦੀ।

ਭਰਾ ਭਰਜਾਈਆਂ ਰੋਕਿਆ ਮਿਰਜ਼ਾ ਬੱਕੀ ਤੇ ਚੜ੍ਹ ਜਾਂਦਾ
ਜਿਹੜਾ ਮੌਤੋਂ ਬੇ-ਪਰਵਾਹ ਸੀ ਘਰ ਚੰਦੜਾਂ ਦੇ ਵੜ ਜਾਂਦਾ
ਲੈ ਆਇਆ ਪਰ ਸਾਹਿਬਾਂ ਹਾਕਾਂ ਮਾਰ ਸੀ ਮੌਤ ਬੁਲਾਉਂਦੀ
ਇਸ਼ਕ ਜਿਹਨਾਂ ਦੇ ਹੱਡੀਂ ਰਚਿਆ ਨੀਂਦ .......

ਸਿਆਲਾਂ ਦੀ ਸੀ ਇਕ ਹੀ ਜੱਟੀ ਜਿਹੜੀ ਰਾਂਝਾ ਰਾਂਝਾ ਕਰਦੀ
ਭਾਵੇਂ ਸੈਦੇ ਵਰਗੇ ਦੁਸ਼ਮਣ ਬਣ ਗਏ ਨਾ ਹੀ ਕਿਸੇ ਤੋਂ ਡਰਦੀ
ਚੂਰੀ ਕੁੱਟ ਲਿਆਉਂਦੀ ਤੇ ਮੰਗੂ ਬਾਰਾਂ ਸਾਲ ਚਰਾਉਂਦੀ
ਇਸ਼ਕ ਜਿਹਨਾਂ ਦੇ ਹੱਡੀਂ ਰਚਿਆ ਨੀਂਦ .......

ਠਿੱਲ ਪਈ ਫਿਰ ਸੋਹਣੀ ਝਨਾਂ 'ਚ ਖੁਰ ਗਿਆ ਅੱਧ ਵਿਚ ਜਾ ਕੇ
ਉਥੇ ਮਹੀਂਵਾਲ ਫਿਰ ਲੱਭਦਾ ਫਿਰਦਾ ਮਰ ਗਿਆ ਗੋਤੇ ਖਾ ਕੇ
ਦੱਸੇ 'ਦੇਵ ਘੋਲੀਏ' ਵਾਲਾ ਕਿੱਸਾ ਤਾਹੀਉਂ ਦੁਨੀਆਂ ਗਾਉਂਦੀ
ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਨੀਂਦ ਕਦੋਂ ਦੱਸ ਆਉਂਦੀ।

## ਗੱਭਰੂ

ਵੇ ਤੂੰ ਪਿੱਛੋਂ ਆਵਾਜ਼ ਮਾਰੀ, ਉਹ ਤਾਂ ਹੁੰਦੀ ਬਹੁਤ ਮਾੜੀ
ਕਿਉਂ ਤੂੰ ਕਰੇ ਬਦਨਾਮੀ, ਮੇਰੀ ਜਿੰਦ ਸੂਲੀ ਚਾੜ੍ਹੀ
ਤੇਰੀ ਗੱਲ ਗਈ ਕਾਲਜੇ ਨੂੰ ਚੀਰ ਵੇ
ਤੇਰੇ ਵੱਸ ਨਾ ਗੱਭਰੂਆ ਵੇਖ ਵੱਗਦਾ ਅੱਖਾਂ ਦੇ ਵਿਚੋਂ ਨੀਰ ਵੇ
ਤੇਰੇ ਵੱਸ ਨਾ ਸੋਹਣਿਆ ....

ਕੋਈ ਰਾਹ ਪਿਆ ਜਾਣੇ ਜਾਂ ਕੋਈ ਵਾਹ ਪਿਆ ਜਾਣੇ
ਆਉਂਦੀ ਜਾਂਦੀ ਨੂੰ ਬੁਲਾਉਣਾ ਤੇਰੀ ਮੱਤ ਨਾ ਟਿਕਾਣੇ
ਤੇਰਾ ਚੱਲਣਾ ਨਾ ਕੱਦੂ ਵਿਚ ਤੀਰ ਵੇ
ਤੇਰੇ ਵੱਸ ਨਾ ਗੱਭਰੂਆਂ ਕਿਉਂ ਤੂੰ ਹੋ ਗਿਆ ਲਕੀਰ ਦਾ ਫਕੀਰ ਵੇ
ਤੇਰੇ ਵੱਸ ਨਾ ਸੋਹਣਿਆ ....

ਐਡਾ ਕਿਹੜਾ ਤੂੰ ਨਵਾਬ ਕਰੇ ਸਵਾਲ ਤੇ ਜਵਾਬ
ਕੋਈ ਕਰੇ ਨਾ ਕਮਾਈ, ਨਿੱਤ ਭਾਲਦਾ ਸ਼ਰਾਬ
ਮੈਨੂੰ ਦੱਸਦੀ ਹੈ ਪਿੰਡ ਦੀ ਮੰਡੀਰ ਵੇ
ਤੇਰੇ ਵੱਸ ਨਾ ਗੱਭਰੂਆਂ ਤੇਰੀ ਲੱਗਦੀ ਹੈ ਮਾੜੀ ਤਕਦੀਰ ਵੇ
ਤੇਰੇ ਵੱਸ ਨਾ ਸੋਹਣਿਆ ....

ਵੇ ਤੂੰ ਗੱਲ ਮੇਰੀ ਮੰਨ ਤੇਰੇ ਖੁੱਲ੍ਹ ਜਾਣੇ ਕੰਨ
ਔਖੀ ਆਸ਼ਕੀ ਮਾਸ਼ੂਕੀ ਤੇਰੇ ਹੱਡ ਦੇਣ ਭੰਨ
ਵੈਲੀ ਪਿੰਡ ਵਿਚ ਸਾਰੇ ਮੇਰੇ ਵੀਰ ਵੇ
ਤੇਰੇ ਵੱਸ ਨਾ ਗੱਭਰੂਆਂ ਤੇਰੀ ਜ਼ਿੰਦਗੀ ਤਾਂ ਹੋਜੂ ਲੀਰੋ ਲੀਰ
ਤੇਰੇ ਵੱਸ ਨਾ ਸੋਹਣਿਆ ....

ਵੇ ਤੂੰ ਲੱਗਦਾ ਸ਼ਿਕਾਰੀ ਜਿਵੇਂ 'ਜੈਤੋ' ਵਾਲਾ ਤਾਰੀ
ਤੈਨੂੰ ਦੱਸਦੀ ਹਾਂ ਵੈਸੇ ਮੇਰੀ 'ਦੇਵ' ਨਾਲ ਯਾਰੀ
ਜੀਹਨੂੰ ਸੱਦ ਕੇ ਖਵਾਉਂਦੀ ਨਿੱਤ ਖੀਰ ਵੇ
ਤੇਰੇ ਵੱਸ ਨਾ ਗੱਭਰੂਆਂ ਜੀਹਦੀ ਇਕ ਦਿਨ ਬਣਨਾ ਮੈਂ ਹੀਰ ਵੇ
ਤੇਰੇ ਵੱਸ ਨਾ ਸੋਹਣਿਆ ....

## ਰੰਗ ਬੇਰੰਗ

ਸੁਣ ਸੋਹਣਿਆ ਗੱਲ ਕਹਿਣ ਲੱਗੀ ਬੱਸ ਤੂੰ ਹੀ ਸਭ ਕੁਝ ਮੇਰਾ
ਵਿਚ ਪ੍ਰਦੇਸਾਂ ਜਾ ਕੇ ਬਹਿ ਗਿਆ ਪਾ ਲਿਆ ਗ਼ਮਾਂ ਨੇ ਘੇਰਾ
ਤੇਰੀ ਸੱਜ ਵਿਆਹੀ ਥੱਕ ਗਈ ਤੈਨੂੰ ਮਿੰਨਤਾਂ ਕਰ ਕਰ ਹਾਰ ਚੰਨਾ
ਹੁਣ ਕਿਹੜਿਆਂ ਰੰਗਾਂ ਵਿਚ ਰਹਿਨਾ ਵੇ ਤੂੰ ਲੈਂਦਾ ਨਾ ਕੋਈ ਸਾਰ ਚੰਨਾ।

ਜਦ ਸਾਉਣ ਮਹੀਨਾ ਆਉਂਦਾ ਤੇ ਫਿਰ ਬੜੇ ਪੁਆੜੇ ਪਾਉਂਦਾ
ਬਾਕੀ ਪੌਣ ਪੁਰੇ ਦੀ ਵੱਗਦੀ ਤੋਂ ਮੇਰਾ ਚਿੱਤ ਬੜਾ ਘਬਰਾਉਂਦਾ
ਮੌਤੋਂ ਬੁਰਾ ਵਿਛੋੜਾ ਹੁੰਦਾ ਕਰ ਜਾਂਦਾ ਮਾਰੋ ਮਾਰ ਚੰਨਾ
ਹੁਣ ਕਿਹੜਿਆਂ ਰੰਗਾਂ ਵਿਚ ......

ਤੇਰੀ ਯਾਦ ਸਤਾਉਂਦੀ ਮੈਨੂੰ ਜਦ ਗਿੱਧੇ ਦੇ ਵਿਚ ਜਾ ਕੇ
ਡਿੰਗਦੀ ਡਿੰਗਦੀ ਸੰਭਾਲ ਜਾਵਾਂ ਜਦ ਨੱਚਾਂ ਬੋਲੀ ਪਾ ਕੇ
ਤਾਅਨੇ ਮਿਹਣੇ ਲੋਕ ਮਾਰਦੇ ਤੇਰੇ ਬਿਨ ਸੁੰਨਾ ਸੰਸਾਰ ਚੰਨਾ
ਹੁਣ ਕਿਹੜਿਆਂ ਰੰਗਾਂ ਵਿਚ .....

ਪੈਸੇ ਦਾ ਪੁੱਤ ਬਣ ਕੇ ਬਹਿ ਗਿਆ ਕੀਹਨੂੰ ਦਿਲ ਦਾ ਹਾਲ ਸੁਣਾਈਏ
ਭਰਮ ਭੁਲੇਖਾ ਦਿਲ ਵਿਚੋਂ ਕੱਢਦੇ ਤੈਨੂੰ ਬੰਦਿਆਂ ਵਾਂਗ ਸਮਝਾਈਏ
'ਦੇਵ ਘੋਲੀਏ' ਵਾਲਿਆ ਵੇ ਤੈਨੂੰ ਕਰਦੀ ਉਨਾ ਹੀ ਪਿਆਰ ਚੰਨਾ
ਹੁਣ ਕਿਹੜਿਆਂ ਰੰਗਾਂ ਵਿਚ ਰਹਿਨਾ ਵੇ ਤੂੰ ਲੈਂਦਾ ਨਾ ਕੋਈ ਸਾਰ ਚੰਨਾ।

## ਮਿਰਜ਼ਾ-ਸਾਹਿਬਾ

ਉਠ ਸਾਹਿਬਾਂ ਤਰਲੇ ਮਾਰਦੀ ਤੈਨੂੰ ਗੱਲ ਮੈਂ ਦੱਸਾਂ ਆਖੀਰ
ਤੂੰ ਸੁੱਤਾ ਕਿਉਂ ਨੀ ਜਾਗਦਾ ਮੇਰੀ ਮਾੜੀ ਕਿਉਂ ਤਕਦੀਰ
ਅੱਡੀ ਮਾਰ ਮਾਰ ਕੇ ਮਿਰਜ਼ਿਆ ਕਿਉਂ ਤੂੰ ਹੋ ਗਿਆ ਵੇ ਖੰਡ ਖੀਰ
ਇਹ ਦੱਸ ਕਦੋਂ ਕੰਮ ਆਉਣਗੇ, ਜਿਹੜੇ ਚੱਕੀ ਫਿਰਦਾ ਤੀਰ
ਜਿਹਨਾਂ ਦੀ ਇੱਜ਼ਤ ਨੂੰ ਹੱਥ ਪਾ ਲਿਆ ਨਾ ਭਲੀ ਕਰਨਗੇ ਵੀਰ
ਗੁੱਸਾ ਅੱਗ ਵਾਂਗੂੰ ਜਦ ਭੜਕਦਾ, ਉਹ ਤਾਂ ਬਦਲ ਦੇਣ ਤਸਵੀਰ
ਵੇਖ ਮਿੰਨਤਾਂ ਕਰਦੀ ਤੇਰੀਆਂ ਮੇਰਾ ਕੌਣ ਬਣਾਵੇ ਧੀਰ
ਬਾਕੀ ਵੇਖ ਕੁੱਤੇ ਰੋਂਦੇ ਕੱਲਰੀਂ ਉਤੋਂ ਰੋਂਦਾ ਜੰਡ ਕਰੀਰ
ਮਦਦ ਲਈ ਕੀਹਨੂੰ ਕਹਿ ਦਿਆਂ ਨਾ ਕੋਈ ਦਿੱਸਦਾ ਵੇ ਰਾਹਗੀਰ
ਦੁਨੀਆਂ ਜਾਣੇ ਮੇਰੇ ਬਾਪ ਨੂੰ ਜੀਹਦਾ ਨਾਂ ਹੈ ਖਾਨ ਸ਼ਮੀਰ
ਪੰਚੀਆਂ ਪਿੰਡਾਂ ਦਾ ਮਾਲਕ ਵੇ ਅੱਗ ਲਾਈ ਨਾ ਮੁੱਕੇ ਜਗੀਰ
ਕਹਿੰਦਾ ਬਦਲਾ ਲੈ ਲਓ ਪੁੱਤਰੋ ਚੜ੍ਹ ਕੇ ਆਏ ਘੱਤ ਵਹੀਰ
ਉਹਨਾਂ ਵੱਢ ਕੇ ਕਰਤਾ ਡੱਕਰੇ ਮਿਰਜ਼ੇ ਦਾ ਮੁੱਕ ਗਿਆ ਜੱਗ 'ਚੋਂ ਸੀਰ
ਗੱਲਾਂ ਜਾ ਕੇ 'ਦੇਵ ਘੋਲੀਏ' ਦੱਸੀਆਂ ਮੇਰੇ ਦਿਲ ਨੂੰ ਗਈਆਂ ਚੀਰ
ਕਹਿੰਦਾ ਔਹ ਵੱਢਿਆ ਪਿਆ ਤੇਰਾ ਸੂਰਮਾ, ਜੀਹਦਾ ਮਿੱਟੀ ਰੁਲੇ ਸਰੀਰ।

## ਪਰਖ

ਦੁਨੀਆਦਾਰੀ ਸਮਝ ਸੋਹਣਿਆ ਤੈਨੂੰ ਵਾਰ-ਵਾਰ ਸਮਝਾਉਂਦੇ,
ਕੁਝ ਦਿਨ ਚੰਗੇ ਕੁਝ ਦਿਨ ਮਾੜੇ ਸਭ ਤੇ ਹੀ ਫਿਰ ਆਉਂਦੇ,
ਪਰ ਰੰਗ ਬਰੰਗੀ ਦੁਨੀਆਂ 'ਚੋਂ ਕੋਈ ਇਕ ਦਿਨ ਰੰਗ ਵਿਖਾਊ,
ਲੋੜ ਪਈ ਤੋਂ ਪਰਖ ਲਈ, ਕੋਈ ਵਿਰਲਾ ਹੀ ਕੰਮ ਆਊ।

ਹੱਲ ਹੁੰਦੇ ਨਿੱਤ ਮਸਲੇ, ਵਿਗੜਦੇ ਪੈਸਾ ਜਿਉਂ ਨਚਾਉਂਦਾ,
ਛੱਡ ਜਾਂਦੇ ਪਰ੍ਹਛਾਵੇਂ ਸਾਥ, ਨਾ ਕੋਈ ਹੱਸਕੇ ਫੇਰ ਬੁਲਾਉਂਦਾ,
ਪੈਸੇ ਦਾ ਪੁੱਤ ਖਾਣ ਪੀਣ ਵਾਲਾ ਤੇਰੇ ਹੀ ਗੁਣ ਗਾਊ,
ਲੋੜ ਪਈ ਤੋਂ ਪਰਖ ਲਈ, ਕੋਈ ਵਿਰਲਾ ਹੀ ਕੰਮ ਆਊ।

ਚਮਕ ਦਮਕ ਨੂੰ ਹੋਣ ਸਲਾਮਾਂ, ਮੌਕਾ ਵੇਖ ਕਿਵੇਂ ਟਲਦੇ,
ਨਾ ਹਸਦਾ ਨਾ ਵਸਦਾ ਵੇਖਣ, ਅੰਦਰੋਂ ਅੰਦਰੀ ਸੜਦੇ,
ਜਣਾ ਖਣਾ ਅੱਗ ਲਾਉਣ ਜਾਣਦਾ, ਦੱਸ ਫਿਰ ਕੌਣ ਬੁਝਾਊ,
ਲੋੜ ਪਈ ਤੋਂ ਪਰਖ ਲਈ, ਕੋਈ ਵਿਰਲਾ ਹੀ ਕੰਮ ਆਊ।

ਜੱਗ ਪਿਆ ਸਾਰੇ ਜਾਣੇ ਤੇ ਜਦੋਂ ਯਾਰ ਮਾਰ ਕਰ ਜਾਂਦੇ,
ਮਾਵਾਂ ਪੁੱਤ ਨਾ ਸਿਆਣਦੀਆਂ ਫਿਰ ਦਰ-ਦਰ ਧੱਕੇ ਖਾਂਦੇ,
ਦੱਸੇ 'ਦੇਵ ਘੋਲੀਏ' ਵਾਲਾ ਬੰਦਾ ਫੇਰ ਪਿੱਛੋਂ ਪਛਤਾਊ,
ਲੋੜ ਪਈ ਤੋਂ ਪਰਖ ਲਈ, ਕੋਈ ਵਿਰਲਾ ਹੀ ਕੰਮ ਆਊ।

## ਸੱਸੀ ਪੁੰਨੂੰ

ਕਿਹੜੇ ਚੰਦਰੇ ਵਕਤ ਸੀ ਲਾਈਆਂ ਸੱਸੀ ਲੱਗੀ ਦੇਣ ਦੁਹਾਈਆਂ
ਆਪੇ ਪੇਸ਼ ਤੱਤੜੀ ਦੇ ਆਈਆਂ ਤੇ ਕੱਢ ਲਈ ਪੈੜ ਬਲੋਚਾਂ ਨੇ
ਸੱਸੀ ਦੱਬ ਲਈ ਨੀਂਦ ਨਿਮਾਣੀ ਮਰ ਗਈ ਵਿਚ ਥਲਾਂ ਮਰ ਜਾਣੀ
ਤੇ ਕੱਢ ਲਿਆ ਵੈਰ ਬਲੋਚਾਂ ਨੇ .....

ਧੀਏ ਨਾ ਪ੍ਰਦੇਸੀ ਸੰਗ ਤੂੰ ਲਾਈ ਮਾਂ ਨੇ ਵਰਜਿਆ ਬਹੁਤ ਹਟਾਈ
ਅੱਜ ਫਿਰ ਗੱਲ ਸਮਝ ਤੈਨੂੰ ਆਈ ਕੀਤੀ ਕਿਉਂ ਠਹਿਰ ਬਲੋਚਾਂ ਨੇ
ਸੱਸੀ ਦੱਬ ਲਈ ਨੀਂਦ ਨਿਮਾਣੀ ਮਰ ਗਈ ਵਿਚ ਥਲਾਂ ਮਰ ਜਾਣੀ
ਤੇ ਕੱਢ ਲਿਆ ਵੈਰ ਬਲੋਚਾਂ ਨੇ .....

ਉੱਠੀ ਸੁਬਾਹ ਸਵੇਰੇ ਤੜਕੇ ਦਿਲ ਵਿਚ ਤਾਂਘ ਪਿਆਰ ਦੀ ਰੜਕੇ
ਮਾਰੇ ਆਵਾਜ਼ਾਂ ਵਿਚ ਥਲਾਂ ਦੇ, ਖੜ੍ਹ ਕੇ ਭੁੰਨ ਤੇ ਪੈਰ ਬਲੋਚਾਂ ਨੇ
ਸੱਸੀ ਦੱਬ ਲਈ ਨੀਂਦ ਨਿਮਾਣੀ ਮਰ ਗਈ ਵਿਚ ਥਲਾਂ ਮਰ ਜਾਣੀ
ਤੇ ਕੱਢ ਲਿਆ ਵੈਰ ਬਲੋਚਾਂ ਨੇ .....

ਤੇਰੀ ਨਾ ਮੈਂ ਗੱਲ ਕਦੇ ਸੀ ਮੋੜੀ ਲੈ ਕੇ ਤੁਰ ਗਏ ਮੱਲੋ ਜ਼ੋਰੀ
ਦਿੱਤੀ ਤੋੜ ਭਰਾਵਾਂ ਜੋੜੀ ਕਰਤਾ ਕਹਿਰ ਬਲੋਚਾਂ ਨੇ
ਸੱਸੀ ਦੱਬ ਲਈ ਨੀਂਦ ਨਿਮਾਣੀ ਮਰ ਗਈ ਵਿਚ ਥਲਾਂ ਮਰ ਜਾਣੀ
ਤੇ ਕੱਢ ਲਿਆ ਵੈਰ ਬਲੋਚਾਂ ਨੇ .....

ਆ ਕੇ 'ਦੇਵ ਘੋਲੀਏ'ਕਹਿ ਗਿਆ ਲੁੱਟ ਕੇ ਸੇਜ ਸੱਸੀ ਦੀ ਲੈ ਗਿਆ
ਸਿਰ ਤੇ ਕਾਲ ਕੂਕਦਾ ਬਹਿ ਗਿਆ ਕੀਤੀ ਨਾ ਖੈਰ ਬਲੋਚਾਂ ਨੇ
ਸੱਸੀ ਦੱਬ ਲਈ ਨੀਂਦ ਨਿਮਾਣੀ ਮਰ ਗਈ ਵਿਚ ਥਲਾਂ ਮਰ ਜਾਣੀ
ਤੇ ਕੱਢ ਲਿਆ ਵੈਰ ਬਲੋਚਾਂ ਨੇ .....।

## ਸੱਭਿਆਚਾਰ

ਕੁੜੀਆਂ ਕੱਤਣ ਵੰਗਾਂ ਛਣਕਣ ਚਰਖੇ ਦੀ ਘੂਕ ਸੀ ਬੜੀ ਪਿਆਰੀ
ਰੁੱਲ ਗਿਆ ਸਭ ਕੁਝ ਮਿੱਟੀ ਦੇ ਵਿਚ ਦੁਨੀਆ ਲੱਭਦੀ ਫਿਰੇ ਵਿਚਾਰੀ
ਨਾਲੇ ਪਿੱਪਲ ਰੋਂਦੇ ਪੀਂਘਾਂ ਨੂੰ ਸਾਥੋਂ ਸਭ ਕੁਝ ਵਿਛੜ ਗਿਆ
ਕੀਹਨੇ ਤੰਦ ਤੱਕਲੇ ਤੇ ਪਾਉਣਾ ਤੇ ਸਾਡਾ ਚਰਖਾ ਕਿੱਧਰ ਗਿਆ।

ਬਾਕੀ ਟੈਟੂ ਪੈ ਗਏ ਧੌਣਾਂ ਤੇ ਕੈਂਠਾ ਕਿਸ ਗੱਭਰੂ ਨੇ ਪਾਉਣਾ
ਕੁੜੀਆਂ ਨੇ ਅੱਜਕਲ੍ਹ ਵਾਲ ਕਟਾ ਲਏ ਕੀਹਨੇ ਕੀ ਸੱਗੀ ਫੁੱਲ ਲਾਉਣਾ
ਦੋਸ਼ ਕਿਸ ਨੂੰ ਕੀ ਦੇਈਏ ਇੱਥੇ ਹਰ ਕੋਈ ਵਿਗੜ ਗਿਆ
ਕੀਹਨੇ ਤੰਦ ਤੱਕਲੇ ਤੇ ਪਾਉਣਾ ਤੇ ........

ਸੱਭਿਆਚਾਰ ਵਾਲੇ ਚਰਖਾ ਥਾਂ-ਥਾਂ ਚੱਕ ਕੇ ਫਿਰਦੇ ਗਾਉਂਦੇ
ਕੱਤਣੀ ਵਿਚ ਪਈਆਂ ਰੋਣ ਪੂਣੀਆਂ ਨਾ ਕੋਈ ਚਰਖੇ ਦਾ ਮੁੱਲ ਪਾਉਂਦੇ
ਸਾਂਭ ਲਓ ਵਿਰਸਾ ਸਾਂਭੀਦਾ ਇੱਥੇ ਸਭ ਕੁਝ ਨਿੱਘਰ ਗਿਆ
ਕੀਹਨੇ ਤੰਦ ਤੱਕਲੇ ਤੇ ਪਾਉਣਾ ਤੇ ........

ਨਿੱਤ ਧੀ ਮਾਂ ਨੂੰ ਪਈ ਮੱਤਾਂ ਦੇਵੇ ਕੋਈ ਘੜ ਕੇ ਨਵਾਂ ਬਹਾਨਾ
ਅੱਜ ਪੁੱਠੇ ਸਿੱਧੇ ਫੈਸ਼ਨ ਚੱਲ ਪਏ ਆ ਗਿਆ ਬੁਰਾ ਜ਼ਮਾਨਾ
ਤਾਹਿਓਂ 'ਦੇਵ ਘੋਲੀਏ' ਵਾਲੇ ਨੂੰ ਇਸੇ ਗੱਲ ਦਾ ਫਿਕਰ ਪਿਆ
ਕੀਹਨੇ ਤੰਦ ਤੱਕਲੇ ਤੇ ਪਾਉਣਾ ਤੇ ਸਾਡਾ ਚਰਖਾ ਕਿੱਧਰ ਗਿਆ।

## ਇਲਾਜ

ਕਿਉਂ ਨਿੱਤ ਲੜ ਲੜ ਕੇ ਬੁਰਾ ਹਾਲ ਕਰੇਂ ਤੂੰ
ਦੁਨੀਆਂ ਮਾਰੂ ਮੇਹਣੇ ਨਾ ਮੇਰੇ ਤੇ ਇਤਬਾਰ ਕਰੇ ਤੂੰ
ਸ਼ਿਕਵੇਂ ਗਿਲੇ ਨਿਹੋਰੇ ਛੱਡ ਅੱਜ ਖੋਲ੍ਹਾਂ ਦਿਲਾਂ ਦੇ ਭੇਤ ਸਹੀ
ਮੈਂ ਦਿਲ ਦੁਖਦੇ ਦੀ ਦਾਰੂ ਅਜ਼ਮਾ ਕੇ ਇਕ ਵਾਰ ਵੇਖ ਸਹੀ।

ਭਾਬੀ ਪੁੱਛਦੀ ਰਹਿੰਦੀ ਨੀ ਕੀ ਹੋਇਆ ਦੱਸ ਨਣਾਨੇ
ਜਿੰਦ ਲੂਣ ਵਾਂਗਰਾਂ ਖਰਦੀ ਜਾਵੇ ਨਿੱਤ ਲਾਵਾਂ ਨਵੇਂ ਬਹਾਨੇ
ਕੋਈ ਨਾ ਸਕਦਾ ਸਹਾਰ ਜਦ ਫਿਰ ਵੱਜਦੀ ਦਿਲ ਤੇ ਠੇਸ ਸਹੀ
ਮੈਂ ਦਿਲ ਦੁਖਦੇ ਦੀ ਦਾਰੂ ......

ਸੁਪਨੇ ਆਉਂਦੇ ਚੰਦਰੇ ਤੇ ਨਾ ਹੱਸ ਕੇ ਕਦੇ ਬੁਲਾਵੇਂ
ਗੁੜ ਮਿੱਠਾ ਹੁੰਦਾ ਚੋਰੀ ਦਾ ਜਿਹੜਾ ਭੋਰ ਭੋਰ ਕੇ ਖਾਵੇਂ
ਘਰੋਂ ਖਾ ਕੇ ਕਿਹੜਾ ਮੱਤ ਦੇਵੇ ਸੱਚੀ ਗੱਲ ਦਾ ਲੱਗਦਾ ਸੇਕ ਨਹੀਂ
ਮੈਂ ਦਿਲ ਦੁਖਦੇ ਦੀ ਦਾਰੂ ......

ਕਿਉਂ ਰਾਂਝਾ ਕੰਨ ਪੜਵਾਉਂਦਾ ਤੇ ਕਿਉਂ ਮਿਰਜ਼ਾ ਜੰਡ ਹੇਠ ਮਰਦਾ
ਬਾਕੀ ਤੇਰਾ ਬਾਝ ਹਨੇਰਾ ਰਹਿੰਦਾ ਦਿਨ ਭਾਵੇਂ ਹੈ ਨਿੱਤ ਚੜ੍ਹਦਾ
'ਦੇਵ ਘੋਲੀਏ' ਵਾਲਿਆ ਵੱਜ ਜਾਊ ਰੇਖ ਦੇ ਵਿਚ ਫਿਰ ਮੇਖ ਸਹੀ
ਮੈਂ ਦਿਲ ਦੁੱਖਦੇ ਹੀ ਦਾਰੂ ਅਜ਼ਮਾ ਕੇ ਇਕ ਵਾਰ ਵੇਖ ਸਹੀ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਬਲਜੀਤ ਸੈਣੀ




ਚਨੌਰ ਪਿੰਡ, ਤਹਿਸੀਲ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਦੀ ਜੰਮਪਲ਼ ਬਲਜੀਤ ਸੈਣੀ ਉੱਭਰ ਰਹੀ ਕਵਿਤ੍ਰੀ ਹੈ ਜਿਸ ਨੇ ਬੜੀਆਂ ਸੁਹਜਮਈ ਤੇ ਭਾਵਪੂਰਤ ਗ਼ਜ਼ਲਾਂ ਲਿਖੀਆਂ ਹਨ। ਉਹ ਲੈਕਚਰਾਰ ਦੇ ਤੌਰ ਤੇ ਅਧਿਆਪਨ ਦਾ ਕਾਰਜ ਨਿਭਾ ਰਹੀ ਹੈ। ਉਸਦੀਆਂ ਰਚਨਾਵਾਂ ਤ੍ਰਿਸ਼ੰਕੂ, ਪ੍ਰਤਿਮਾਨ, ਸੁਖਨ ਸੁਨੇਹੇ, ਸੈਣੀ ਦੁਨੀਆਂ ਅਤੇ ਰੂਬਰੂ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ।

ਨਵਾਂ ਜ਼ਮਾਨਾ ਅਤੇ ਜੱਗਬਾਣੀ ਅਖ਼ਬਾਰਾਂ ਵਿਚ ਵੀ ਉਸਨੂੰ ਥਾਂ ਮਿਲ਼ ਰਹੀ ਹੈ। ਇੱਥੇ ਅਸੀਂ 'ਦੇਸ਼ ਦੁਆਬਾ' 'ਚ ਉਸਦੀਆਂ ਤਾਜ਼ੀਆਂ ਗ਼ਜ਼ਲਾਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਨ੍ਹਾਂ ਗ਼ਜ਼ਲਾਂ ਵਿਚ ਬਿਰਹਾ ਦੇ ਅਨੇਕ ਰੰਗ ਤੇ ਉਨ੍ਹਾਂ ਦਾ ਬੜਾ ਸੂਖ਼ਮ ਅਤੇ ਕੋਮਲਭਾਵੀ ਚਿੱਤ੍ਰਣ ਹੈ। ਇੱਥੇ ਗ਼ਰਜ਼ਾਂ ਮਾਰੇ ਬੰਦਿਆਂ ਦੀ ਬਾਤ ਵੀ ਹੈ ਅਤੇ ਆਜ਼ਾਦੀ ਦੀ ਤਾਂਘ ਵੀ; ਲੇਖਣੀ ਉੱਤੇ ਡਰ ਦੀ ਸਾਏ ਦਾ ਆਭਾਸ ਵੀ ਹੈ ਤੇ ਮਨੁੱਖ ਦੀ ਇਕੱਲਤਾ ਦੀ ਬਾਤ ਵੀ। ਬਲਜੀਤ ਸੈਣੀ ਤੋਂ ਪੰਜਾਬੀ ਕਵਿਤਾ ਨੂੰ ਬਹੁਤ ਆਸਾਂ ਹਨ।

**-ਡਾ.ਕਰਮਜੀਤ ਸਿੰਘ (91 98763 23862)**

## ਗ਼ਜ਼ਲਾਂ

ਗਰਜ਼ਾਂ ਵਾਲਾ ਬੋਝਾ ਢੋਂਦਾ ਵਿੱਚੋ-ਵਿੱਚੀ ਡਰਿਆ ਲੱਗਦੈ
ਇਸ ਵਾਦੀ ਦਾ ਹਰ ਇਕ ਬੰਦਾ ਥੋੜਾ-ਥੋੜਾ ਮਰਿਆ ਲੱਗਦੈ ।
ਸਿਖ਼ਰ ਦੁਪਹਿਰੇ, ਸੜਦੀ ਰੁੱਤੇ ,ਤੇਰੀ ਯਾਦ ਜਦੋਂ ਵੀ ਆਵੇ
ਸੁੱਕੇ ਅੰਬਰ ਮੀਂਹ ਵ੍ਹ ਜਾਂਦੈ ,ਆਪਾ ਠਰਿਆ-ਠਰਿਆ ਲੱਗਦੈ ।
ਪਿੰਜਰੇ ਬੈਠਾ ਪੰਛੀ ਅਜ ਕਲ੍ਹ,ਅੰਬਰ ਵਲ ਹੀ ਦੇਖੀ ਜਾਵੇ,
ਆਜ਼ਾਦੀ ਦੀ ਤਾਂਘ 'ਚ ਉਸ ਨੇ,ਘੋਰ ਤਸ਼ੱਦਦ ਜਰਿਆ ਲਗਦੈ।
ਜੀਵਨ ਦੀ ਇਸ ਹੁੰਮਸ ਅੰਦਰ ਠੰਡੀ ਪੌਣ ਦਾ ਬੁੱਲਾ ਆਇਆ ,
ਮੇਰਾ ਬੱਦਲ ਇਥੇ ਨਾ ਸਹੀ ,ਹੋਰ ਕਿਤੇ ਪਰ ਵਰ੍ਹਿਆ ਲਗਦੈ।
ਸੱਚ ਸਮੇਂ ਦਾ ਲੇਖਕ ਕੋਲੋਂ ਭੋਰਾ ਭਰ ਵੀ ਲਿਖ ਨਾ ਹੋਵੇ ,
ਇਸਦੇ ਸ਼ਬਦਾਂ ਉੱਤੇ ਡਰ ਦਾ ਭਾਰਾ ਪੱਥਰ ਧਰਿਆ ਲਗਦੈ ।
ਪਿੰਗਲ ਦਾ ਨਾ ਦਾਅਵਾ ਕਰਦੇ ,ਮੈਂ ਜੋ ਇਕ ਦੋ ਸ਼ੇਅਰ ਕਹੇ ਨੇ ,
ਬਸ ਕੁਝ ਮੇਰਾ ,ਕੁਝ ਲੋਕਾਂ ਦਾ ਦਰਦ ਇਨ੍ਹਾਂ ਵਿਚ ਭਰਿਆ ਲੱਗਦੈ।

## ਆਪਣਿਆਂ ਦੀ ਦੁਨੀਆ

ਆਪਣਿਆਂ ਦੀ ਦੁਨੀਆਂ ਦੇ ਵਿਚ ਹੋ ਗਏ ਕੱਲ-ਮੁ-ਕੱਲੇ ਹੁਣ ।
ਯਾਦਾਂ ਦੇ ਸਰਮਾਏ ਬਾਝੋਂ ਹੋਰ ਨਹੀਂ ਕੁਝ ਪੱਲੇ ਹੁਣ ।
ਗਹਿਰ ਜਿਹੀ ਹੈ ਦਿਸਹੱਦੇ ਤੱਕ ਧੁੰਦਲਾ ਜਾਪੇ ਚੌਗਿਰਦਾ ,
ਹੰਝੂਆਂ ਦੀ ਬਾਰਿਸ਼ ਮਗਰੋਂ ਵੀ ਧੂੜ ਨਾ ਬੈਠੇ ਥੱਲੇ ਹੁਣ ।
ਜੁਗਨੂੰ ,ਚੰਨ ,ਸਿਤਾਰੇ ਰੁੱਸੇ ਸਾਥ ਨਾ ਦਿੰਦਾ ਕੋਈ ਵੀ ,
ਮੰਜ਼ਿਲ ਦੇ ਵੱਲ ਜਾਂਦੇ ਸਾਰੇ ਰਾਹ ਨ੍ਹੇਰੇ ਨੇ ਮੱਲੇ ਹੁਣ ।
ਘੁ਼ਲ ਕੇ ਸਾਰੇ ਦਰਦ ਪੁਰਾਣੇ ਅੱਥਰੂਆਂ ਦੀ ਜੂਨ ਪਏ,
ਜਦ ਨੈਣਾਂ ਵਿਚ ਆਉਂਦੇ ਨੇ ਤਾਂ ਫਿਰ ਨਾ ਜਾਂਦੇ ਠੱਲ੍ਹੇ ਹੁਣ।
ਇਕ ਬੇਵੱਸ ਤੇ ਤਲਖ਼ ਸਮੁੰਦਰ ਰੂਹ ਦੇ ਅੰਦਰ ਤੜਪ ਰਿਹਾ,
ਗ਼ਮ, ਪੀੜਾਂ ਤੇ ਤਨਹਾਈਆਂ ਨੇ ਸਾਰੇ ਪੱਤਣ ਮੱਲੇ ਹੁਣ ।
ਧੁਰ ਅੰਦਰ ਤੱਕ ਦਿਲ ਸੜਦਾ ਹੈ ਉਸਦੇ ਤਪਦੇ ਬੋਲਾਂ ਨਾਲ ,
ਉਸਨੂੰ ਕਹਿਣਾ ਕਣੀਆਂ ਵਰਗੇ ਇਕ ਦੋ ਅੱਖ਼ਰ ਘੱਲੇ ਹੁਣ ।
ਸਾਹ ਰਗ਼ ਤੋਂ ਵੀ ਨੇੜੇ ਹੈਂ ਤੂੰ ਏਦਾਂ ਵੀ ਨਾ ਮੂੰਹ ਮੋੜੀਂ ,
ਇਕ ਪਲ ਦਾ ਵੀ ਰੋਸਾ ਤੇਰਾ ਜਿੰਦ ਮੇਰੀ ਨਾ ਝੱਲੇ ਹੁਣ ।

## ਜੀਣ ਦੀ ਚਾਹਤ

ਜੀਣ ਦੀ ਚਾਹਤ 'ਚ ਅਕਸਰ ਘਾੜਤਾਂ ਘੜਦੇ ਰਹੇ ।
ਨੇਰ੍ਹਿਆਂ ਸੰਗ ਲੜਨ ਨੂੰ ਜੁਗਨੂੰ ਅਸੀਂ ਫੜਦੇ ਰਹੇ ।
ਖੇਡ ਸੀ ਤਕਦੀਰ ਦੀ ਇਹ ਜਾਂ ਤਕਾਜ਼ਾ ਵਕ਼ਤ ਦਾ,
ਧੁੱਪਾਂ ਵਿਚ ਠਰਦੇ ਰਹੇ ਤੇ ਛਾਵਾਂ ਵਿਚ ਸੜਦੇ ਰਹੇ ।
ਪਰਖ਼ ਨਾ ਹੋਇਆ ਜਿਨ੍ਹਾਂ ਤੋਂ ਕੱਚ-ਸੱਚ ਵਿਸ਼ਵਾਸ ਦਾ ,
ਉਹ ਆਸਾਡੀ ਆਸਥਾ ਛੱਜਾਂ 'ਚ ਪਾ ਛੜਦੇ ਰਹੇ ।
ਘੜ ਲਏ ਲੋਕਾਂ ਨੇ ਪਹਿਲਾਂ ਰੱਬ ਆਪੋ -ਆਪਣੇ ,
ਫਿਰ ਖ਼ੁਦਾਈ ਵਾਸਤੇ ਆਪਸ ਦੇ ਵਿਚ ਲੜਦੇ ਰਹੇ ।
ਭੇਜਣਾ ਹੀ ਤੂੰ ਜੇ ਹੈ ਤਾਂ ਭੇਜ ਹੁਣ ਲਸ਼ਕਰ ਕੋਈ ,
ਸਿਦਕ ਅੱਗੇ ਇੱਕਾ-ਦੁੱਕਾ ਗ਼ਮ ਕਦੋਂ ਖੜਦੇ ਰਹੇ ।
ਹੋਰ ਕੀ ਅਨਹੋਣੀਆਂ ਦੀ ਦੋਸਤਾ ਚਰਚਾ ਕਰਾਂ ,
ਨੀਂਦਰਾਂ 'ਚੋਂ ਸੁਫ਼ਨਿਆਂ ਦੇ ਅਕਸ ਵੀ ਝੜਦੇ ਰਹੇ ।

## ਹਰ ਕਦਮ

ਹਰ ਕਦਮ 'ਤੇ ਹੀ ਸਤਾਇਆ ਹੈ ਬੜਾ ।
ਜ਼ਿੰਦਗੀ ਨੇ ਆਜ਼ਮਾਇਆ ਹੈ ਬੜਾ ।
ਬਿਨ ਤੇਰੇ ਬਨਵਾਸ ਹੀ ਕੱਟ ਹੋ ਰਿਹੈ ,
ਜਾਪਦਾ ਘਰ ਵੀ ਪਰਾਇਆ ਹੈ ਬੜਾ ।
ਮਿਟ ਨਾ ਸਕਿਆ ਮੇਰੇ ਦਿਲ ਤੋਂ ਫੇਰ ਵੀ ,
ਤੇਰੇ ਚਿਹਰੇ ਨੂੰ ਮਿਟਾਇਆ ਹੈ ਬੜਾ ।
ਬਖ਼ਸ਼ ਦੇਵੇਗਾ ਮੇਰੇ ਸਾਰੇ ਗੁਨਾਹ ,
ਰਹਿਮਦਿਲ ਉਹ ਤਾਂ ਖ਼ੁਦਾਇਆ ਹੈ ਬੜਾ ।
ਸੰਭਲ਼ ਕੇ ਆਵੀਂ ਜ਼ਰਾ ਐ ਚਾਨਣੀ ,
ਨੇਰ੍ਹਿਆਂ ਨੇ ਨੇਰ੍ਹ ਪਾਇਆ ਹੈ ਬੜਾ ।
ਝੁਲਸਿਆ ਚਿਹਰਾ ਦਿਸੇ ਜਜ਼ਬਾਤ ਦਾ ,
ਦਿਲ ਮੇਰਾ ਗ਼ਮ ਨੇ ਧੁਖ਼ਾਇਆ ਹੈ ਬੜਾ ।
ਰੋਸਿਆਂ ਦੀ ਤਾਬ ਨਾ ਮੱਠੀ ਹੋਈ ,
ਹੱਥ ਬੰਨ੍ਹ ਤੈਨੂੰ ਮਨਾਇਆ ਹੈ ਬੜਾ ।

## ਹੁੰਗਾਰਾ

ਜਦੋਂ ਗ਼ਮ ਬਾਤ ਪਾਉਂਦੇ ਨੇ ਹੁੰਗਾਰਾ ਭਰ ਨਹੀ ਹੁੰਦਾ ।
ਤੇ ਖ਼ਾਮੋਸ਼ੀ ਦਾ ਆਲਮ ਵੀ ਮੇਰੇ ਤੋਂ ਜਰ ਨਹੀ ਹੁੰਦਾ ।
ਦਵਾ ਦਾਰੂ ਹੀ ਹੋ ਜਾਂਦਾ ਕਿਤੇ ਕੋਈ ਜ਼ਖਮ ਦਿਸਦਾ ਜੇ,
ਹਿਜਰ ਦੀ ਪੀੜ ਦਾ ਚਾਰਾ ਕੋਈ ਵੀ ਕਰ ਨਹੀ ਹੁੰਦਾ ।
ਰਿਸੇਗਾ ਉਮਰ ਭਰ ਲਗਦੈ ਹਮੇਸ਼ਾ ਦਰਦ ਦੇਵੇਗਾ ,
ਹੈ ਏਨਾ ਜ਼ਖਮ ਇਹ ਗਹਿਰਾ ਸਮੇਂ ਤੋਂ ਭਰ ਨਹੀ ਹੁੰਦਾ ।
ਤੇਰੇ ਤੇ ਰੋਸ ਹੈ ਕਾਹਦਾ ਕਮੀ ਮੇਰੇ 'ਚ ਹੋਵੇਗੀ ,
ਪਿਆਰ ਦਾ ਹੱਥ ਮੋਢੇ ਤੇ ਜੇ ਤੈਥੋਂ ਤੋਂ ਧਰ ਨਹੀ ਹੁੰਦਾ ।
ਬੜਾ ਹੀ ਦੁੱਖ ਦੇਵੇ ਸੁਫ਼ਨਿਆਂ ਦਾ ਬਿਖਰ ਜਾਣਾ ਪਰ ,
ਸਹਾਰੇ ਸੁਫ਼ਨਿਆਂ ਦੇ ਵੀ ਇਹ ਭਵਜਲ ਤਰ ਨਹੀ ਹੁੰਦਾ ।
ਨਾ ਰੱਖੀਂ ਭੁੱਲ ਕੇ ਦਿਲ ਵਿਚ ਤੂੰ ਐਵੇਂ ਹੀ ਗਿਲੇ ਸ਼ਿਕਵੇ ,
ਮਨਾਂ ਵਿਚਲਾ ਕਦੇ ਪਾੜਾ ਕਿਸੇ ਤੋਂ ਭਰ ਨਹੀ ਹੁੰਦਾ ।
ਖੜ੍ਹੀ ਨਾ ਕਰ ਕਟਿਹਰੇ ਵਿਚ ਤੇਰੀ ਮੁਜਰਿਮ ਨਹੀ ਹਾਂ ਮੈਂ ,
ਨਾ ਸੂਲੀ ਚਾੜ੍ਹ ਇੰਜ ਮੈਨੂੰ ਮੇਰੇ ਤੋਂ ਮਰ ਨਹੀ ਹੁੰਦਾ ।
ਨਾ ਬਣ ਕਮਜ਼ੋਰ ਕਰ ਹਿੰਮਤ ਉਡਾਰੀ ਮਾਰਨੀ ਸਿੱਖ ਲੈ,
ਤੂੰ ਸੋਚੀਂ ਨਾ ਪਰਾਂ ਦੇ ਬਿਨ ਇਹ ਅੰਬਰ ਸਰ ਨਹੀ ਹੁੰਦਾ।

## ਪਿਆਸ

ਤੜਪਦੀ ਸਾਗਰ ਕਿਨਾਰੇ ਪਿਆਸ ਬਾਕੀ ਹੈ ਅਜੇ ।
ਦਿਲ 'ਚ ਤੈਨੂੰ ਮਿਲਣ ਦੀ ਇਕ ਆਸ ਬਾਕੀ ਹੈ ਅਜੇ।
ਮੇਰਾ ਭਟਕਣ ਨਾਲ ਰਿਸ਼ਤਾ ਤਾਂ ਕਈ ਜਨਮਾਂ ਤੋਂ ਹੈ ,
ਖੌਰੇ ਕਿੰਨਾ ਹੋਰ ਇਹ ਬਨਵਾਸ ਬਾਕੀ ਹੈ ਅਜੇ ।
ਤੇਰੇ ਬਾਝੋਂ ਭਾਵੇਂ ਪੱਥਰ ਹੋ ਗਈ ਹਾਂ, ਫੇਰ ਵੀ
ਛੋਹ ਤੇਰੀ ਦਾ ਦਿਲ ਦੇ ਵਿਚ ਅਹਿਸਾਸ ਬਾਕੀ ਹੈ ਅਜੇ ।
ਗ਼ਮ ਦੀਆਂ ਵੀਰਾਨੀਆਂ ਵਿਚ ਭਟਕਦੀ ਹੋਈ ਜਿੰਦ ਨੂੰ ,
ਰੌਣਕਾਂ ਦੇ ਮੁੜਨ ਦਾ ਧਰਵਾਸ ਬਾਕੀ ਹੈ ਅਜੇ ।
ਹਉਕਿਆਂ ਤੇ ਹਾਅਵਿਆਂ ਨੇ ਰਾਖ ਕੀਤੀ ਜਿੰਦੜੀ ,
ਧੜਕਣਾਂ ਵਿਚ ਸੁਲਘਦਾ ਅਹਿਸਾਸ ਬਾਕੀ ਹੈ ਅਜੇ।
ਜ਼ਿੰਦਗੀ ਵਿਚ ਹਰ ਕਦਮ 'ਤੇ ਮਾਤ ਹੀ ਖਾਧੀ ਹੈ ਪਰ ,
ਜਿੱਤ ਲਵਾਂਗੇ ਦਿਲ ਤੇਰਾ ,ਵਿਸ਼ਵਾਸ ਬਾਕੀ ਹੈ ਅਜੇ ।
ਲਰਜ਼ਦੇ ਨੇ ਖ਼ਾਬ ਜੋ ਪਲਕਾਂ 'ਤੇ ਬਣ ਕੇ ਅੱਥਰੂ,
ਇਹ ਸਲਾਮਤ ਰਹਿਣਗੇ ਇਕ ਆਸ ਬਾਕੀ ਹੈ ਅਜੇ ।

## ਸੁਫ਼ਨੇ

ਅੱਥਰੂਆਂ ਵਿਚ ਖ਼ੁਰਦੇ ਜਾਂਦੇ ਸੁਫ਼ਨੇ ਕਿੰਝ ਬਚਾਵਾਂਗੇ ।
ਕਿੰਝ ਪੀੜਾਂ ਦੀ ਧਰਤੀ 'ਤੇ ਮਹਿਕਾਂ ਦਾ ਬੂਟਾ ਲਾਵਾਂਗੇ ।
ਸ਼ਾਮ ਢਲੀ ਤੋਂ ਛੱਡ ਜਾਊਗਾ ਜਦ ਅਪਣਾ ਪਰਛਾਵਾਂ ਵੀ ,
ਰੋਂਦੀ ਫਿਰਦੀ ਯਾਦ ਤੇਰੀ ਫਿਰ ਸੀਨੇ ਨਾਲ ਲਗਾਵਾਂਗੇ ।
ਤਨਹਾਈ ਦੀ ਸੂਲੀ ਉੱਤੇ ਨਿਤ ਚੜ੍ਹ ਜਾਵੇ ਮੇਰਾ ਦਿਲ,
ਰੁੱਸਦੇ ਜਾਂਦੇ ਸਾਹਾਂ ਤਾਂਈ ਕਿੰਨੀ ਦੇਰ ਮਨਾਵਾਂਗੇ ।
ਸਾਡੀਆਂ ਰੀਝਾਂ ਵਾਲਾ ਬੂਟਾ ਸੁਕ ਜਾਣਾ ਹੈ ਆਖ਼ਰ ਨੂੰ ,
ਹੋਰ ਕਦੋਂ ਤਕ ਖ਼ੂਨ ਜਿਗਰ ਦਾ ਇਸ ਦੀ ਜੜ੍ਹ ਵਿਚ ਪਾਵਾਂਗੇ।
ਰੋਜ਼ ਰੰਗੀਲੇ ਸੁਫ਼ਨੇ ਸਾਡੇ ਟੁਕੜੇ-ਟੁਕੜੇ ਹੋ ਜਾਂਦੇ ,
ਹਾਦਸਿਆਂ ਦੇ ਰਾਹੀਂ ਆਪਾਂ ਨੀਂਦਾਂ ਕਿੰਝ ਬਚਾਵਾਂਗੇ ।
ਧੁਖ਼ਦੀ ਰਹਿੰਦੀ ਹੈ ਇਕ ਧੂਣੀ ਸੀਨੇ ਦੇ ਵਿਚ ਜ਼ਖ਼ਮਾਂ ਦੀ ,
ਧੂੰਆਂ-ਧੂੰਆਂ ਹੋਏ ਦਿਲ ਵਿਚ ਤੈਨੂੰ ਕਿੰਝ ਬਿਠਾਵਾਂਗੇ।
ਖ਼ਾਮੋਸ਼ੀ ਦੇ ਜੰਗਲ ਦੇ ਵਿਚ ਜਦ ਵੀ ਭਟਕੀ ਸੋਚ ਮੇਰੀ ,
ਤੇਰੇ ਗ਼ਮ ਨੂੰ ਕੋਲ ਬਿਠਾ ਕੇ ਕੁਝ ਸੰਵਾਦ ਰਚਾਵਾਂਗੇ ।

## ਸਾਰੀ ਉਮਰ

ਸਾਰੀ ਉਮਰ ਕਦੇ ਨਾ ਅਪਣੇ ਰਾਹਾਂ ਵਿੱਚ ਉਜਾਲੇ ਵੇਖੇ ।
ਰਾਤਾਂ ਦੀ ਕੀ ਗੱਲ ਸੁਣਾਵਾਂ, ਦਿਨ ਵੀ ਕਾਲੇ ਕਾਲੇ ਵੇਖੇ ।
ਜੀ ਕਰਦਾ ਮੇਰੇ ਘਰ ਆ ਕੇ ਠੰਡੀ ਛਾਂ ਦਾ ਟੁਕੜਾ ਕੋਈ ,
ਧੁੱਪਾਂ ਦੀ ਬਖ਼ਸ਼ਿਸ਼ ਨੇ ਜਿਹੜੇ , ਪੈਰਾਂ ਦੇ ਵਿਚ ਛਾਲੇ ਵੇਖੇ ।
ਅਕਸ ਤੇਰਾ ਸੰਭਾਲ ਨਾ ਹੋਵੇ ਖਾਲੀ ਦਿਲ ਦੇ ਸ਼ੀਸ਼ੇ ਕੋਲੋਂ ,
ਉਂਜ ਪੀੜਾਂ ਦੇ ਕਿੰਨੇ ਲਸ਼ਕਰ ਦਿਲ ਅੰਦਰ ਸੰਭਾਲੇ ਵੇਖੇ ।
ਚਾਨਣ ਦੀ ਇਕ ਚਿਣਗ ਲਈ ਖ਼ੁਦ ਤਾਂ ਭਟਕੇ ਹਾਂ ਸਾਰੀ ਉਮਰਾ,
ਉਸਦੇ ਨ੍ਹੇਰੇ ਰਾਹਾਂ ਵਿਚ ਪਰ ਕਿੰਨੇ ਦੀਵੇ ਬਾਲੇ ਵੇਖੇ ।
ਮੈਥੋਂ ਹੁਣ ਪਹਿਚਾਨ ਨਾ ਹੋਵੇ ਅਪਣਾ ਕੌਣ ਬਿਗਾਨਾ ਕਿਹੜਾ ,
ਅੱਜ ਕਲ੍ਹ ਪਹਿਨ ਮਖੌਟੇ ਲੋਕੀ ਫਿਰਦੇ ਆਲ-ਦੁਆਲੇ ਵੇਖੇ ।
'ਕੱਲਿਆਂ ਬਹਿ ਕੇ ਜਦ ਵੀ ਕਿਧਰੇ ਅਪਣੇ ਅੰਦਰ ਝਾਤੀ ਮਾਰੀ ,
ਸੋਚਾਂ ਦੀ ਸੁੰਨਸਾਨ ਹਵੇਲੀ ਅੰਦਰ ਲਟਕੇ ਜਾਲੇ ਵੇਖੇ ।
ਇਸਤੋਂ ਇਹ ਮਤਲਬ ਨਾ ਲੈ ਕਿ ਬਣ ਹੋਇਆ ਸੁਕਰਾਤ ਨਾ ਮੈਥੋਂ ,
ਮੇਰੇ ਹੱਥਾਂ ਵਿੱਚ ਨਹੀ ਤੂੰ ਜੇਕਰ ਜ਼ਹਿਰ -ਪਿਆਲੇ ਵੇਖੇ ।

## ਸੱਜਣਾ

ਖ਼ਾਬਾਂ ਦੇ ਵਿਚ ਰੇਤੇ ਦੇ ਘਰ ਸੱਜਣਾ ਨਿੱਤ ਬਣਾਵਾਂ।
ਆਪਣੇ ਹੱਥੀਂ ਆਪ ਬਣਾ ਕੇ ਆਪੇ ਹੀ ਫਿਰ ਢਾਹਵਾਂ ।
ਕੀ ਦੱਸਾਂ ਹੁਣ ਮਿਲੀਆਂ ਨੇ ਜੋ ਇਸ਼ਕ ਦੀਆਂ ਸੌਗਾਤਾਂ ,
ਜਾਂ ਕੁਝ ਦਿਲ ਦੇ ਦਰਦ ਅਵੱਲੇ ਜਾਂ ਕੁਝ ਠੰਡੀਆਂ ਹਾਅਵਾਂ।
ਸੋਚਾਂ ਵਿੱਚ ਕਦੇ ਚੰਨ ਬਣ ਕੇ ਜਾ ਚਮਕਾਂ ਅਸਮਾਨੀਂ ,
ਫਿਰ ਖਾਬਾਂ ਦੇ ਅੰਬਰ ਉੱਤੋਂ ਤਾਰਾ ਬਣ ਝੜ ਜਾਵਾਂ ।
ਸਾਹ ਮੁੱਕਣ 'ਤੇ ਆਏ ਨੇ ਪਰ ਕਾ਼ਲੀ ਰਾਤ ਨਾ ਮੁੱਕੀ ,
ਸਮਝ ਨਾ ਆਵੇ ਲੱਪ ਚਾਨਣ ਦੀ ਕਿੱਥੋਂ ਮੈਂ ਲੈ ਆਵਾਂ ।
ਮੇਰੀ ਉਮਰ ਦੇ ਪੀਲੇ ਅਰਸ਼ੋਂ ਰੋਜ਼ ਸਿਤਾਰਾ ਟੁੱਟੇ,
ਉਸਦੀ ਲਾਸ਼ ਦਾ ਹਰ ਇਕ ਟੁਕੜਾ ਚੁੱਕ-ਚੁੱਕ ਸੀਨੇ ਲਾਵਾਂ ।
ਗਮ ਦੇ ਪੰਛੀ ਦਾ ਸਿਰਨਾਵਾਂ ਦਿਲ ਕਰ ਜਾਏ ਹਨੇਰਾ,
ਮੈਂ ਆਪਣੇ ਹਿੱਸੇ ਦਾ ਸੂਰਜ ਕਿੱਥੋਂ ਲੱਭ ਲਿਆਵਾਂ ।
ਇਸ਼ਕ ਮੇਰੇ ਦੀ ਟੁੱਟੀ ਟਾਹਣੀ ਦਰਦਾਂ ਦਾ ਘੁਣ ਲੱਗਾ ,
ਸੋਚਾਂ ਮਿੱਟੀ ਬਣਨ ਤੋਂ ਪਹਿਲਾਂ ਖ਼ੁਦ ਕਬਰੀਂ ਪੈ ਜਾਵਾਂ।

## ਹਨੇਰਾ

ਸਾਜ਼ਿਸ਼ਾਂ ਅਕਸਰ ਹਨੇਰਾ ਐਸੀਆਂ ਕਰਦਾ ਰਿਹਾ ।
ਚਾਨਣੀ ਕੋਲੋਂ ਵੀ ਮੇਰਾ ਦਿਲ ਸਦਾ ਡਰਦਾ ਰਿਹਾ ।
ਚੰਨ ਦੀ ਥਾਂ ਜੁਗਨੂੰਆਂ ਦੇ ਨਾਲ ਕਾਲੀ ਰਾਤ ਵਿਚ ,
ਕੀ ਪਤਾ ਤੈਨੂੰ ਕਿ ਮੇਰਾ ਕਿਸ ਤਰ੍ਹਾਂ ਸਰਦਾ ਰਿਹਾ ।
ਸੋਚਿਆ ਸੀ ਤੁਰ ਪਵਾਂ ਪੈਰਾਂ 'ਚ ਭਟਕਣ ਬੰਨ੍ਹ ਕੇ ,
ਮੇਰਿਆਂ ਪੈਰਾਂ 'ਚ ਬੰਧਨ ਪਰ ਸਦਾ ਘਰ ਦਾ ਰਿਹਾ ।
ਗੱਲ ਨਾ ਦਿਲ ਦੀ ਸੁਣੀ ਬਹਿ ਕੇ ਕਦੇ ਵੀ ਸਾਹਮਣੇ ,
ਉਹ ਮੇਰੇ ਜਜ਼ਬਾਤ ਦੀ ਬਸ ਪੈਰਵੀ ਕਰਦਾ ਰਿਹਾ ।
ਭਰਮ ਕਿਧਰੇ ਟੁੱਟ ਨਾ ਜਾਵੇ ਮੇਰਾ, ਇਹ ਸੋਚ ਕੇ ,
ਜ਼ਿਹਨ ਅਪਣੀ ਸੋਚ ਤੇਰੇ ਹਾਣ ਦੀ ਕਰਦਾ ਰਿਹਾ।
ਫੁੱਲਾਂ ਵਰਗੇ ਰਿਸ਼ਤਿਆਂ ਦੀ ਲਾਸ਼ ਉਹ ਢੋਂਦਾ ਸੀ ,ਜੋ ,
ਮਹਿਕਾਂ ਵਰਗੇ ਰਿਸ਼ਤਿਆਂ ਦੇ ਨਾਮ ਸੀ ਧਰਦਾ ਰਿਹਾ ।
ਖੁਸ਼ ਰਿਹਾ ਜੋ ਬਿਰਖ ਰਹਿ ਕੇ ਰੋਹੀ ਅੰਦਰ ਵੀ ਸਦਾ ,
ਉਹ ਕਿਸੇ ਜੰਗਲ 'ਚ ਸ਼ਾਇਦ ਗੁੰਮਣੋਂ ਡਰਦਾ ਰਿਹਾ ।

## ਆਪਣਿਆਂ ਦੀ ਦੁਨੀਆ

ਆਪਣਿਆਂ ਦੀ ਦੁਨੀਆਂ ਦੇ ਵਿਚ ਹੋ ਗਏ ਕੱਲ -ਮੁ-ਕੱਲੇ ਹੁਣ ।
ਯਾਦਾਂ ਦੇ ਸਰਮਾਏ ਬਾਝੋਂ ਹੋਰ ਨਹੀਂ ਕੁਝ ਪੱਲੇ ਹੁਣ ।
ਗਹਿਰ ਜਿਹੀ ਹੈ ਦਿਸਹੱਦੇ ਤੱਕ ਧੁੰਦਲਾ ਜਾਪੇ ਚੌਗਿਰਦਾ ,
ਹੰਝੂਆਂ ਦੀ ਬਾਰਿਸ਼ ਮਗਰੋਂ ਵੀ ਧੂੜ ਨਾ ਬੈਠੇ ਥੱਲੇ ਹੁਣ ।
ਜੁਗਨੂੰ ,ਚੰਨ ,ਸਿਤਾਰੇ ਰੁੱਸੇ ਸਾਥ ਨਾ ਦਿੰਦਾ ਕੋਈ ਵੀ ,
ਮੰਜ਼ਿਲ ਦੇ ਵੱਲ ਜਾਂਦੇ ਸਾਰੇ ਰਾਹ ਨ੍ਹੇਰੇ ਨੇ ਮੱਲੇ ਹੁਣ ।
ਘੁ਼ਲ ਕੇ ਸਾਰੇ ਦਰਦ ਪੁਰਾਣੇ ਅੱਥਰੂਆਂ ਦੀ ਜੂਨ ਪਏ,
ਜਦ ਨੈਣਾਂ ਵਿਚ ਆਉਂਦੇ ਨੇ ਤਾਂ ਫਿਰ ਨਾ ਜਾਂਦੇ ਠੱਲ੍ਹੇ ਹੁਣ ।
ਇਕ ਬੇਵੱਸ ਤੇ ਤਲਖ਼ ਸਮੁੰਦਰ ਰੂਹ ਦੇ ਅੰਦਰ ਤੜਪ ਰਿਹਾ,
ਗ਼ਮ, ਪੀੜਾਂ ਤੇ ਤਨਹਾਈਆਂ ਨੇ ਸਾਰੇ ਪੱਤਣ ਮੱਲੇ ਹੁਣ ।
ਧੁਰ ਅੰਦਰ ਤੱਕ ਦਿਲ ਸੜਦਾ ਹੈ ਉਸਦੇ ਤਪਦੇ ਬੋਲਾਂ ਨਾਲ ,
ਉਸਨੂੰ ਕਹਿਣਾ ਕਣੀਆਂ ਵਰਗੇ ਇਕ ਦੋ ਅੱਖ਼ਰ ਘੱਲੇ ਹੁਣ ।
ਸਾਹ ਰਗ਼ ਤੋਂ ਵੀ ਨੇੜੇ ਹੈਂ ਤੂੰ ਏਦਾਂ ਵੀ ਨਾ ਮੂੰਹ ਮੋੜੀਂ ,
ਇਕ ਪਲ ਦਾ ਵੀ ਰੋਸਾ ਤੇਰਾ ਜਿੰਦ ਮੇਰੀ ਨਾ ਝੱਲੇ ਹੁਣ ।

## ਡਰ ਦੀ ਐਨਕ

ਸੋਚ ਦੀਆਂ ਅੱਖਾਂ 'ਤੋਂ ਡਰ ਦੀ ਐਨਕ ਅੱਜ ਉਤਾਰ ਕੇ ਦੇਖ ।
ਅੰਬਰ ਏਨਾ ਦੂਰ ਨਹੀਂ ਤੂੰ ਆਪਣੇ ਖੰਭ ਸੰਵਾਰ ਕੇ ਦੇਖ ।

ਬੀਤੇ ਵੇਲੇ ਨਾਲ ਸਦਾ ਹੀ ਕਿਉਂ ਕਰਦਾ ਤਕਰਾਰ ਰਹੇਂ,
ਇਕ ਛਿਣ ਅਪਣੇ ਅੱਜ ਨੂੰ ਵੀ ਤੂੰ ਅਪਣੇ ਕੋਲ ਖਲ੍ਹਾਰ ਕੇ ਦੇਖ।

ਡੁੱਬ ਨਾ ਜਾਵੇ ਅੱਥਰੂਆਂ ਵਿਚ ਤਾਰੂ ਇਹ ਦਰਿਆਵਾਂ ਦਾ ,
ਦਿਲ ਖ਼ਾਤਰ ਵੀ ਇਕ-ਅੱਧ ਸੁਫ਼ਨਾ ਨੈਣਾਂ ਵਿਚ ਸ਼ਿੰਗਾਰ ਕੇ ਦੇਖ ।

ਅਕਸਰ ਹੀ ਬੌਣੇ ਹੁੰਦੇ ਨੇ ਉੱਚੇ ਸ਼ਮਲੇ ਵਾਲੇ ਲੋਕ ,
ਅਪਣੇ ਅਨੁਭਵ ਨਾਲ ਕਦੇ ਤੂੰ ਇਹ ਵੀ ਸੱਚ ਨਿਤਾਰ ਕੇ ਦੇਖ ।

ਦੁਨੀਆਂ ਨੂੰ ਜਿੱਤਣ ਦੀ ਹਸਰਤ ਕਰਦੀ ਬੇਆਰਾਮ ਬੜਾ ,
ਰੂਹ ਦੇ ਚੈਨ-ਸਕੂਨ ਲਈ ਤੂੰ ਅਪਣਾ ਆਪਾ ਹਾਰ ਕੇ ਦੇਖ ।

ਉਸਦੇ ਦਿਲ 'ਚੋਂ ਹਿਜਰਤ ਕਰ ਕੇ ਜਿੰਦਾਂ ਯਾਦ ਗਈ ਤੇਰੀ,
ਤੂੰ ਵੀ ਅਪਣੇ ਦਿਲ 'ਚੋਂ ਇਕ ਪਲ ਉਸਦੀ ਯਾਦ ਵਿਸਾਰ ਕੇ ਦੇਖ ।



# ਇਹਨਾਂ ਅਭਿਨੇਤਰੀਆਂ ਦੇ ਲਾਈਫ ਪਾਰਟਨਰ ਹਨ ਦੂਜੇ ਧਰਮ ਦੇ



**ਬਾਲੀਵੁੱਡ ਵਿਚ ਅਜਿਹੀਆਂ ਕਈ ਅਭਿਨੇਤਰੀਆਂ ਹਨ, ਜਿਹਨਾਂ ਦੇ ਲਾਈਫ ਪਾਰਟਨਰ ਅਲੱਗ ਧਰਮ ਦੇ ਹਨ। ਇਹਨਾਂ ਵਿਚ ਪ੍ਰਿਟੀ ਜਿੰਟਾ, ਉਰਮਿਲਾ ਮਾਂਤੋਂਡਕਰ ਤੋਂ ਲੈ ਕੇ ਕਰੀਨਾ ਅਤੇ ਅਸਿਨ ਵਰਗੀਆਂ ਕਈ ਅਭਿਨੇਤਰੀਆਂ ਦੇ ਨਾਂ ਹਨ। 42 ਸਾਲ ਦੀ ਪ੍ਰਿਟੀ ਜਿੰਟਾ ਨੇ ਅਮਰੀਕਨ ਸਿਟੀਜਨ ਜੀਨ ਗੁਡਇਨਫ ਨਾਲ ਵਿਆਹ ਕੀਤਾ ਹੈ। ਇਹ ਵਿਆਹ 29 ਫਰਵਰੀ, 2016 ਨੂੰ ਲਾਸ ਏਂਜਲਸ ਵਿਚ ਪ੍ਰਾਈਵੇਟ ਸੈਰੇਮਨੀ ਵਿਚ ਹੋਇਆ। ਜੀਨ ਲਾਸ ਏਂਜਲਸ ਵਿਚ ਰਹਿੰਦਾ ਹੈ ਅਤੇ ਫਾਈਨੈਂਸ਼ੀਅਲ ਐਨਾਲਿਸਟ ਹੈ। ਉਥੇ ਹੀ ਮਹਾਂਰਾਸ਼ਟਰੀਅਨ ਪਰਿਵਾਰ ਵਿਚ ਜੰਮੀ ਉਰਮਿਲਾ ਨੇ 9 ਸਾਲ ਛੋਟੇ ਕਸ਼ਮੀਰੀ ਮੁਸਲਿਮ ਅਤੇ ਬਿਜਨਸਮੈਨ ਮੋਹਸਿਨ ਅਖਤਰ ਗੀਰ ਨਾਲ 3 ਮਾਰਚ 2016 ਨੂੰ ਵਿਆਹ ਕੀਤਾ।**



**ਨਰਗਿਸ (ਫਾਤਿਮਾ ਰਾਸ਼ਿਦ)**
**ਪਤੀ- ਸੁਨੀਲ ਦੱਤ**

ਮੁਸਲਿਮ ਪਰਿਵਾਰ ਵਿਚ ਜੰਮੀ ਨਰਗਿਸ ਨੇ 1958 ਵਿਚ ਹਿੰਦੂ ਐਕਟਰ ਸੁਨੀਲ ਦੱਤ ਨੂੰ ਆਪਣਾ ਜੀਵਨ ਸਾਥੀ ਬਣਾਇਆ। ਦੋਵਾਂ ਦਾ ਅਫੇਅਰ 1957 ਦੀ ਸੁਪਰਹਿਟ ਫਿਲਮ 'ਮਦਰ ਇੰਡੀਆ' ਦੇ ਸੈਟ ਤੇ ਆਰੰਭ ਹੋਇਆ ਸੀ। ਦਿਲਚਸਪ ਗੱਲ ਇਹ ਹੈ ਕਿ ਇਸ ਫਿਲਮ ਵਿਚ ਨਰਗਿਸ ਨੇ ਸੁਨੀਲ ਦੀ ਮਾਂ ਦਾ ਕਿਰਦਾਰ ਨਿਭਾਇਆ ਸੀ। ਇਹਨਾਂ ਦੇ ਤਿੰਨ ਬੱਚੇ ਹਨ। ਬੇਟਾ ਸੰਜੇ ਦੱਤ ਅਤੇ ਦੋ ਲੜਕੀਆਂ ਪ੍ਰਿਆ ਅਤੇ ਨਮਰਤਾ।



**ਜੇਨੇਲੀਆ ਡਿਸੂਜਾ**
**ਪਤੀ-ਰਿਤੇਸ਼ ਦੇਸ਼ਮੁਖ**

ਜੇਨੇਲੀਆ ਡਿਸੂਜਾ ਦਾ ਜਨਮ ਮੁੰਬਈ ਬੇਸਡ ਕ੍ਰਿਸਚੀਅਨ ਪਰਿਵਾਰ ਵਿਚ ਹੋਇਆ ਸੀ। ਸਾਲ 2012 ਵਿਚ ਉਹਨਾਂ ਨੇ ਰਿਤੇਸ਼ ਦੇਸ਼ਮੁਖ ਨਾਲ ਵਿਆਹ ਕੀਤਾ, ਜੋ ਹਿੰਦੂ ਹੈ। ਇਹਨਾਂ ਦੇ ਦੋ ਬੱਚੇ ਰਿਆਨ ਅਤੇ ਰਾਹਿਲ ਹਨ।



**ਸ਼ਰਮੀਲਾ ਟੈਗੋਰ**
**ਪਤੀ- ਮੰਸੂਰ ਅਲੀ ਖਾਨ ਪਟੌਦੀ**

60 ਅਤੇ 70 ਦੇ ਦਹਾਕੇ ਦੀ ਪ੍ਰਸਿੱਧ ਅਭਿਨੇਤਰੀ ਸ਼ਰ-ਮੀਲਾ ਟੈਗੋਰ ਨੇ 1967 ਵਿਚ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮੰਸੂਰ ਅਲੀ ਖਾਨ ਪਟੌਦੀ ਨਾਲ ਵਿਆਹ ਕੀਤਾ। ਮੰਸੂਰ ਨੂੰ ਪਟੌਦੀ ਦੇ ਨਵਾਬ ਦੇ ਰੂਪ ਵਿਚ ਵੀ ਜਾਣਿਆ ਜਾਂਦਾ ਹੈ। ਇਹਨਾਂ ਦਾ ਇਕ ਲੜਕੀ ਸੈਫ ਅਲੀ ਖਾਨ ਅਤੇ ਦੋ ਲੜਕੀਆਂ ਸਬਾ ਅਤੇ ਸੋਹਾ ਅਲੀ ਖਾਨ ਹਨ।



**ਅਸਿਨ**
**ਪਤੀ- ਰਾਹੁਲ ਸ਼ਰਮਾ**

ਕੈਥੋਲਿਕ ਅਸਿਨ ਨੇ 19 ਜਨਵਰੀ 2016 ਨੂੰ ਰਾਹੁਲ ਸ਼ਰਮਾ ਨਾਲ ਵਿਆਹ ਕੀਤਾ ਸੀ। ਇਹ ਵਿਆਹ ਪਹਿਲਾਂ ਕੈਥੋਲਿਕ ਰਸਮ-ਰਿਵਾਜ ਨਾਲ ਆਰੰਭ ਹੋਇਆ ਸੀ ਅਤੇ ਫਿਰ ਹਿੰਦੂ ਰੀਤੀ-ਰਿਵਾਜਾਂ ਦੇ ਨਾਲ। ਰਾਹੁਲ ਸ਼ਰਮਾ ਮਾਈਕ੍ਰੋਮੈਕਸ ਕੰਪਨੀ ਦੇ ਕੋ-ਫਾਊਂਡਰ ਹਨ।



**ਅਮ੍ਰਿਤਾ ਸਿੰਘ**
**ਪਤੀ- ਸੈਫ ਅਲੀ ਖਾਨ**

ਅਮ੍ਰਿਤਾ ਸਿੰਘ ਦਾ ਜਨਮ ਸਿੱਖ ਪਰਿਵਾਰ ਵਿਚ ਹੋਇਆ, ਪਰ 1991 ਵਿਚ ਉਹਨਾਂ ਨੇ ਸੈਫ ਅਲੀ ਖਾਨ ਨਾਲ ਵਿਆਹ ਕਰ ਲਿਆ ਸੀ। 2004 ਵਿਚ ਤਲਾਕ ਲੈ ਚੁੱਕੀ ਇਸ ਜੋੜੀ ਦੀ ਖਾਸ ਗੱਲ ਇਹ ਹੈ ਕਿ ਸੈਫ ਉਮਰ ਵਿਚ ਅਮ੍ਰਿਤਾ ਤੋਂ ਕਰੀਬ 12 ਸਾਲ ਛੋਟਾ ਹੈ। ਅੰਮ੍ਰਿਤਾ ਅਤੇ ਸੈਫ ਦੀ ਇਕ ਲੜਕੀ ਸਾਰਾ ਅਲੀ ਅਤੇ ਬੇਟਾ ਇਬਰਾਹੀਮ ਅਲੀ ਖਾਨ ਹੈ।



**ਆਇਸ਼ਾ ਟਾਕੀਆ**
**ਪਤੀ- ਫਰਹਾਨ ਆਜਮੀ**

ਆਇਸ਼ਾ ਟਾਕੀਆ ਦਾ ਜਨਮ ਇਕ ਗੁਜਰਾਤੀ ਹਿੰਦੂ ਪਰਿਵਾਰ ਵਿਚ ਹੋਇਆ ਸੀ। ਹਾਲਾਂਕਿ ਹੁਣ ਉਹ ਮੁਸਲਿਮ ਸਿਆਸਤਦਾਨ ਅਬੂ ਆਜ਼ਮੀ ਦੀ ਨੂੰਹ ਹੈ। 2009 ਵਿਚ ਉਹਨਾਂ ਨੇ ਅਬੂ ਦੇ ਲੜਕੇ ਫਰਹਾਨ ਆਜ਼ਮੀ ਨਾਲ ਵਿਆਹ ਕਰ ਲਿਆ। ਇਹਨਾਂ ਦਾ ਇਕ ਬੱਚਾ ਮਿਖਾਇਲ ਵੀ ਹੈ।



**ਕਰੀਨਾ ਕਪੂਰ**
**ਪਤੀ- ਸੈਫ ਅਲੀ ਖਾਨ**

ਕਰੀਨਾ ਕਪੂਰ ਨੇ ਸਾਲ 2012 ਵਿਚ ਸੈਫ ਅਲੀ ਖਾਨ ਨਾਲ ਵਿਆਹ ਕੀਤਾ ਹੈ। ਵਿਆਹ ਤੋਂ ਪਹਿਲਾਂ ਕਰੀਨਾ 5 ਸਾਲ ਤੱਕ ਸੈਫ ਦੇ ਨਾਲ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿ ਚੁੱਕੀ ਹੈ। ਕਰੀਨਾ ਸੈਫ ਤੋਂ ਕਰੀਬ 10 ਸਾਲ ਛੋਟੀ ਹੈ। ਉਹਨਾ ਦਾ ਇਕ ਲੜਕਾ ਤੈਮੂਰ ਅਲੀ ਖਾਨ ਹੈ।



**ਮਿਨੀ ਮਾਥੁਰ**
**ਪਤੀ- ਕਬੀਰ ਖਾਨ**

ਮੁੰਬਈ ਵਿਚ ਇਕ ਹਿੰਦੂ ਪਰਿਵਾਰ ਵਿਚ ਜਨਮੀ ਟੀ. ਵੀ. ਅਭਿਨੇਤਰੀ ਅਤੇ ਹੋਸਟ ਮਿਨੀ ਮਾਥੁਰ ਨੇ 'ਬਜਰੰਗੀ ਭਾਈਜਾਨ' ਅਤੇ 'ਫੈਂਟਮ' ਵਰਗੀਆਂ ਫਿਲਮਾਂ ਦੇ ਡਾਇਰੈਕਟਰ ਕਬੀਰ ਖਾਨ ਨਾਲ ਵਿਆਹ ਕੀਤਾ ਹੈ। ਇਹਨਾਂ ਦੇ ਦੋ ਬੱਚੇ ਹਨ, ਬੇਟਾ ਵਿਵਾਨ ਅਤੇ ਬੇਟੀ ਸਾਇਰਾ।

# ਮੈਨੂੰ ਇਹ ਸਭ ਕੁਝ ਅਕਾਲਪਨਿਕ ਲੱਗਦਾ ਹੈ- ਪ੍ਰਿਅੰਕਾ ਚੋਪੜਾ

ਪ੍ਰਿਅੰਕਾ ਚੋਪੜਾ ਨੇ ਆਪਣੇ ਕਰੀਅਰ ਵਿੱਚ ਜੋ ਮੁਕਾਮ ਹਾਸਲ ਕੀਤਾ ਹੈ, ਉਹ ਘੱਟ ਹੀ ਅਭਿਨੇਤਰੀਆਂ ਨੂੰ ਨਸੀਬ ਹੁੰਦਾ ਹੈ। ਹਾਲਾਂਕਿ ਪ੍ਰਿਅੰਕਾ ਦੀ ਬੌਲੀਵੁੱਡ ਵਿੱਚ ਬਤੌਰ ਅਭਿਨੇਤਰੀ ਬੇਹੱਦ ਔਸਤ ਸ਼ੁਰੂਆਤ ਹੋਈ ਸੀ। ਉਸ ਨੂੰ ਦੇਖ ਕੇ ਕੋਈ ਨਹੀਂ ਕਹਿੰਦਾ ਸੀ ਕਿ ਇਹ ਅਭਿਨੇਤਰੀ ਇੱਕ ਦਿਨ ਬੌਲੀਵੁੱਡ ਹੀ ਨਹੀਂ, ਹੌਲੀਵੁੱਡ ਵਿੱਚ ਵੀ ਆਪਣੀ ਕਾਮਯਾਬੀ ਦੇ ਝੰਡੇ ਗੱਡ ਦੇਏਗੀ, ਪਰ ਬੀਤੇ ਦਿਨਾਂ ਵਿੱਚ ਪ੍ਰਿਅੰਕਾ ਨੇ ਆਪਣੇ ਅਮਰੀਕੀ ਟੀਵੀ ਸ਼ੋਅ 'ਕਵਾਂਟਿਕੋ' ਲਈ ਬਿਹਤਰੀਨ ਅਭਿਨੇਤਰੀ ਦਾ 'ਪੀਪਲਜ਼ ਚੁਆਇਸ' ਐਵਾਰਡ ਜਿੱਤ ਕੇ ਇਤਿਹਾਸ ਰਚ ਦਿੱਤਾ। ਉਹ ਪਹਿਲੀ ਭਾਰਤੀ ਅਭਿਨੇਤਰੀ ਹੈ ਜਿਸ ਨੇ ਅੰਤਰਰਾਸ਼ਟਰੀ ਖ਼ਿਤਾਬ ਨੂੰ ਆਪਣੇ ਨਾਮ ਕੀਤਾ ਹੈ।

ਮਸ਼ਹੂਰ ਅੰਤਰਰਾਸ਼ਟਰੀ ਟੀਵੀ ਸ਼ੋਅ 'ਬੇਵਾਚ' ਵਿੱਚ ਵੀ ਉਹ ਆਪਣੇ ਜਲਵੇ ਦਿਖਾ ਰਹੀ ਹੈ। ਹਾਲ ਹੀ ਵਿੱਚ ਉਸ ਦੇ ਪ੍ਰੋਡਕਸ਼ਨ ਹਾਊਸ ਦੀ ਮਰਾਠੀ ਫ਼ਿਲਮ 'ਵੈਂਟੀਲੇਟਰ' ਨੂੰ ਵੀ ਇਕੱਠੇ ਤਿੰਨ ਰਾਸ਼ਟਰੀ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਅੰਸ਼:

**ਤੁਸੀਂ ਕਾਮਯਾਬੀ ਦੇ ਇਸ ਮੋੜ 'ਤੇ ਆ ਕੇ ਜਦੋਂ ਪਿੱਛੇ ਮੁੜਕੇ ਦੇਖਦੇ ਹੋ ਤਾਂ ਤੁਹਾਨੂੰ ਕਿਵੇਂ ਲੱਗਦਾ ਹੈ?**

-ਸੱਚ ਕਹਾਂ, ਤਾਂ ਮੈਨੂੰ ਇਹ ਸਭ ਕੁਝ ਅਕਾਲਪਨਿਕ ਲੱਗਦਾ ਹੈ। ਮੈਂ ਇੰਨੀ ਸੁੰਦਰ ਵੀ ਨਹੀਂ ਹਾਂ ਕਿ 'ਮਿਸ ਇੰਡੀਆ' ਵਰਗਾ ਮੁਕਾਬਲਾ ਜਿੱਤ ਸਕਦੀ, ਪਰ ਕਿਸਮਤ ਦੀ ਮਿਹਰਬਾਨੀ ਦੇਖੋ ਕਿ ਮੈਂ 'ਮਿਸ ਵਰਲਡ' ਤਕ ਬਣ ਗਈ। ਉਸ ਤੋਂ ਬਾਅਦ ਬੌਲੀਵੁੱਡ ਦਾ ਸਫ਼ਰ ਸ਼ੁਰੂ ਹੋਇਆ ਤਾਂ ਹੌਲੀਵੁੱਡ ਤਕ ਜਾ ਪਹੁੰਚੀ।



**ਕੀ ਇਹ ਮੰਨ ਲਿਆ ਜਾਵੇ ਕਿ ਹੌਲੀਵੁੱਡ ਵਿੱਚ ਤੁਸੀਂ ਆਪਣਾ ਅਲੱਗ ਪ੍ਰਸ਼ੰਸਕ ਵਰਗ ਤਿਆਰ ਕਰ ਲਿਆ ਹੈ?**

ਮੈਂ ਇਸ ਦਾ ਦਾਅਵਾ ਨਹੀਂ ਕਰਦੀ ਕਿ ਮੈਂ ਹੌਲੀਵੁੱਡ ਵਿੱਚ ਆਪਣਾ ਪ੍ਰਸ਼ੰਸਕ ਵਰਗ ਤਿਆਰ ਕੀਤਾ ਹੈ, ਪਰ ਇਹ ਅਦਭੁੱਤ ਹੈ ਕਿ ਪ੍ਰਸ਼ੰਸਕ ਭਾਰਤੀ ਸਿਨਮਾ ਅਤੇ ਉਸ ਦੇ ਕਲਾਕਾਰਾਂ ਨੂੰ ਕਿੰਨਾ ਪਸੰਦ ਕਰਦੇ ਹਨ। ਕਿਸੇ ਨੂੰ ਆਪਣੇ ਕੰਮ ਦੀ ਤਾਰੀਫ਼ ਕਰਦੇ ਦੇਖਣਾ ਅਤੇ ਆਪਣੇ ਨਾਲ ਪਿਆਰ ਕਰਦੇ ਦੇਖਣਾ ਬੇਹੱਦ ਸੰਤੋਖਜਨਕ ਹੁੰਦਾ ਹੈ। ਮੈਨੂੰ ਜਿਵੇਂ ਪਿਆਰ ਅਤੇ ਅਪਣਾਪਨ ਮਿਲਦਾ ਹੈ ਤਾਂ ਇਸ ਤੋਂ ਮੈਨੂੰ ਮਜ਼ਬੂਤੀ ਅਤੇ ਹੌਲਾਸ਼ੇਰੀ ਮਿਲਦੀ ਹੈ।

**ਕੀ ਤੁਹਾਨੂੰ ਲੱਗਦਾ ਸੀ ਕਿ ਇੱਕ ਦਿਨ ਤੁਸੀਂ ਹੌਲੀਵੁੱਡ ਵਿੱਚ ਵੀ ਆਪਣੀ ਕਾਮਯਾਬੀ ਦੇ ਝੰਡੇ ਗੱਡ ਦਿਓਗੇ?**

ਅਜਿਹਾ ਤਾਂ ਨਹੀਂ ਸੋਚਿਆ, ਪਰ ਮੈਂ ਸ਼ੁਰੂ ਤੋਂ ਹੀ ਇੱਕ ਦਾਇਰੇ ਵਿੱਚ ਹੀ ਸੀਮਤ ਨਹੀਂ ਰਹਿਣਾ ਚਾਹੁੰਦੀ ਸੀ। ਇਸ ਦੇ ਬਾਵਜੂਦ ਵੀ ਮੈਂ ਕੋਈ ਅਜਿਹਾ ਸ਼ੋਅ ਨਹੀਂ ਕਰਨਾ ਚਾਹੁੰਦੀ ਜਿਸ ਵਿੱਚ ਮੈਨੂੰ ਆਪਣੀ ਪ੍ਰਤਿਭਾ ਦਿਖ-ਾਉਣ ਦਾ ਮੌਕਾ ਨਾ ਮਿਲੇ। ਮੈਂ ਭਾਰਤ ਦੀ ਇੱਕ ਮੋਹਰੀ ਅਭਿਨੇਤਰੀ ਹਾਂ, ਇਸ ਲਈ ਮੈਂ ਚਾਹੁੰਦੀ ਹਾਂ ਕਿ ਮੈਂ ਜਿੱਥੇ ਵੀ ਕੰਮ ਕਰਾਂ, ਉੱਥੇ ਇਹ ਸਭ ਝਲਕੇ।

**ਤੁਸੀਂ ਹੌਲੀਵੁੱਡ ਅਤੇ ਬੌਲੀਵੁੱਡ ਵਿੱਚ ਦੋਨੋਂ ਜਗ੍ਹਾ 'ਤੇ ਸੰਤੁਲਨ ਕਿਵੇਂ ਬਿਠਾਉਂਦੇ ਹੋ?**

ਮੇਰੇ ਕੋਲ ਬਹੁਤ ਵਧੀਆ ਟੀਮ ਹੈ ਜੋ ਦੋ ਮਹਾਂਦੀਪਾਂ ਵਿੱਚ ਫੈਲੇ ਕੰਮ ਨੂੰ ਸੰਭਾਲਦੀ ਹੈ ਅਤੇ ਮੈਂ ਕਿਸੇ ਨੂੰ ਨਾਰਾਜ਼ ਨਹੀਂ ਕਰਦੀ, ਪਰ ਖ਼ੁਦ ਇਹ ਸੁਨਿਸ਼ਚਤ ਕਰਦੀ ਹਾਂ ਕਿ ਮੈਨੂੰ ਜੋ ਵੀ ਮੌਕਾ ਮਿਲੇ, ਉਸ 'ਤੇ ਪੂਰਾ ਤਨ ਮਨ ਲਗਾ ਦੇਵਾਂ। ਇਸ ਲਈ ਮੇਰੇ ਕੰਮ ਦਾ ਸਿਹਰਾ ਸਿਰਫ਼ ਮੈਨੂੰ ਹੀ ਜਾਂਦਾ ਹੈ ਕਿਸੇ ਹੋਰ ਨੂੰ ਨਹੀਂ।

**ਤੁਸੀਂ ਤਣਾਅ ਨੂੰ ਦੂਰ ਕਰਨ ਲਈ ਕੀ ਉਪਾਅ ਅਪਣਾਉਂਦੇ ਹੋ?**

ਦੇਖੋ, ਸਾਡੇ ਵਿੱਚ ਹਰੇਕ ਦੇ ਜੀਵਨ ਵਿੱਚ ਕੁਝ ਅਜਿਹੇ ਪਹਿਲੂ ਹੁੰਦੇ ਹਨ ਜੋ ਸਾਨੂੰ ਬੇਹੱਦ ਖ਼ੁਸ਼ੀ ਦਿੰਦੇ ਹਨ। ਮੇਰੇ ਮਾਮਲੇ ਵਿੱਚ ਮੇਰਾ ਪਰਿਵਾਰ ਹੈ, ਉਹ ਮੇਰੇ ਲਈ ਸਭ ਕੁਝ ਹੈ। ਮੈਂ ਚੰਗਾ ਸੰਗੀਤ ਸੁਣਦੀ ਹਾਂ ਅਤੇ ਜਦੋਂ ਬਹੁਤ ਜ਼ਿਆਦਾ ਕੰਮ ਕਾਰਨ ਤਣਾਅ ਵਿੱਚ ਹੁੰਦੀ ਹਾਂ ਤਾਂ ਮੈਂ ਕੁਝ ਚੰਗਾ ਸੋਚਦੀ ਹਾਂ ਜਾਂ ਫਿਰ ਲੰਬੇ ਸਫ਼ਰ 'ਤੇ ਚਲੀ ਜਾਂਦੀ ਹਾਂ ਜਾਂ ਫਿਰ ਸੌਂ ਜਾਂਦੀ ਹਾਂ। ਛੁੱਟੀ ਦੇ ਦਿਨ ਘਰ 'ਤੇ ਰਹਿਣਾ ਅਤੇ ਕੋਈ ਚੰਗੀ ਫ਼ਿਲਮ ਦੇਖਣਾ ਮੈਨੂੰ ਉਸ ਤਰ੍ਹਾਂ ਦੀ ਹੀ ਖ਼ੁਸ਼ੀ ਦਾ ਅਹਿਸਾਸ ਕਰਾਉਂਦਾ ਹੈ ਜਿਵੇਂ ਦਾ ਚੌਵੀ ਸੌ ਘੰਟੇ ਸ਼ੂਟਿੰਗ ਕਰਨ ਦਾ ਹੁੰਦਾ ਹੈ।

# ਲਖ ਖੁਸੀਆ ਪਾਤਿਸਾਹੀਆ ਜੇ ਸਤਗੁਰ ਨਦਰਿ ਕਰੇਇ।।

ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੇ ਫਾਊਂਡਰ ਰਛਪਾਲ ਫਰਵਾਲਾ ਅਤੇ ਉਹਨਾਂ ਦੀ ਸੁਪਤਨੀ ਮਨਦੀਪ ਫਰਵਾਲਾ ਸਮੂਹ ਪਰਿਵਾਰ ਵੱਲੋਂ ਪੋਤਰੇ ਜਗਵੀਰ ਸਿੰਘ ਸੰਘੇੜਾ (ਸਪੁੱਤਰ ਵਰਿੰਦਰ ਸੰਘੇੜਾ ਅਤੇ ਜਸਮੀਨ ਸੰਘੇੜਾ) ਦਾ ਪਹਿਲਾ ਜਨਮ ਦਿਨ ਵਾਈਟ ਲੋਟਸ ਸੈਕਰਾਮੈਂਟੋ ਵਿਖੇ 19 ਅਗਸਤ ਨੂੰ ਮਨਾਇਆ ਗਿਆ। ਇਸ ਸ਼ੁਭ ਮੌਕੇ ਨਾਮਵਰ ਸ਼ਖਸੀਅਤਾਂ ਨੇ ਪਰਿਵਾਰਾਂ ਨਾਲ ਸ਼ਿਰਕਤ ਕਰਕੇ ਫਰਵਾਲਾ ਪਰਿਵਾਰ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਲਈਆਂ ਯਾਦਗਾਰੀ ਤਸਵੀਰਾਂ:






ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)














# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust